@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 23 May 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 23 ਮਈ 2026, 9 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 198, qpatrika@gmail.com ਫੋਨ : 9971359517 www.qaumipatrika.org

## ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਕਾਰਨ ਦੇਸ਼ ਦੀ ਆਰਥਿਕਤਾ ਸੰਕਟ 'ਚ : ਜੈਰਾਮ ਰਮੇਸ਼

ਨਵੀਂ ਦਿੱਲੀ 22 ਮਈ। ਭਾਰਤੀ ਰਾਸ਼ਟਰੀ ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਜੈਰਾਮ ਰਮੇਸ਼ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਭਾਰਤੀ ਆਰਥਿਕਤਾ ਬਾਰੇ ਮਾਹੌਲ ਬਹੁਤ ਨਕਾਰਾਤਮਕ ਹੋ ਚੁੱਕਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਸਰਕਾਰ ਦੇ ਆਪਣੇ ਪੇਸ਼ੇਵਰ ਸਮਰਥਕ ਵੀ ਜਨਤਕ ਤੌਰ 'ਤੇ ਚਿੰਤਾਵਾਂ ਜ਼ਾਹਰ ਕਰਨ ਲੱਗੇ ਹਨ। ਰਮੇਸ਼ ਅਨੁਸਾਰ, ਦੇਸ਼ ਵਿੱਚ ਮਹਿੰਗਾਈ ਤੇਜ਼ੀ ਨਾਲ ਵਧ ਰਹੀ ਹੈ, ਜਦੋਂ ਕਿ ਵਿਕਾਸ ਦਰ ਦੇ ਅਨੁਮਾਨ ਲਗਾਤਾਰ ਘਟ ਰਹੇ ਹਨ। ਕਾਂਗਰਸ ਆਗੂ ਨੇ ਨਿੱਜੀ ਨਿਵੇਸ਼ ਦੀ ਘਟਦੀ ਦਰ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਇਸ ਦੇ ਮੁੱਖ ਕਾਰਨਾਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਅਸਲ ਮਜ਼ਦੂਰੀ ਵਿੱਚ ਖੜੋਤ ਕਾਰਨ ਉਪਭੋਗਤਾਵਾਂ ਦੀ ਮੰਗ ਘਟੀ ਹੈ, ਜਿਸ ਕਾਰਨ ਭਾਰਤੀ ਉਦਯੋਗ ਜਗਤ ਕੋਲ ਨਿਵੇਸ਼ ਕਰਨ ਦਾ ਕੋਈ ਉਤਸ਼ਾਹ ਨਹੀਂ ਬਚਿਆ।



ਨੀਤੀਆਂ ਵਿੱਚ ਵਾਰ-ਵਾਰ ਬਦਲਾਅ, ਟੈਕਸ ਨੋਟਿਸਾਂ ਅਤੇ ਜਾਂਚ ਏਜੰਸੀਆਂ ਦੀਆਂ ਛਾਪੇਮਾਰੀ ਦੀਆਂ ਧਮਕੀਆਂ ਨੇ ਨਿਵੇਸ਼ਕਾਂ ਵਿੱਚ ਬੇਭਰੋਸਗੀ ਦਾ ਮਾਹੌਲ ਬਣਾ ਦਿੱਤਾ ਹੈ। ਚੀਨ ਤੋਂ ਹੋ ਰਹੀ ਬੇਲੋੜੀ ਉਦਯੋਗਿਕ 'ਡੰਪਿੰਗ' ਨੇ ਦੇਸ਼ ਦੇ ਨਿਰਮਾਣ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਰਮੇਸ਼ ਨੇ ਦੋਸ਼ ਲਾਇਆ ਕਿ ਸਰਕਾਰ ਦੀ ਮਦਦ ਨਾਲ ਪ੍ਰਧਾਨ ਮੰਤਰੀ ਦੇ ਕਰੀਬੀ ਮਿੱਤਰਾਂ ਦਾ ਮਾਲਕੀ 'ਤੇ ਗਲਬਾ ਵਧ ਰਿਹਾ ਹੈ, ਜਿਸ ਨੂੰ ਉਨ੍ਹਾਂ ਨੇ 'ਮੋਦਾਨੀ' ਦਾ ਨਾਂ ਦਿੱਤਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਕਾਰਪੋਰੇਟ ਜਗਤ ਲਈ ਆਜ਼ਾਦ ਤੌਰ 'ਤੇ ਨਿਵੇਸ਼ ਕਰਨ ਦਾ ਜੋਖਮ ਉਠਾਉਣ ਦੀ ਬਜਾਏ ਮੋਦੀ ਸਰਕਾਰ ਦੇ 'ਚੰਦਾ ਦਿਓ, ਧੰਦਾ ਲਓ' ਕਾਊਂਟਰ ਰਾਹੀਂ ਮੁਨਾਫਾ ਕਮਾਉਣਾ ਸੌਖਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਟ ਟੈਕਸ ਘੱਟ ਹੋਣ ਅਤੇ ਮੁਨਾਫਾ ਰਿਕਾਰਡ ਪੱਧਰ 'ਤੇ ਹੋਣ ਦੇ ਬਾਵਜੂਦ, ਨਿਵੇਸ਼ਕ ਭਾਰਤ ਦੀ ਬਜਾਏ ਵਿਦੇਸ਼ਾਂ ਵੱਲ ਜਾ ਰਹੇ ਹਨ। ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਿਰਫ 'ਟੋਫੀਆਂ' ਵੰਡਣ ਅਤੇ ਜਨਤਾ ਨੂੰ ਨੈਤਿਕ ਅਪੀਲਾਂ ਕਰਨ ਵਿੱਚ ਰੁੱਝੇ ਹੋਏ ਹਨ, ਜਦੋਂ ਕਿ ਦੇਸ਼ ਦੀ ਆਰਥਿਕ ਹਾਲਤ ਵਿਗੜ ਰਹੀ ਹੈ।

## ਪ੍ਰਧਾਨ ਮੰਤਰੀ ਮੋਦੀ ਦੀ ਮੰਤਰੀਆਂ ਨਾਲ 4.5 ਘੰਟੇ ਚੱਲੀ ਮਹਾਂ-ਬੈਠਕ ! ਮਿਡਲ ਈਸਟ ਸੰਕਟ ਸਣੇ ਇਨ੍ਹਾਂ ਮੁੱਦਿਆਂ 'ਤੇ ਹੋਈ ਚਰਚਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 22 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਵੀਰਵਾਰ ਸ਼ਾਮ ਨੂੰ 'ਸੇਵਾ ਤੀਰਥ' ਵਿਖੇ ਮੰਤਰੀ ਪ੍ਰੀਸ਼ਦ ਦੀ ਇੱਕ ਅਹਿਮ ਬੈਠਕ ਹੋਈ, ਜੋ ਲਗਭਗ ਸਾਢੇ ਚਾਰ ਘੰਟੇ ਚੱਲੀ। ਇਹ ਇਸ ਸਾਲ ਦੀ ਪਹਿਲੀ ਪੂਰੀ ਕੈਬਨਿਟ ਬੈਠਕ ਸੀ, ਜੋ ਉਸ ਸਮੇਂ ਹੋਈ ਜਦੋਂ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੇ ਦੋ ਸਾਲ ਪੂਰੇ ਹੋਣ ਵਾਲੇ ਹਨ। ਇਸ ਬੈਠਕ ਨੂੰ ਸਰਕਾਰ ਦੇ ਇੱਕ 'ਮਿਡ-ਟਰਮ ਰਿਵਿਊ' ਵਜੋਂ ਦੇਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਮੰਤਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ 2047 ਦੇ ਵਿਜ਼ਨ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰਨ ਤਾਂ ਜੋ ਭਾਰਤ ਨੂੰ ਇੱਕ ਵਿਕਸਿਤ ਦੇਸ਼ ਬਣਾਇਆ ਜਾ ਸਕੇ। ਬੈਠਕ ਵਿੱਚ 'ਈਜ਼ ਆਫ ਲਿਵਿੰਗ' (ਆਮ ਲੋਕਾਂ ਦੀ ਜ਼ਿੰਦਗੀ ਸੁਖਾਲੀ ਬਣਾਉਣ) ਅਤੇ ਸਰਕਾਰੀ ਸੁਧਾਰਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਬੈਠਕ ਦੌਰਾਨ 9 ਅਹਿਮ ਮੰਤਰਾਲਿਆਂ ਨੇ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ। ਸਭ ਤੋਂ ਪਹਿਲਾਂ ਵਣਜ ਮੰਤਰਾਲੇ ਨੇ ਰਿਪੋਰਟ ਪੇਸ਼ ਕੀਤੀ, ਜਿਸ ਤੋਂ ਬਾਅਦ ਪੈਟਰੋਲੀਅਮ, ਗ੍ਰਹਿ, ਵਿੱਤ ਅਤੇ ਵਿਦੇਸ਼ ਮੰਤਰਾਲਿਆਂ ਦੇ ਕੰਮਾਂ ਦੀ ਸਮੀਖਿਆ ਕੀਤੀ ਗਈ। ਮੰਤਰਾਲਿਆਂ ਨੂੰ ਕਿਹਾ ਗਿਆ ਕਿ ਉਹ ਆਪਣੇ ਸੁਧਾਰਾਂ ਨੂੰ ਕਾਨੂੰਨ, ਨਿਯਮਾਂ, ਨੀਤੀ ਅਤੇ ਕੰਮ ਕਰਨ ਦੇ ਤਰੀਕੇ ਵਿੱਚ ਬਦਲਾਅ ਦੇ ਰੂਪ ਵਿੱਚ ਪੇਸ਼ ਕਰਨ।



ਬੈਠਕ ਵਿੱਚ ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ ਚੱਲ ਰਹੇ ਤਣਾਅ ਅਤੇ ਉਸ ਦੇ ਭਾਰਤੀ ਆਰਥਿਕਤਾ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਗੰਭੀਰ ਚਰਚਾ ਹੋਈ। ਪ੍ਰਧਾਨ ਮੰਤਰੀ ਨੇ ਮੰਤਰੀਆਂ ਨੂੰ ਅਜਿਹੇ ਕਦਮ ਚੁੱਕਣ ਲਈ ਕਿਹਾ ਜਿਸ ਨਾਲ ਇਸ ਸੰਕਟ ਕਾਰਨ ਆਮ ਨਾਗਰਿਕਾਂ ਨੂੰ ਘੱਟ ਤੋਂ ਘੱਟ ਪਰੇਸ਼ਾਨੀ ਹੋਵੇ। ਖ਼ਾਸ ਤੌਰ 'ਤੇ ਊਰਜਾ, ਖੇਤੀਬਾੜੀ, ਖਾਦ, ਹਵਾਬਾਜ਼ੀ ਅਤੇ ਸ਼ਿਪਿੰਗ ਵਰਗੇ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਦਿੱਤੀ ਗਈ ਹੈ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਬੈਠਕ ਵਿੱਚ ਪ੍ਰਧਾਨ ਮੰਤਰੀ ਦੇ ਹਾਲ ਹੀ ਦੇ 5 ਦੇਸ਼ਾਂ ਦੇ ਵਿਦੇਸ਼ੀ ਦੌਰੇ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਦੌਰੇ ਦੌਰਾਨ ਭਾਰਤ ਨੇ ਕੀ ਪ੍ਰਾਪਤੀਆਂ ਕੀਤੀਆਂ ਹਨ ਅਤੇ ਭਵਿੱਖ ਲਈ ਕੀ ਰਣਨੀਤੀ ਤੈਅ ਕੀਤੀ ਗਈ ਹੈ। ਦੱਸ ਦੇਈਏ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ (ਦੱਖਣੀ ਕੋਰੀਆ ਦੌਰੇ ਕਾਰਨ) ਅਤੇ ਸਿਹਤ ਮੰਤਰੀ ਜੇ.ਪੀ. ਨੱਡਾ (ਜਿਨੇਵਾ ਵਿੱਚ ਹੋਣ ਕਾਰਨ) ਇਸ ਅਹਿਮ ਬੈਠਕ ਵਿੱਚ ਸ਼ਾਮਲ ਨਹੀਂ ਹੋ ਸਕੇ।

## 'ਬੋਲੇ ਸੋ ਨਿਹਾਲ' ਦੇ ਜੈਕਾਰਿਆ ਨਾਲ ਗੋਵਿੰਦਘਾਟ ਤੋਂ ਸ਼੍ਰੀ ਹੇਮਕੁੰਟ ਸਾਹਿਬ ਲਈ ਪਹਿਲਾ ਜੱਥਾ ਰਵਾਨਾ

ਗੋਪੇਸ਼ਵਰ 22 ਮਈ। ਉਤਰਾਖੰਡ ਦੇ ਉੱਚ ਹਿਮਾਲਿਆਈ ਖੇਤਰ ਵਿੱਚ ਸਥਿਤ ਪ੍ਰਸਿੱਧ ਤੀਰਥ ਸਥਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਨੀਵਾਰ ਨੂੰ ਖੁੱਲ੍ਹਣਗੇ। ਕਿਵਾੜ ਖੁੱਲ੍ਹਣ ਤੋਂ ਇੱਕ ਦਿਨ ਪਹਿਲਾਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਿੱਖ ਸ਼ਰਧਾਲੂਆਂ ਦਾ ਪਹਿਲਾ ਜੱਥਾ ਜੈਕਾਰਿਆਂ ਨਾਲ ਅੱਜ ਯਾਨੀ ਸ਼ੁੱਕਰਵਾਰ ਨੂੰ ਚਮੋਲੀ ਜ਼ਿਲ੍ਹੇ ਦੇ ਗੋਵਿੰਦਘਾਟ ਤੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋ ਗਿਆ। ਦੱਸ ਦੇਈਏ ਕਿ ਕੜਾਕੇ ਦੀ ਠੰਡ ਅਤੇ ਬਰਫ਼ਬਾਰੀ ਕਾਰਨ ਸਰਦੀਆਂ ਲਈ ਬੰਦ ਰਹਿਣ ਤੋਂ ਬਾਅਦ ਸ਼ਨੀਵਾਰ ਨੂੰ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਜਾਣਗੇ। ਬਦਰੀਨਾਥ ਨੇੜੇ ਗੋਵਿੰਦਘਾਟ ਵਿਖੇ ਰਵਾਇਤੀ ਅਰਦਾਸ ਕਰਨ ਤੋਂ ਬਾਅਦ ਸਿੱਖਾਂ ਦਾ ਪਹਿਲਾ ਜੱਥਾ ਪਵਿੱਤਰ ਨਿਸ਼ਾਨ ਸਾਹਿਬ ਅਤੇ ਬੈਂਡ-ਵਾਜੇ ਦੀਆਂ ਸੁਰੀਲੀਆਂ ਧੁਨਾਂ ਨਾਲ ਗੁਰਦੁਆਰਾ ਸਾਹਿਬ ਲਈ ਰਵਾਨਾ ਹੋਇਆ। ਇਸ ਮੌਕੇ ਜੋ ਬੋਲੇ ??ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪੂਰਾ ਇਲਾਕਾ ਗੂੰਜ ਉੱਠਿਆ। ਇਸ ਜਥੇ ਦੀ ਅਗਵਾਈ ਪੰਜ ਪਿਆਰਿਆਂ ਵਲੋਂ ਕੀਤੀ ਗਈ, ਜਿਨ੍ਹਾਂ ਨੂੰ ਸਿੱਖ ਪਰੰਪਰਾ ਵਿੱਚ ਸ਼ਰਧਾ, ਸੇਵਾ ਅਤੇ ਹਿੰਮਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

## ਪੱਛਮੀ ਬੰਗਾਲ 'ਚ ਐਕਸ਼ਨ 'ਚ ਸ਼ੁਭੇਂਦੂ ਸਰਕਾਰ

ਕੋਲਕਾਤਾ, 22 ਮਈ। ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਨੇ ਇਕ ਅਜਿਹੀ ਵਿਵਸਥਾ ਲਾਗੂ ਕਰਨ ਦਾ ਐਲਾਨ ਕੀਤਾ ਹੈ, ਜਿਸ ਤਹਿਤ ਸੂਬਾ ਪੁਲਸ ਵੱਲੋਂ ਫੜੇ ਗਏ ਘੁਸਪੈਠੀਆਂ ਨੂੰ ਦੇਸ਼ 'ਚੋਂ ਬਾਹਰ ਕੱਢਣ ਲਈ ਸਰਹੱਦੀ ਸੁਰੱਖਿਆ ਫੋਰਸ (ਬੀ. ਐੱਸ. ਐੱਫ.) ਦੇ ਹਵਾਲੇ ਕਰ ਦਿੱਤਾ ਜਾਵੇਗਾ। ਸ਼ੁਭੇਂਦੂ ਨੇ ਸੂਬਾ ਸਕੱਤਰੇਤ 'ਨਬਾਨ' ਵਿਚ ਕਰਵਾਈ ਗਈ ਪੱਤਰਕਾਰ ਸੰਮੇਲਨ) ਦੌਰਾਨ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ ਵੱਲੋਂ ਪਿਛਲੇ ਸਾਲ ਲਿਆਂਦੇ ਗਏ ਉਸ ?ਵਵਸਥਾ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਵਿਚ ਘੁਸਪੈਠੀਆਂ ਨੂੰ ਸਿੱਧੇ ਬੀ. ਐੱਸ. ਐੱਫ. ਨੂੰ ਸੌਂਪਣ ਦੀ ਗੱਲ ਕਹੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ 14 ਮਈ ਨੂੰ ਸੂਬਾ ਸਰਕਾਰ ਨੂੰ ਘੁਸਪੈਠੀਆਂ ਨੂੰ ਸਿੱਧੇ ਬੀ. ਐੱਸ. ਐੱਫ. ਦੇ ਹਵਾਲੇ ਕਰਨ ਸਬੰਧੀ ਪੱਤਰ ਭੇਜਿਆ ਸੀ, ਪਰ ਪਿਛਲੀ ਸਰਕਾਰ ਇਸ ਮਹੱਤਵਪੂਰਨ ਵਿਵਸਥਾ ਨੂੰ ਲਾਗੂ ਕਰਨ ਵਿਚ ਨਾਕਾਮ ਰਹੀ। ਅਸੀਂ ਹੁਣ ਇਸ ਨੂੰ ਲਾਗੂ ਕਰ ਦਿੱਤਾ ਹੈ। ਸੀ. ਏ. ਐੱਮ. ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੋਧੇ ਹੋਏ ਨਾਗਰਿਕਤਾ ਕਾਨੂੰਨ ਦੇ ਦਾਇਰੇ ਵਿਚ ਆਉਣ ਵਾਲੇ 7 ਭਾਈਚਾਰੇ, ਜੋ ਨਿਰਧਾਰਿਤ ਸਮਾਂ-ਹੱਦ ਤੋਂ ਪਹਿਲਾਂ ਭਾਰਤ ਵਿਚ ਦਾਖ਼ਲ ਹੋ ਚੁੱਕੇ ਹਨ, ਉਨ੍ਹਾਂ ਖ਼?ਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਸ਼ੁਭੇਂਦੂ ਨੇ ਕਿਹਾ ਕਿ ਇਸ ਐਕਟ ਦੇ ਦਾਇਰੇ ਵਿਚ ਨਾ ਆਉਣ ਵਾਲਿਆਂ ਨੂੰ ਘੁਸਪੈਠੀਆ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਪੁਲਸ ਘੁਸਪੈਠੀਆਂ ਨੂੰ ਹਿਰਾਸਤ ਵਿਚ ਲਵੇਗੀ ਅਤੇ ਬੀ. ਐੱਸ. ਐੱਫ. ਨੂੰ ਸੌਂਪ ਦੇਵੇਗੀ। ਸ਼ੁਭੇਂਦੂ ਨੇ ਦੱਸਿਆ ਕਿ ਇਸ ਤੋਂ ਬਾਅਦ ਬੀ. ਐੱਸ. ਐੱਫ. ਬੰਗਲਾਦੇਸ਼ ਦੇ ਸਰਹੱਦੀ ਸੁਰੱਖਿਆ ਫੋਰਸ ਬਾਰਡਰ ਗਾਰਡ ਬੰਗਲਾਦੇਸ਼ (ਬੀ. ਜੀ. ਬੀ.) ਨਾਲ ਤਾਲਮੇਲ ਕਰ ਕੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਅਸੀਂ ਪੁਲਸ ਡਾਇਰੈਕਟਰ ਜਨਰਲ (ਡੀ. ਜੀ. ਪੀ.) ਅਤੇ ਗ੍ਰਹਿ ਸਕੱਤਰ ਨੂੰ ਸੂਚਿਤ ਕਰ ਦਿੱਤਾ ਹੈ ਕਿ ਪੱਛਮੀ ਬੰਗਾਲ ਅਤੇ ਭਾਰਤ ਦੀ ਸੁਰੱਖਿਆ ਲਈ ਸਰਹੱਦੀ ਖੇਤਰਾਂ ਦੇ ਸਾਰੇ ਥਾਣਿਆਂ ਵਿਚ ਇਸ ਕਾਨੂੰਨ ਨੂੰ ਲਾਗੂ ਕੀਤਾ ਜਾਵੇਗਾ। ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਨੇ ਬੁੱਧਵਾਰ ਨੂੰ ਅੰਤਰਰਾਸ਼ਟਰੀ ਸਰਹੱਦ 'ਤੇ ਵਾੜਬੰਦੀ ਅਤੇ ਸੁਰੱਖਿਆ ਢਾਂਚੇ ਲਈ ਬੀ. ਐੱਸ. ਐੱਫ. ਨੂੰ ਜ਼ਮੀਨ ਸੌਂਪ ਦਿੱਤੀ

## ਹੁਣ ਹਰ ਮਹੀਨੇ ਮਿਲੇਗੀ 3000 ਰੁਪਏ ਪੈਨਸ਼ਨ ! ਯੋਗੀ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਦਿੱਤਾ ਵੱਡਾ ਤੋਹ.ਫਾ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਲਖਨਊ 22 ਮਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਲੋਕ ਭਲਾਈ ਯੋਜਨਾਵਾਂ ਸਮਾਜ ਦੇ ਆਖਰੀ ਵਿਅਕਤੀ ਨੂੰ ਰਾਹਤ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਕੰਮ ਕਰ ਰਹੀਆਂ ਹਨ। ਇਸ ਵੇਲੇ ਰਾਜ ਵਿੱਚ 13,000 ਤੋਂ ਵੱਧ ਲਾਭਪਾਤਰੀਆਂ ਨੂੰ ਇਸ ਯੋਜਨਾ ਦੇ ਤਹਿਤ ਪ੍ਰਤੀ ਮਹੀਨਾ ?3,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਸੰਦਰਭ ਵਿੱਚ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਵਿਭਾਗ ਦੁਆਰਾ ਚਲਾਈ ਜਾਂਦੀ ਕੋੜ੍ਹ ਪੈਨਸ਼ਨ ਯੋਜਨਾ ਕੋੜ੍ਹ ਤੋਂ ਪ੍ਰਭਾਵਿਤ ਦਿਵਿਆਂਗਾਂ ਲਈ ਆਰਥਿਕ ਅਤੇ ਸਮਾਜਿਕ ਸਹਾਇਤਾ ਦੇ ਇੱਕ ਮਹੱਤਵਪੂਰਨ ਸਾਧਨ ਵਜੋਂ ਉਭਰੀ ਹੈ। ਦੱਸ ਦੇਈਏ ਕਿ ਇਹ ਯੋਜਨਾ ਉਨ੍ਹਾਂ ਵਿਅਕਤੀਆਂ ਲਈ ਹੈ ਜੋ ਕੋੜ੍ਹ ਦੀ ਬਿਮਾਰੀ ਤੋਂ ਬਾਅਦ ਅਪਾਹਜ ਹੋ ਜਾਂਦੇ ਹਨ। ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਵਿਭਾਗ ਦੁਆਰਾ ਚਲਾਈ ਜਾ ਰਹੀ ਇਸ ਯੋਜਨਾ ਦਾ ਉਦੇਸ਼ ਕੋੜ੍ਹ ਤੋਂ ਪ੍ਰਭਾਵਿਤ ਆਰਥਿਕ ਤੌਰ 'ਤੇ ਕਮਜ਼ੋਰ ਅਪਾਹਜ ਵਿਅਕਤੀਆਂ ਨੂੰ ਨਿਯਮਤ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ ਅਜਿਹੇ ਸਾਰੇ ਯੋਗ ਅਪਾਹਜ ਵਿਅਕਤੀਆਂ ਨੂੰ ਲਾਭ ਪਹੁੰਚਾਇਆ ਜਾਂਦਾ ਹੈ, ਜੋ ਉੱਤਰ ਪ੍ਰਦੇਸ਼ ਦੇ ਮੂਲ ਨਿਵਾਸੀ



ਹਨ, ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 2 ਲੱਖ ਰੁਪਏ ਤੋਂ ਵੱਧ ਨਹੀਂ ਹੈ ਅਤੇ ਜਿਨ੍ਹਾਂ ਨੂੰ ਕਿਸੇ ਹੋਰ ਸਰਕਾਰੀ ਪੈਨਸ਼ਨ ਯੋਜਨਾ ਦਾ ਲਾਭ ਨਹੀਂ ਮਿਲ ਰਿਹਾ ਹੈ। ਸ਼ੁਰੂ ਵਿੱਚ ਇਸ ਯੋਜਨਾ ਨੇ ਲਾਭਪਾਤਰੀਆਂ ਨੂੰ 2,500 ਰੁਪਏ ਦੀ ਮਾਸਿਕ ਪੈਨਸ਼ਨ ਪ੍ਰਦਾਨ ਕੀਤੀ, ਜਿਸ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸੰਵੇਦਨਸ਼ੀਲ ਪਹੁੰਚ ਅਤੇ ਗਰੀਬਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦੇ ਮੱਦੇਨਜ਼ਰ 2021 ਵਿੱਚ ਵਧਾ ਕੇ 3,000 ਰੁਪਏ ਕਰ ਦਿੱਤਾ ਗਿਆ। ਇਸ ਨਾਲ ਲਾਭਪਾਤਰੀਆਂ ਨੂੰ ਵਾਧੂ ਵਿੱਤੀ ਸਹਾਇਤਾ ਮਿਲੀ ਹੈ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸਕਾਰਾਤਮਕ ਸੁਧਾਰ ਹੋਇਆ ਹੈ। ਵਿੱਤੀ ਸਾਲ 2016-17 ਵਿੱਚ 4765 ਲਾਭਪਾਤਰੀਆਂ ਨੂੰ ਇਸ ਯੋਜਨਾ ਦਾ ਲਾਭ ਮਿਲ ਰਿਹਾ ਸੀ, ਜਦੋਂ ਕਿ ਵਿੱਤੀ ਸਾਲ 2025-26 ਵਿੱਚ ਇਹ ਗਿਣਤੀ ਵੱਧ ਕੇ 13667 ਹੋ ਗਈ ਹੈ। ਇਸ ਯੋਜਨਾ ਦੇ ਤਹਿਤ ਲਾਭਪਾਤਰੀਆਂ ਦੀ ਚੋਣ ਮੁੱਖ ਮੈਡੀਕਲ ਅਫਸਰ ਦੁਆਰਾ ਜਾਰੀ ਕੀਤੇ ਗਏ ਅਪੰਗਤਾ ਸਰਟੀਫਿਕੇਟ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਸ ਸਕੀਮ ਦੇ ਤਹਿਤ ਉਹ ਵਿਅਕਤੀ ਜਿਨ੍ਹਾਂ ਨੂੰ ਕੋੜ੍ਹ ਕਾਰਨ ਅਪੰਗਤਾ ਹੋਈ ਹੈ, ਯੋਗ ਮੰਨਿਆ ਜਾਂਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੋੜ੍ਹ ਤੋਂ ਪ੍ਰਭਾਵਿਤ ਵਿਅਕਤੀਆਂ ਲਈ ਕੋਈ ਲਾਜ਼ਮੀ ਅਪੰਗਤਾ ਪ੍ਰਤੀਸ਼ਤਤਾ ਦੀ ਲੋੜ ਨਹੀਂ ਹੈ। ਪੈਨਸ਼ਨ ਦੀ ਰਕਮ ਸਿੱਧੇ ਤੌਰ 'ਤੇ ਯੋਗ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ PFMS ਸਿਸਟਮ ਅਤੇ ਖਜ਼ਾਨੇ ਦੇ ਈ-ਭੁਗਤਾਨ ਸਿਸਟਮ ਰਾਹੀਂ ਟ?ਰਾਂਸਫਰ ਕੀਤੀ ਜਾਂਦੀ ਹੈ, ਜਿਸ ਨਾਲ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਰਹਿੰਦੀ ਹੈ।

## ਦਿੱਲੀ ਸਰਕਾਰ 100 'ਆਕਸੀਜਨ ਪਾਰਕ' ਵਿਕਸਿਤ ਕਰੇਗੀ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 22 ਮਈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਦਿੱਲੀ ਸਰਕਾਰ ਸ਼ਹਿਰ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ 100 'ਆਕਸੀਜਨ ਪਾਰਕ' ਵਿਕਸਿਤ ਕਰੇਗੀ, ਜਿਨ੍ਹਾਂ 'ਚ ਸੰਘਣੇ ਰੁੱਖ ਲਗਾਏ ਜਾਣਗੇ। ਉਨ੍ਹਾਂ ਨੇ ਉੱਤਰੀ ਦਿੱਲੀ ਦੇ ਬੁਰਾੜੀ ਸਥਿਤ ਮੁਖਮੇਲਪੁਰ ਪਿੰਡ 'ਚ ਤਿੰਨ ਏਕੜ ਜ਼ਮੀਨ 'ਤੇ ਬਣਨ ਵਾਲੇ ਸ਼ਹਿਰ ਦੇ ਪਹਿਲੇ 'ਆਕਸੀਜਨ ਪਾਰਕ' ਦਾ ਨੀਂਹ ਪੱਥਰ ਰੱਖਿਆ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਦਿੱਲੀ ਇੱਕ 'ਗੈਸ ਚੈਂਬਰ' 'ਚ ਬਦਲ ਗਈ ਹੈ ਅਤੇ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਲਈ ਠੋਸ ਕਦਮ ਚੁੱਕਣ ਦੀ ਸਖ਼ਤ ਲੋੜ ਹੈ। ਇਸ ਪਹਿਲ ਦੇ ਹਿੱਸੇ ਵਜੋਂ, ਦਿੱਲੀ ਸਰਕਾਰ ਨੇ ਇਸ ਸਾਲ 70 ਲੱਖ ਤੋਂ ਵੱਧ ਰੁੱਖ ਅਤੇ ਝਾੜੀਆਂ ਲਗਾਉਣ ਦਾ ਟੀਚਾ ਰੱਖਿਆ ਹੈ। ਇਨ੍ਹਾਂ ਪਾਰਕਾਂ ਵਿੱਚ ਖ਼ਾਸ ਤੌਰ 'ਤੇ ਸੰਘਣੇ ਫਲਦਾਰ ਰੁੱਖ ਲਗਾਏ ਜਾਣਗੇ ਤਾਂ ਜੋ ਪੰਛੀਆਂ ਨੂੰ ਰੈਣ-ਬਸੇਰਾ ਮਿਲ ਸਕੇ ਅਤੇ ਸ਼ਹਿਰ ਨੂੰ ਭਰਪੂਰ ਆਕਸੀਜਨ ਮਿਲ ਸਕੇ।



### ਪਾਰਕ ਦੀਆਂ ਮੁੱਖ ਵਿਸ਼ੇਸ਼ਤਾਵਾਂ ਤੇ ਸਹੂਲਤਾਂ

ਇਹ ਪਾਰਕ ਸਥਾਨਕ ਲੋਕਾਂ ਲਈ ਹਰਿਆਲੀ, ਸਿਹਤ ਅਤੇ ਮਨੋਰੰਜਨ ਦੇ ਬਿਹਤਰ ਜਨਤਕ ਸਥਾਨ ਵਜੋਂ ਕੰਮ ਕਰਨਗੇ। ਸਰੋਤਾਂ ਅਨੁਸਾਰ ਇਨ੍ਹਾਂ 'ਚ ਹੇਠ ਲਿਖੀਆਂ ਸਹੂਲਤਾਂ ਹੋਣਗੀਆਂ: ਪੈਦਲ ਚੱਲਣ ਲਈ ਟਰੈਕ ਅਤੇ ਆਕਰਸ਼ਕ ਊਰਜਾ-ਕੁਸ਼ਲ ਲਾਈਟਾਂ। ਬੈਠਣ ਅਤੇ ਆਰਾਮ ਕਰਨ ਲਈ ਝੌਂਪੜੀਨੁਮਾ ਸਥਾਨ। ਸੁੰਦਰ ਤਾਲਾਬ ਅਤੇ ਵੱਖ-ਵੱਖ ਪ੍ਰਜਾਤੀਆਂ ਦੇ ਛਾਂਦਾਰ ਰੁੱਖ। ਮੁਖਮੇਲਪੁਰ ਪਾਰਕ ਦੀ ਉਸਾਰੀ ਲਈ ਜੰਗਲਾਤ ਵਿਭਾਗ ਵੱਲੋਂ ਇੱਕ ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਆਪਣੇ ਵਿਧਾਇਕ ਫੰਡ ਵਿੱਚੋਂ ਇੱਕ ਕਰੋੜ ਰੁਪਏ ਵਾਧੂ ਦੇਣ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਅਤੇ ਦਿੱਲੀ ਨਗਰ ਨਿਗਮ ਰਾਜਧਾਨੀ ਵਿੱਚ ਹਰਿਆਲੀ ਵਧਾਉਣ ਅਤੇ ਮੌਜੂਦਾ ਪਾਰਕਾਂ ਦੇ ਆਧੁਨਿਕੀਕਰਨ ਲਈ ਮਿਲ ਕੇ ਕੰਮ ਕਰ ਰਹੇ ਹਨ।

## ਟਵਿਸ਼ਾ ਸ਼ਰਮਾ ਮੌਤ ਮਾਮਲਾ: ਫਰਾਰ ਪਤੀ ਸਮਰਥ ਸਿੰਘ ਨੇ ਜਬਲਪੁਰ ਅਦਾਲਤ 'ਚ ਕੀਤਾ ਆਤਮ-ਸਮਰਪਣ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 22 ਮਈ। ਮਾਡਲ ਅਤੇ ਅਦਾਕਾਰਾ ਟਵਿਸ਼ਾ ਸ਼ਰਮਾ ਦੀ ਸ਼ੱਕੀ ਮੌਤ ਦੇ ਮਾਮਲੇ ਵਿੱਚ ਇੱਕ ਵੱਡਾ ਮੋੜ ਆਇਆ ਹੈ। ਲੰਬੇ ਸਮੇਂ ਤੋਂ ਫਰਾਰ ਚੱਲ ਰਹੇ ਮੁੱਖ ਮੁਲਜ਼ਮ ਅਤੇ ਟਵਿਸ਼ਾ ਦੇ ਪਤੀ ਸਮਰਥ ਸਿੰਘ ਨੇ ਸ਼ੁੱਕਰਵਾਰ ਨੂੰ ਜਬਲਪੁਰ ਜ਼ਿਲ੍ਹਾ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਹੈ। ਦੱਸ ਦੇਈਏ ਕਿ ਪੁਲਸ ਨੇ ਸਮਰਥ ਸਿੰਘ 'ਤੇ 30,000 ਰੁਪਏ ਦਾ ਇਨਾਮ ਵੀ ਐਲਾਨ ਕੀਤਾ ਹੋਇਆ ਸੀ। ਸਮਰਥ ਸਿੰਘ ਅਦਾਲਤ ਵਿੱਚ ਆਪਣੀ ਪਛਾਣ ਛੁਪਾਉਣ ਲਈ ਟੋਪੀ, ਚਸ਼ਮਾ ਅਤੇ ਮਾਸਕ ਪਹਿਨ ਕੇ ਪਹੁੰਚਿਆ। ਜਦੋਂ ਪੱਤਰਕਾਰਾਂ ਨੇ ਟਵਿਸ਼ਾ ਦੀ ਮੌਤ ਅਤੇ ਲੱਗੇ ਦੋਸ਼ਾਂ ਬਾਰੇ ਸਵਾਲ ਪੁੱਛੇ ਤਾਂ ਉਸ ਨੇ ਪੂਰੀ ਤਰ੍ਹਾਂ ਚੁੱਪੀ ਰੱਖੀ। ਉਸ ਦੇ ਵਕੀਲ ਜੈਦੀਪ ਕੌਰਵ ਅਨੁਸਾਰ, ਅਗਾਊਂ ਜ਼ਮਾਨਤ ਦੀ ਅਰਜ਼ੀ ਵਾਪਸ ਲੈਣ ਤੋਂ ਬਾਅਦ ਸਮਰਥ ਨੇ ਸਰੈਂਡਰ ਕਰਨ ਦਾ ਫੈਸਲਾ ਕੀਤਾ। ਟਵਿਸ਼ਾ ਦੇ ਪਰਿਵਾਰ ਨੇ ਸਮਰਥ ਦੇ ਜਬਲਪੁਰ ਵਿੱਚ ਆਤਮ-ਸਮਰਪਣ ਕਰਨ ਦੇ ਸਮੇਂ ਅਤੇ ਸਥਾਨ 'ਤੇ ਗੰਭੀਰ ਸਵਾਲ ਚੁੱਕੇ ਹਨ। ਟਵਿਸ਼ਾ ਦੇ ਚਾਚਾ ਲੋਕੇਸ਼ ਸ਼ਰਮਾ ਨੇ ਦੋਸ਼ ਲਾਇਆ ਕਿ ਸਮਰਥ ਦੀ ਮਾਂ ਗਿਰੀਬਾਲਾ ਸਿੰਘ ਖੁਦ ਇੱਕ ਜੱਜ ਰਹੀ ਹੈ ਅਤੇ ਸਮਰਥ ਖੁਦ ਮੱਧ ਪ੍ਰਦੇਸ਼ ਸਰਕਾਰ ਵਿੱਚ ਕਾਨੂੰਨੀ ਸਲਾਹਕਾਰ ਰਿਹਾ ਹੈ। ਉਨ੍ਹਾਂ ਅਨੁਸਾਰ, ਸਮਰਥ ਨੇ ਜਬਲਪੁਰ ਅਦਾਲਤ ਨੂੰ ਇਸ ਲਈ ਚੁਣਿਆ ਕਿਉਂਕਿ ਉੱਥੇ ਉਸ ਦੇ ਡੂੰਘੇ ਸਬੰਧ ਹਨ ਅਤੇ ਉਹ ਸਿਸਟਮ ਰਾਹੀਂ ਮਾਮਲੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਟਵਿਸ਼ਾ ਦੇ ਭਰਾ ਮੇਜਰ ਹਰਸ਼ਿਤ ਸ਼ਰਮਾ ਨੇ ਇਸ ਆਤਮ-ਸਮਰਪਣ ਨੂੰ ਨਿਆਂ ਦੀ ਪਹਿਲੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਨਤਾ ਦੇ ਸਮਰਥਨ ਅਤੇ ਕਾਨੂੰਨ ਦੇ ਦਬਾਅ ਨੇ ਸਮਰਥ ਨੂੰ ਬਾਹਰ ਆਉਣ ਲਈ ਮਜ਼ਬੂਰ ਕਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਮਰਥ ਨੇ ਕੁਝ ਨਹੀਂ ਛੁਪਾਇਆ ਸੀ ਤਾਂ ਉਹ 10 ਦਿਨਾਂ ਤੱਕ ਫਰਾਰ ਕਿਉਂ ਰਿਹਾ?।

## ਸਿੱਖ ਧਾਰਮਿਕ ਜਾਇਦਾਦਾਂ 'ਤੇ ਕੰਟਰੋਲ ਲਈ ਸੁਪਰੀਮ ਕੋਰਟ ਦੀ ਦਖ਼ਲ ਦੇਣ ਤੋਂ ਨਾਂਹ



ਨਵੀਂ ਦਿੱਲੀ 22 ਮਈ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਦੇਸ਼ ਭਰ ਵਿਚ ਸਿੱਖ ਧਾਰਮਿਕ ਅਤੇ ਵਿਰਾਸਤੀ ਜਾਇਦਾਦਾਂ 'ਤੇ ਕੰਟਰੋਲ ਲਈ ਕਈ ਨਿਰਦੇਸ਼ ਜਾਰੀ ਕਰਨ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਭਾਰਤ ਦੇ ਚੀਫ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਨੇ ਪਟੀਸ਼ਨਰ ਚਰਨਜੀਤ ਸਿੰਘ ਨੂੰ ਕਿਹਾ ਕਿ ਉਹ ਆਪਣੀਆਂ ਸ਼ਿਕਾਇਤਾਂ ਸੰਸਦ ਦੀ ਪਟੀਸ਼ਨ ਕਮੇਟੀ ਦੇ ਸਾਹਮਣੇ ਉਠਾਉਣ। ਦਿੱਲੀ ਦੀ ਇਕ ਸਿੱਖ ਜਥੇਬੰਦੀ ਨਾਲ ਜੁੜੇ ਸਿੰਘ ਖ਼ੁਦ ਅਦਾਲਤ ਵਿਚ ਪੇਸ਼ ਹੋਏ ਅਤੇ ਆਪਣਾ ਪੱਖ ਰੱਖਿਆ। ਇਕ ਸਮੇਂ ਉਨ੍ਹਾਂ ਨੇ ਬੈਂਚ ਦੇ ਸਾਹਮਣੇ ਝੁਕ ਕੇ ਨੋਟਿਸ ਜਾਰੀ ਕਰਨ ਦੀ ਅਪੀਲ ਕੀਤੀ। ਸਿੰਘ ਨੇ ਕਿਹਾ ਕਿ ਮੈਂ ਤੁਹਾਡੇ ਅੱਗੇ ਨਤਮਸਤਕ ਹਾਂ। ਕਿਰਪਾ ਕਰ ਕੇ ਮੇਰੀ ਪਟੀਸ਼ਨ 'ਤੇ ਨੋਟਿਸ ਜਾਰੀ ਕਰੋ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ ਕਿ ਅਦਾਲਤ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ, ਪਰ ਮੰਗੀ ਗਈ ਰਾਹਤ ਵਿਧਾਨਕ ਖੇਤਰ ਦੇ ਅਧੀਨ ਆਉਂਦੀ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਅਦਾਲਤ ਤੁਹਾਡੇ ਲਈ ਹੈ, ਤੁਸੀਂ ਜਦੋਂ ਚਾਹੋ ਆ ਸਕਦੇ ਹੋ ਪਰ ਇਨ੍ਹਾਂ ਮੁੱਦਿਆਂ ਲਈ ਕਾਨੂੰਨ ਵਿਚ ਸੋਧ ਦੀ ਲੋੜ ਹੈ, ਜਿਸ ਲਈ ਤੁਹਾਨੂੰ ਸੰਸਦ ਜਾਣਾ ਪਵੇਗਾ। ਤੁਹਾਨੂੰ ਸੰਸਦ ਦੀ ਪਟੀਸ਼ਨ ਕਮੇਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਅਸੀਂ ਇਸ ਵਿਚ ਦਖ਼ਲ ਦਿੰਦੇ ਹਾਂ, ਤਾਂ ਅਜਿਹਾ ਲੱਗ ਸਕਦਾ ਹੈ ਕਿ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਹਾਲਾਂਕਿ ਬੈਂਚ ਨੇ ਪਟੀਸ਼ਨਰ ਨੂੰ ਇਹ ਛੋਟ ਦਿੱਤੀ ਕਿ ਜੇਕਰ ਉਹ ਸੰਸਦ ਵੱਲੋਂ ਮਿਲਣ ਵਾਲੇ ਜਵਾਬ ਤੋਂ ਸੰਤੁਸ਼ਟ ਨਹੀਂ ਹੁੰਦੇ, ਤਾਂ ਦੁਬਾਰਾ ਸੁਪਰੀਮ ਕੋਰਟ ਆ ਸਕਦੇ ਹਨ। ਇਸ ਜਨਹਿੱਤ ਪਟੀਸ਼ਨ ਵਿਚ ਦੇਸ਼ ਭਰ ਵਿਚ ਸਿੱਖ ਧਾਰਮਿਕ ਅਤੇ ਵਿਰਾਸਤੀ ਜਾਇਦਾਦਾਂ ਦੇ ਪ੍ਰਬੰਧਨ ਦੀ ਵਿਵਸਥਾ ਵਿਚ ਵੱਡੇ ਬਦਲਾਅ ਦੀ ਮੰਗ ਕੀਤੀ ਗਈ ਸੀ।

## ਮਮਤਾ ਦੇ ਭਤੀਜੇ ਅਭਿਸ਼ੇਕ ਨੂੰ ਕਲਕੱਤਾ ਹਾਈ ਕੋਰਟ ਤੋਂ ਰਾਹਤ

ਕੋਲਕਾਤਾ 22 ਮਈ। ਕਲਕੱਤਾ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਬੈਨਰਜੀ ਨੂੰ ਰਾਹਤ ਦਿੰਦੇ ਹੋਏ ਇਤਰਾਜ਼ਯੋਗ ਬਿਆਨਾਂ ਨੂੰ ਲੈ ਕੇ ਉਨ੍ਹਾਂ ਖ਼?ਲਾਫ਼ 31 ਜੁਲਾਈ ਤੱਕ ਸਜ਼ਾਯੋਗ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਹ ਵੀ ਸਵਾਲ ਉਠਾਇਆ ਕਿ ਕੀ ਕਿਸੇ ਸੰਸਦ ਮੈਂਬਰ ਲਈ ਇਸ ਤਰ੍ਹਾਂ ਦੇ ਅਣਉਚਿਤ ਬਿਆਨ ਦੇਣਾ ਸਹੀ ਹੈ। ਜਸਟਿਸ ਸੌਗਤ ਭੱਟਾਚਾਰੀਆ ਨੇ ਤ੍ਰਿਣਮੂਲ ਕਾਂਗਰਸ ਦੇ ਰਾਸ਼ਟਰੀ ਜਨਰਲ ਸਕੱਤਰ ਬੈਨਰਜੀ ਨੂੰ ਜਾਂਚ 'ਚ ਸਹਿਯੋਗ ਕਰਨ ਅਤੇ ਜਾਂਚ ਅਧਿਕਾਰੀ ਵੱਲੋਂ ਭੇਜੇ ਗਏ ਨੋਟਿਸਾਂ ਦਾ ਪਾਲਣ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਉਨ੍ਹਾਂ ਨੂੰ ਅਦਾਲਤ ਦੀ ਇਜਾਜ਼ਤ ਦੇ ਬਿਨਾਂ ਵਿਦੇਸ਼ ਯਾਤਰਾ ਨਾ ਕਰਨ ਦਾ ਵੀ ਹੁਕਮ ਦਿੱਤਾ। ਡਾਇਮੰਡ ਹਾਰਬਰ ਤੋਂ ਸੰਸਦ ਮੈਂਬਰ ਬੈਨਰਜੀ ਨੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਉਸ ਐੱਫ. ਆਈ. ਆਰ. ਨੂੰ ਰੱਦ ਕਰਨ ਦੀ ਬੇਨਤੀ ਕੀਤੀ ਜੋ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਤੋਂ ਪਹਿਲਾਂ 27 ਅਪ੍ਰੈਲ ਨੂੰ ਇਕ ਜਨਸਭਾ 'ਚ ਵਿਰੋਧੀ ਧਿਰ ਦੇ ਨੇਤਾਵਾਂ ਅਤੇ ਵਰਕਰਾਂ ਖ਼?ਲਾਫ਼ ਦਿੱਤੇ ਗਏ ਉਨ੍ਹਾਂ ਦੇ ਬਿਆਨਾਂ ਨੂੰ ਲੈ ਕੇ ਦਰਜ ਕੀਤੀ ਗਈ ਸੀ।

## ਪੈਟਰੋਲ-ਡੀਜ਼ਲ 'ਚ ਵਾਧਾ ਅਤੇ ਕੰਪਨੀਆਂ ਨੇ ਬਾਜ਼ਾਰ ਤੋਂ ਕਮਾਏ 12,400 ਕਰੋੜ ਰੁਪਏ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਬਿਜ਼ਨੈੱਸ ਡੈਸਕ 22 ਮਈ। ਬੀਤੇ ਲੱਗਭਗ ਇਕ ਹਫ਼ਤੇ 'ਚ ਪੈਟਰੋਲੀਅਮ ਕੰਪਨੀਆਂ ਵੱਲੋਂ ਦੂਜੀ ਵਾਰ ਪੈਟਰੋਲ ਅਤੇ ਡੀਜ਼ਲ ਦੀ ਕੀਮਤ 'ਚ ਵਾਧਾ ਕਰ ਦਿੱਤਾ ਗਿਆ ਹੈ। ਪੈਟਰੋਲ ਅਤੇ ਡੀਜ਼ਲ ਦੀ ਕੀਮਤ 'ਚ ਔਸਤਨ 90 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ 5 ਦਿਨਾਂ 'ਚ ਪੈਟਰੋਲ ਅਤੇ ਡੀਜ਼ਲ ਦੇ ਭਾਅ 'ਚ 4 ਰੁਪਏ ਪ੍ਰਤੀ ਲੀਟਰ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਖ਼ਾਸ ਗੱਲ ਤਾਂ ਇਹ ਹੈ ਕਿ ਇਸ ਵਾਧਾ ਤੋਂ ਬਾਅਦ ਪੈਟਰੋਲੀਅਮ ਕੰਪਨੀਆਂ ਦੇ ਸ਼ੇਅਰਾਂ 'ਚ 3 ਫੀਸਦੀ ਤੋਂ ਜ਼ਿਆਦਾ ਦੀ ਜ਼ਬਰਦਸਤ ਤੇਜ਼ੀ ਦੇਖਣ ਨੂੰ ਮਿਲੀ ਹੈ। ਇਸ ਦੀ ਵਜ?ਹਾ ਨਾਲ ਇਨ੍ਹਾਂ ਕੰਪਨੀਆਂ ਨੇ ਸਾਂਝੇ ਤੌਰ 'ਤੇ ਕੁਝ ਹੀ ਘੰਟਿਆਂ 'ਚ ਲੱਗਭਗ 12,400 ਕਰੋੜ ਰੁਪਏ ਕਮਾ ਲਏ ਹਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਕੰਪਨੀਆਂ ਦੇ ਮੁਲਾਂਕਣ 'ਚ ਵਾਧਾ ਹੋ ਗਿਆ ਹੈ। ਮੁਲਾਂਕਣ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਫਾਇਦਾ ਆਈ. ਓ. ਸੀ. ਐੱਲ. ਨੂੰ ਹੋਇਆ ਹੈ। ਭਾਰਤ ਪੈਟਰੋਲੀਅਮ ਦੇ ਸ਼ੇਅਰਾਂ 'ਚ ਕਾਰੋਬਾਰੀ ਸੈਸ਼ਨ ਦੌਰਾਨ 3.09 ਫੀਸਦੀ ਦਾ ਵਾਧਾ ਹੋਇਆ। ਇਸ ਤੋਂ ਬਾਅਦ ਕੰਪਨੀ ਦਾ ਸ਼ੇਅਰ 289.55 ਰੁਪਏ ਦੇ ਨਾਲ ਦਿਨ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ। ਵੈਸੇ ਇਕ ਦਿਨ ਪਹਿਲਾਂ ਕੰਪਨੀ ਦਾ ਸ਼ੇਅਰ 280.85 ਰੁਪਏ ਦੇ ਨਾਲ ਬੰਦ ਹੋਇਆ ਸੀ। ਕੰਪਨੀ ਦਾ ਸ਼ੇਅਰ 2.40 ਫੀਸਦੀ ਦੀ ਤੇਜ਼ੀ ਨਾਲ 287.60 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਜੇਕਰ ਗੱਲ ਮੁਲਾਂਕਣ ਦੀ ਕਰੀਏ ਤਾਂ ਇਕ ਦਿਨ ਪਹਿਲਾਂ ਕੰਪਨੀ ਦਾ ਮਾਰਕੀਟ ਕੈਪ 1,21,845.90 ਕਰੋੜ ਰੁਪਏ ਸੀ, ਜੋ ਕਾਰੋਬਾਰੀ ਸੈਸ਼ਨ ਦੌਰਾਨ ਵਧ ਕੇ 1,25,620.37 ਕਰੋੜ ਰੁਪਇਆ 'ਤੇ ਆ




ਗਿਆ। ਇਸ ਦਾ ਮਤਲਬ ਹੈ ਕਿ ਕੰਪਨੀ ਦੇ ਮੁਲਾਂਕਣ 'ਚ 3,774.47 ਕਰੋੜ ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਦੇਸ਼ ਦੀਆਂ ਵੱਡੀਆਂ ਪੈਟਰੋਲੀਅਮ ਕੰਪਨੀਆਂ 'ਚ ਸ਼ੁਮਾਰ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਆਈ. ਓ. ਸੀ. ਐੱਲ.) ਦੇ ਸ਼ੇਅਰਾਂ 'ਚ ਵੀ 3 ਫੀਸਦੀ ਤੋਂ ਜ਼ਿਆਦਾ ਦੀ ਤੇਜ਼ੀ ਦੇਖਣ ਨੂੰ ਮਿਲੀ ਹੈ। ਅੰਕੜਿਆਂ ਅਨੁਸਾਰ ਕਾਰੋਬਾਰੀ ਸੈਸ਼ਨ ਦੌਰਾਨ ਕੰਪਨੀ ਦੇ ਸ਼ੇਅਰ 3.18 ਫੀਸਦੀ ਦੀ ਤੇਜ਼ੀ ਨਾਲ 136.05 ਰੁਪਏ 'ਤੇ ਦਿਨ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਏ ਸਨ। ਵੈਸੇ ਇਕ ਦਿਨ ਪਹਿਲਾਂ ਕੰਪਨੀ ਦਾ ਸ਼ੇਅਰ 131.85 ਰੁਪਏ 'ਤੇ ਬੰਦ ਹੋਇਆ ਸੀ। ਕੰਪਨੀ ਦਾ ਸ਼ੇਅਰ 3.03 ਫੀਸਦੀ ਦੀ ਤੇਜ਼ੀ ਨਾਲ 135.85 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਉੱਥੇ ਹੀ, ਗੱਲ ਮੁਲਾਂਕਣ ਦੀ ਕਰੀਏ ਤਾਂ ਇਕ ਦਿਨ ਪਹਿਲਾਂ ਕੰਪਨੀ ਦਾ ਮਾਰਕੀਟ ਕੈਪ 1,86,188.53 ਕਰੋੜ ਰੁਪਏ ਸੀ, ਜੋ ਕਿ ਮੰਗਲਵਾਰ ਨੂੰ ਕਾਰੋਬਾਰੀ ਸੈਸ਼ਨ ਦੌਰਾਨ 1,92,119.45 ਕਰੋੜ ਰੁਪਏ 'ਤੇ ਆ ਗਿਆ। ਇਸ ਦਾ ਮਤਲਬ ਹੈ ਕਿ ਕੰਪਨੀ ਦੇ ਮੁਲਾਂਕਣ 'ਚ 5,930.92 ਕਰੋੜ ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਭਾਵ ਐੱਚ. ਪੀ. ਸੀ. ਐੱਲ. ਦੇ ਸ਼ੇਅਰਾਂ 'ਚ ਵੀ ਸਭ ਤੋਂ ਜ਼ਿਆਦਾ ਤੇਜ਼ੀ ਦੇਖਣ ਨੂੰ ਮਿਲੀ ਹੈ। ਕਾਰੋਬਾਰੀ ਸੈਸ਼ਨ ਦੌਰਾਨ ਕੰਪਨੀ ਦੇ ਸ਼ੇਅਰਾਂ 'ਚ 3.52 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਬੀ. ਐੱਸ. ਈ. ਦੇ ਅੰਕੜਿਆਂ ਅਨੁਸਾਰ ਕੰਪਨੀ ਦਾ ਸ਼ੇਅਰ ਕਾਰੋਬਾਰੀ ਸੈਸ਼ਨ ਦੌਰਾਨ 371.85 ਰੁਪਏ ਦੇ ਦਿਨ ਦੇ ਪੀਕ 'ਤੇ ਪਹੁੰਚ ਗਿਆ ਸੀ, ਜਦੋਂ ਕਿ ਇਕ ਦਿਨ ਪਹਿਲਾਂ ਕੰਪਨੀ ਦਾ ਸ਼ੇਅਰ 359.20 ਰੁਪਏ 'ਤੇ ਦੇਖਣ ਨੂੰ ਮਿਲਿਆ ਸੀ। ਕੰਪਨੀ ਦਾ ਸ਼ੇਅਰ 3.45 ਫੀਸਦੀ ਦੀ ਤੇਜ਼ੀ ਨਾਲ 371.60 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਜੇਕਰ ਗੱਲ ਮੁਲਾਂਕਣ ਦੀ ਕਰੀਏ ਤਾਂ ਇਕ ਦਿਨ ਪਹਿਲਾਂ ਕੰਪਨੀ ਦਾ ਮਾਰਕੀਟ ਕੈਪ 76,431.38 ਕਰੋੜ ਰੁਪਏ ਸੀ, ਜੋ ਮੰਗਲਵਾਰ ਨੂੰ ਵਧ ਕੇ 79,123.07 ਕਰੋੜ ਰੁਪਏ 'ਤੇ ਆ ਗਿਆ। ਇਸ ਦਾ ਮਤਲਬ ਹੈ ਕਿ ਕੰਪਨੀ ਦੇ ਮੁਲਾਂਕਣ 'ਚ 2,691.69 ਕਰੋੜ ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ।

# ਪਿੰਡ ਦੇ ਹੀ ਮੁੰਡਿਆਂ ਨੇ ਬੇਬੇ ਨਾਲ ਕਰ 'ਤਾ ਕਾਂਡ, ਹਰ ਕਿਸੇ ਦੇ ਉੱਡੇ ਹੋਸ਼ ਜਦੋਂ ਪੇਟੀ ਵਿੱਚੋਂ...

**ਕੌਮੀ ਪਤ੍ਰਿਕਾ**

ਸਰਦੂਲਗੜ੍ਹ/ਮਾਨਸਾ 22 ਮਈ। ਇਲਾਕੇ 'ਚ ਦਿਨੋਂ-ਦਿਨ ਵੱਧਦੇ ਜਾ ਰਹੇ ਨਸ਼ਿਆਂਕਰਕੇ ਜਿੱਥੇ ਹਰ ਰੋਜ਼ ਲੁੱਟ-ਖੋਹ ਦੀਆਂ ਵਾਰਦਾਤਾਂ ਵਾਪਰ ਰਹੀਆਂ ਹਨ, ਹੁਣ ਉਹੀ ਲੁੱਟ-ਖੋਹ ਦੀਆਂ ਵਾਰਦਾਤਾਂ ਕਤਲ ਤੱਕ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਹਲਕਾ ਸਰਦੂਲਗੜ੍ਹ ਦੇ ਪਿੰਡ ਜੌੜਕੀਆਂ ਵਿਖੇ ਪਿਛਲੇ ਚਾਰ ਦਿਨਾਂ ਤੋਂ ਲਾਪਤਾ ਬਜ਼ੁਰਗ ਔਰਤ ਦੀ ਲਗਾਤਾਰ ਭਾਲ ਕੀਤੀ ਜਾ ਰਹੀ ਸੀ ਪਰ ਉਸਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਲੱਗ ਰਿਹਾ ਸੀ। ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਸੁਖਦੇਵ ਕੌਰ ਪਤਨੀ ਭਜਨ ਸਿੰਘ ਵਾਸੀ ਜੌੜਕੀਆਂ ਸਵੇਰੇ ਆਪਣੇ ਘਰੋਂ ਗੁਰਦੁਆਰਾ ਸਾਹਿਬ ਜੌੜਕੀਆਂ ਵਿਖੇ ਮੱਥਾ ਟੇਕਣ ਗਈ ਪਰ ਵਾਪਸ ਨਹੀਂ ਆਈ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਜਦੋਂ ਉਸ ਦੀ ਭਾਲ ਸ਼ੁਰੂ ਕੀਤੀ ਤਾਂ ਕੁੱਝ ਕੈਮਰਿਆਂ ਤੋਂ ਮਾਤਾ ਇੱਕ ਰਸਤੇ ਰਾਹੀਂ ਘਰ ਵੱਲ ਜਾਂਦੀ ਦਿਖਾਈ ਦਿੱਤੀ ਪਰ ਘਰ ਨਹੀਂ ਪਹੁੰਚੀ। ਸ਼ੱਕ ਦੇ ਆਧਾਰ 'ਤੇ ਕੁੱਝ ਘਰਾਂ ਦੀ ਪੁਲਸ ਵੱਲੋਂ ਤਲਾਸ਼ੀ ਵੀ ਲਈ ਗਈ ਅਤੇ ਇੱਕ ਘਰ ਅੰਦਰ ਪਈ ਇੱਕ ਪੇਟੀ 'ਚੋਂ ਸੁਖਦੇਵ ਕੌਰ ਦੀ ਲਾਸ਼ ਮਿਲੀ, ਜੋ ਕਿ ਬੁਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਸੀ। ਮੁੱਢਲੀ ਤਫਤੀਸ਼ ਅਨੁਸਾਰ ਸੁਖਦੇਵ ਕੌਰ ਦਾ ਕਤਲ ਕੁੱਝ ਨੌਜਵਾਨਾਂ ਵੱਲੋਂ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਕੀਤਾ ਗਿਆ ਕਿਉਂਕਿ ਉਸ ਦੇ ਕੰਨਾਂ ਅਤੇ ਹੱਥਾਂ 'ਚ ਕੁੱਝ ਸੋਨਾ ਪਾਇਆ ਹੋਇਆ ਸੀ ਪਰ ਜਦੋਂ ਲਾਸ਼ ਬਰਾਮਦ ਕੀਤੀ ਗਈ ਤਾਂ ਉਹ ਸਾਰੇ ਗਹਿਣੇ ਗਾਇਬ ਸਨ। ਪਿੰਡ ਦੇ ਹੀ ਨੌਜਵਾਨਾਂ ਵੱਲੋਂ ਇਸ ਤਰ੍ਹਾਂ ਪਿੰਡ ਦੀ ਹੀ ਇੱਕ ਬਜ਼ੁਰਗ ਔਰਤ ਨੂੰ ਆਪਣੇ ਲਾਲਚ ਲਈ ਇਸ ਤਰ੍ਹਾਂ ਕਤਲ ਕਰਨ ਦੇਣ ਦੀ ਘਟਨਾ ਨੇ ਪੂਰੇ ਪਿੰਡ ਨੂੰ ਝਿੰਜੋੜ ਕੇ ਰੱਖ ਦਿੱਤਾ। ਪਿੰਡ ਵਾਸੀਆਂ ਅਤੇ ਮੋਹਤਵਾਰ ਵਿਅਕਤੀਆਂ ਨੇ ਪਿੰਡ 'ਚ ਹੋਈ ਇਸ ਘਟਨਾ ਤੋਂ ਬਾਅਦ ਮੰਗ ਕੀਤੀ ਹੈ ਕਿ ਦੋਸ਼ੀਆਂ ਦੀ ਜਲਦ ਭਾਲ ਕਰਕੇ ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਬਾਰੇ ਥਾਣਾ ਜੌੜਕੀਆਂ ਦੇ ਮੁਖੀ



ਇੰਸਪੈਕਟਰ ਬਲਵੀਰ ਸਿੰਘ ਨੇ ਦੱਸਿਆ ਕੇ ਜਗਸੀਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਜੌੜਕੀਆਂ ਦੇ ਘਰ ਅੰਦਰ ਪਈ ਪੇਟੀ 'ਚੋਂ ਇਹ ਲਾਸ਼ ਬਰਾਮਦ ਹੋਈ ਹੈ। ਫਾਰੈਂਸਿਕ ਟੀਮ ਨੇ ਵੀ ਲਾਸ਼ ਦੀ ਚੰਗੀ ਤਰ੍ਹਾਂ ਪੜਤਾਲ ਕਰ ਲਈ ਹੈ ਅਤੇ ਉਸ ਤੋਂ ਬਾਅਦ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਹੁਣ ਤੱਕ ਦੀ ਜਾਂਚ ਦੇ ਆਧਾਰ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਹੈ ਅਤੇ ਬਾਕੀ ਜਾਂਚ ਪੂਰੀ ਹੋਣ ਤੋਂ ਬਾਅਦ ਅਤੇ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਸਾਰੀ ਸਥਿਤੀ ਸਪੱਸ਼ਟ ਹੋਣ 'ਤੇ ਬਣਦੀਆਂ ਧਰਾਵਾਂ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ।

## ਲੁੱਟ ਦੇ ਇਰਾਦੇ ਨਾਲ ਕਤਲ ਦੇ ਮਾਮਲੇ 'ਚ ਇੱਕ ਹੋਰ ਗ੍ਰਿਫ਼ਤਾਰ

ਅਬੋਹਰ 22 ਮਈ। ਸਿਟੀ ਪੁਲਸ ਸਟੇਸ਼ਨ ਨੰਬਰ-2 ਦੀ ਪੁਲਸ ਨੇ ਕੰਧਵਾਲਾ ਰੋਡ 'ਤੇ ਲੁੱਟ ਦੇ ਇਰਾਦੇ ਨਾਲ ਕੀਤੇ ਗਏ ਵਿਅਕਤੀ ਰਾਮਕੁਮਾਰ ਪੁੱਤਰ ਭਿਖਾਰੀ ਲਾਲ ਦੇ ਕਤਲ ਦੇ ਦੋਸ਼ ਵਿੱਚ ਪੰਜਵੇਂ ਨੌਜਵਾਨ ਮਨੀ ਪੁੱਤਰ ਬੱਗਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸਨੂੰ ਨਾਬਾਲਗ ਹੋਣ ਕਰਕੇ ਬਾਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਸ ਨੇ ਮ੍ਰਿਤਕ ਦੇ ਪੁੱਤਰ ਅਨਿਲ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਮਨੀ ਉਰਫ਼ ਮਨੀਸ਼ ਪੁੱਤਰ ਪਵਨ ਕੁਮਾਰ, ਮਨੀ ਪੁੱਤਰ ਬੱਗਾ ਸਿੰਘ, ਗੁਰਬੀਰ ਸਿੰਘ ਉਰਫ਼ ਦੀਪ ਪੁੱਤਰ ਅਮਰੀਕ ਸਿੰਘ ਵਾਸੀ ਕੋਠੀ ਫੈਜ਼ ਅਬੋਹਰ, ਸੁਖਬੀਰ ਸਿੰਘ ਉਰਫ਼ ਸੁਲਤਾਨ ਪੁੱਤਰ ਜਰਨੈਲ ਸਿੰਘ ਵਾਸੀ ਢੀਂਗਰਾ ਬਸਤੀ, ਨੀਰਜ ਕੁਮਾਰ ਪੁੱਤਰ ਮਹਿੰਦਰ ਕੁਮਾਰ ਵਾਸੀ ਗਲੀ ਨੰਬਰ 4 ਆਰੀਆ ਨਗਰੀ ਅਤੇ ਮੋਹਿਤ ਉਰਫ਼ ਕ੍ਰਾਂਤੀ ਪੁੱਤਰ ਹਰਦੀਪ ਸਿੰਘ ਵਾਸੀ ਗਲੀ ਨੰਬਰ 4 ਚੰਡੀਗੜ੍ਹ ਮੁਹੱਲਾ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਇਨ੍ਹਾਂ 'ਚੋਂ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਨੀਰਜ ਕੁਮਾਰ ਪੁੱਤਰ ਮਹਿੰਦਰ ਕੁਮਾਰ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲਸ ਨੇ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਤੋਂ ਘਟਨਾ ਸਮੇਂ ਵਰਤੇ ਗਏ ਇੱਕ ਕਾਪਾ, ਇੱਕ ਡੰਡਾ ਅਤੇ ਵੱਡੀ ਮਾਤਰਾ ਵਿੱਚ ਪੱਥਰ ਬਰਾਮਦ ਕੀਤੇ ਹਨ।

# 'ਕੂਲਰ' ਨੇ ਨਿਗਲੀਆਂ ਪਰਿਵਾਰ ਦੀਆਂ ਖੁਸ਼ੀਆਂ ! ਰਾਤੀਂ ਪੁੱਤ ਨੇ ਲਿਆ ਜਨਮ, ਸਵੇਰੇ ਪਿਓ ਨੂੰ ਲੈ ਗਿਆ 'ਕਾਲ'

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 22 ਮਈ। ਉੱਤਰ ਪ੍ਰਦੇਸ਼ ਦੇ ਕੌਸ਼ਾਂਬੀ ਜ਼ਿਲ੍ਹੇ ਤੋਂ ਇਕ ਬੇਹੱਦ ਦੁਖ਼ਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਪਿਪਰੀ ਥਾਣਾ ਖੇਤਰ ਦੇ ਨੌਵਾਪੁਰ ਪਿੰਡ 'ਚ ਘਰ ਵਿੱਚ ਰੱਖੇ ਕੂਲਰ ਵਿੱਚ ਪਾਣੀ ਭਰਦੇ ਸਮੇਂ ਕਰੰਟ ਲੱਗਣ ਕਾਰਨ ਇੱਕ 24 ਸਾਲਾ ਨੌਜਵਾਨ ਦੀ ਦਰਦਨਾਕ ਮੌਤ ਹੋ ਗਈ ਹੈ। ਪੁਲਸ ਨੇ ਐਤਵਾਰ ਨੂੰ ਇਸ ਹਾਦਸੇ ਦੀ ਪੁਸ਼ਟੀ ਕੀਤੀ ਹੈ। ਪੁਲਸ ਅਨੁਸਾਰ ਮੁਕੇਸ਼ (24) ਐਤਵਾਰ ਸਵੇਰੇ ਆਪਣੇ ਘਰ ਵਿੱਚ ਰੱਖੇ ਕੂਲਰ ਵਿੱਚ ਪਾਣੀ ਪਾ ਰਿਹਾ ਸੀ। ਇਸੇ ਦੌਰਾਨ ਕੂਲਰ ਵਿੱਚ ਕਰੰਟ ਆਉਣ ਕਾਰਨ ਉਹ ਉਸ ਦੀ ਲਪੇਟ ਵਿੱਚ ਆ ਗਿਆ ਅਤੇ ਬੁਰੀ ਤਰ੍ਹਾਂ ਝੁਲਸ ਗਿਆ। ਪਰਿਵਾਰ ਵਾਲੇ ਉਸ ਨੂੰ ਤੁਰੰਤ ਇਲਾਜ ਲਈ ਨੇੜੇ ਦੇ ਇੱਕ ਨਿੱਜੀ ਹਸਪਤਾਲ ਲੈ ਕੇ ਗਏ, ਪਰ ਉੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਮੁਕੇਸ਼ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਮੁਕੇਸ਼ ਦਾ ਵਿਆਹ ਕਰੀਬ ਇੱਕ ਸਾਲ ਪਹਿਲਾਂ ਹੋਇਆ ਸੀ। ਸ਼ਨੀਵਾਰ ਰਾਤ ਨੂੰ ਹੀ ਉਸ ਦੀ ਪਤਨੀ ਜਯੋਤੀ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਸੀ। ਪੂਰੇ ਪਰਿਵਾਰ ਵਿੱਚ ਬੱਚੇ ਦੇ ਜਨਮ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸੀ ਤੇ ਲੋਕ ਹਾਲੇ ਵਧਾਈਆਂ ਹੀ ਦੇ ਰਹੇ ਸਨ, ਪਰ ਐਤਵਾਰ ਸਵੇਰੇ ਇਸ ਭਿਆਨਕ ਹਾਦਸੇ ਨੇ ਪਰਿਵਾਰ ਦੀਆਂ ਸਾਰੀਆਂ ਖੁਸ਼ੀਆਂ ਨੂੰ ਪਲਾਂ ਵਿੱਚ ਹੀ ਮਾਤਮ ਵਿੱਚ ਬਦਲ ਦਿੱਤਾ। ਬੱਚੇ ਦੇ ਸਿਰ ਤੋਂ ਪਿਤਾ ਦਾ ਸਾਇਆ ਹਮੇਸ਼ਾ ਲਈ ਉੱਠ ਗਿਆ ਹੈ। ਥਾਣਾ ਮੁਖੀ ਵਿਕਾਸ ਸਿੰਘ ਨੇ ਦੱਸਿਆ ਕਿ



ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨੌਜਵਾਨ ਦੀ ਮ੍ਰਿਤਕ ਦੇਹ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੂਰੇ ਪਿੰਡ ਵਿੱਚ ਇਸ ਦਰਦਨਾਕ ਘਟਨਾ ਕਾਰਨ ਸੋਗ ਦੀ ਲਹਿਰ ਹੈ।

## ਮੋਬਾਈਲ ਹੈਕ ਕਰਕੇ ਬੈਂਕ ਖਾਤੇ 'ਚੋਂ 2 ਲੱਖ 21 ਹਜ਼ਾਰ ਰੁਪਏ ਦਾ ਕੀਤਾ ਫਰਾਡ

ਤਰਨਤਾਰਨ 22 ਮਈ। ਥਾਣਾ ਸਾਈਬਰ ਕਰਾਈਮ ਤਰਨਤਾਰਨ ਦੀ ਪੁਲਸ ਨੇ ਮੋਬਾਈਲ ਹੈਕ ਕਰਕੇ ਬੈਂਕ ਖਾਤੇ 'ਚੋਂ 2 ਲੱਖ 21 ਹਜ਼ਾਰ ਰੁਪਏ ਕੱਢਣ ਦੇ ਦੋਸ਼ 'ਚ ਅਣਪਛਾਤੇ ਹੈਕਰ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਮਲਕੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਹਰੀਕੇ ਨੇ ਦੱਸਿਆ ਕਿ ਬੀਤੀ 14 ਅਪ੍ਰੈਲ ਨੂੰ ਸਮਾਂ ਕਰੀਬ 10 ਵਜੇ ਰਾਤ ਉਸ ਦੇ ਮੋਬਾਈਲ ਨੰਬਰ 'ਤੇ ਮੈਸੇਜ਼ ਆਏ, ਜਿਸ ਨੂੰ ਵੇਖਣ 'ਤੇ ਪਤਾ




ਲੱਗਾ ਕਿ ਉਸ ਦੇ ਬੈਂਕ ਖਾਤੇ 'ਚੋਂ 2 ਲੱਖ 21 ਹਜ਼ਾਰ ਰੁਪਏ ਨਿਕਲ ਗਏ ਹਨ। ਜਦ ਉਸ ਨੇ ਪੁੱਛ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਕਿਸੇ ਨੇ ਉਸ ਦਾ ਮੋਬਾਈਲ ਹੈਕ ਕਰਕੇ ਉਸ ਦੇ ਬੈਂਕ ਖਾਤੇ 'ਚੋਂ ਇਹ ਰਕਮ ਚੋਰੀ ਕੀਤੀ ਹੈ ਅਤੇ ਆਨਲਾਈਨ ਠੱਗੀ ਮਾਰੀ ਹੈ। ਓਧਰ ਏ. ਐੱਸ. ਆਈ. ਮਨਜੀਤ ਸਿੰਘ ਨੇ ਦੱਸਿਆ ਕਿ ਮੁਦਈ ਦੀ ਸ਼ਿਕਾਇਤ 'ਤੇ ਅਣਪਛਾਤੇ ਮੁਲਜ਼ਮ ਵਿਰੁੱਧ ਮੁਕੱਦਮਾ ਨੰਬਰ 7 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸੜਕ ਹਾਦਸੇ 'ਚ ਕਾਰ ਸਵਾਰ ਔਰਤ ਦੀ ਮੌਤ, ਡਰਾਇਵਰ ਜ਼ਖ਼ਮੀ

ਮਾਛੀਵਾੜਾ ਸਾਹਿਬ 22 ਮਈ। ਸਥਾਨਕ ਰੋਪੜ ਰੋਡ 'ਤੇ ਪਿੰਡ ਸ਼ੇਰੀਆਂ ਨੇੜ੍ਹੇ ਅੱਜ ਬਾਅਦ ਦੁਪਹਿਰ ਵਾਪਰੇ ਸੜਕ ਹਾਦਸੇ ਵਿਚ ਕਾਰ ਸਵਾਰ ਔਰਤ ਜਸਵੀਰ ਕੌਰ (57) ਵਾਸੀ ਮਾਛੀਵਾੜਾ ਸਾਹਿਬ ਦੀ ਮੌਤ ਹੋ ਗਈ ਜਦਕਿ ਉਸਦਾ ਚਾਲਕ ਅਜੈ ਵਾਸੀ ਰੋਪੜ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵੀਰ ਕੌਰ ਆਪਣੇ ਲੜਕੇ ਨੂੰ ਮਿਲਣ ਲਈ ਰੋਪੜ ਗਈ ਸੀ ਅਤੇ ਕਾਰ ਚਾਲਕ ਅਜੈ ਉਸ ਨੂੰ ਮਾਛੀਵਾੜਾ ਵਿਖੇ ਘਰ ਛੱਡਣ ਲਈ ਆ ਰਿਹਾ ਸੀ ਤਾਂ ਰਸਤੇ ਵਿਚ ਪਿੰਡ ਸ਼ੇਰੀਆਂ ਨੇੜ੍ਹੇ ਸਾਹਮਣੇ ਤੋਂ ਆ ਰਹੇ ਤੇਲ ਟੈਂਕਰ ਨਾਲ ਸਿੱਧੀ ਟੱਕਰ ਹੋ ਗਈ। ਇਸ ਹਾਦਸੇ ਵਿਚ ਜਸਵੀਰ ਕੌਰ ਤੇ ਅਜੈ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ਪੁਲਸ ਦੀ 112 ਹੈਲਪਲਾਈਨ ਗੱਡੀ ਦੇ ਚਾਲਕ ਸਹਾਇਕ ਥਾਣੇਦਾਰ ਵਿਜੈ ਕੁਮਾਰ ਨੇ ਦੋਵਾਂ ਨੂੰ ਇਲਾਜ ਲਈ ਸਮਰਾਲਾ ਹਸਪਤਾਲ ਵਿਖੇ ਪਹੁੰਚਾਇਆ। ਡਾਕਟਰਾਂ ਵਲੋਂ ਜਾਂਚ ਦੌਰਾਨ ਦੇਖਿਆ ਕਿ ਜਸਵੀਰ ਕੌਰ ਦੀ ਮੌਤ ਹੋ ਚੁੱਕੀ ਹੈ ਅਤੇ ਅਜੈ ਗੰਭੀਰ ਰੂਪ ਵਿਚ ਜ਼ਖ਼ਮੀ ਹੈ। ਅਜੈ ਦੀ ਹਾਲਤ ਗੰਭੀਰ ਦੇਖਦਿਆਂ ਉਸਨੂੰ ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਪਰਸ਼ੋਤਮ ਲਾਲ ਨੇ ਦੱਸਿਆ ਕਿ ਮ੍ਰਿਤਕ ਜਸਵੀਰ ਕੌਰ ਦੀ ਲਾਸ਼ ਪੋਸਟ ਮਾਰਟਮ ਲਈ ਮੋਰਚਰੀ ਵਿਚ ਰਖਵਾ ਦਿੱਤੀ ਹੈ ਅਤੇ ਹਾਦਸੇ ਵਾਲੇ ਟੈਂਕਰ ਨੂੰ ਕਬਜੇ 'ਚ ਲੈ ਲਿਆ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਟੈਂਕਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਸ ਵਲੋਂ ਮ੍ਰਿਤਕ ਜਸਵੀਰ ਕੌਰ ਦੇ ਪਤੀ ਗੁਰਦੀਪ ਸਿੰਘ ਨੂੰ ਘਟਨਾ ਸਬੰਧੀ ਸੂਚਿਤ ਕੀਤਾ ਗਿਆ ਜੋ ਕਿ ਸਮਰਾਲਾ ਹਸਪਤਾਲ ਵਿਖੇ ਪਹੁੰਚ ਗਏ ਸਨ। ਸਬ-ਇੰਸਪੈਕਟਰ ਪਰਸ਼ੋਤਮ ਲਾਲ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਰੂਹ ਕੰਬਾਊ ਹਾਦਸਾ : ਪੂਰਵਾਂਚਲ ਐਕਸਪ੍ਰੈਸ-ਵੇਅ 'ਤੇ ਵਾਪਰਿਆ ਭਿਆਨਕ ਕਹਿਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 22 ਮਈ। ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ 'ਚ ਪੂਰਵਾਂਚਲ ਐਕਸਪ੍ਰੈਸ-ਵੇਅ 'ਤੇ ਸ਼ਨੀਵਾਰ ਦੁਪਹਿਰ ਇਕ ਰੂਹ ਕੰਬਾਊ ਸੜਕ ਹਾਦਸਾ ਵਾਪਰਿਆ, ਜਿਸ 'ਚ ਬਿਹਾਰ ਦੇ ਇਕੋ ਪਰਿਵਾਰ ਦੇ 5 ਮੈਂਬਰਾਂ ਦੀ ਦਰਦਨਾਕ ਮੌਤ ਹੋ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਤੇਜ਼ ਰਫ਼ਤਾਰ ਕਾਰ ਅੱਗੇ ਜਾ ਰਹੇ ਟਰੱਕ ਦੇ ਪਿਛਲੇ ਹਿੱਸੇ 'ਚ ਇਸ ਤਰ੍ਹਾਂ ਜਾ ਫਸੀ ਕਿ ਟਰੱਕ ਉਸ ਨੂੰ ਕਰੀਬ ਇਕ ਕਿਲੋਮੀਟਰ ਤੱਕ ਘਸੀਟਦਾ ਲੈ ਗਿਆ। ਸੀਨੀਅਰ ਪੁਲਸ ਕਪਤਾਨ ਡਾ. ਅਨਿਲ ਕੁਮਾਰ ਅਨੁਸਾਰ, ਇਹ ਹਾਦਸਾ ਕੰਧਰਾਪੁਰ ਥਾਣਾ ਖੇਤਰ ਦੇ ਮਾਈਲ ਸਟੋਨ 238/239 ਦੇ ਕੋਲ ਵਾਪਰਿਆ। ਗਾਜ਼ੀਪੁਰ ਤੋਂ ਲਖਨਊ ਵੱਲ ਜਾ ਰਹੀ ਤੇਜ਼ ਰਫ਼ਤਾਰ ਸਵਿਫਟ ਡਿਜ਼ਾਇਰ ਕਾਰ ਅਚਾਨਕ ਬੇਕਾਬੂ ਹੋ ਕੇ ਟਰੱਕ ਨਾਲ ਟਕਰਾ ਗਈ। ਇਸ ਹਾਦਸੇ 'ਚ ਕਾਰ ਸਵਾਰ ਮਨੀਸ਼ ਸ਼?ਰੀਵਾਸਤਵ (38), ਉਨ੍ਹਾਂ ਦੀ ਪਤਨੀ ਕੰਚਨ ਸ਼?ਰੀਵਾਸਤਵ




(35), ਬੇਟੀ ਅਦਿਤੀ (16), ਬੇਟੀ ਆਸਥਾ (14) ਅਤੇ 15 ਸਾਲਾ ਪੁੱਤਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਸਾਰੇ ਬਿਹਾਰ ਦੇ ਸਿਵਾਨ ਜ਼ਿਲ੍ਹੇ ਦੇ ਸਿਸਵਨ ਦੇ ਰਹਿਣ ਵਾਲੇ ਸਨ। ਟ?ਰੈਫਿਕ ਪੁਲਸ ਦੇ ਐੱਸ.ਪੀ. ਪੰਕਜ ਸ਼?ਰੀਵਾਸਤਵ ਨੇ ਦੱਸਿਆ ਕਿ ਦੁਪਹਿਰ ਕਰੀਬ ਢਾਈ ਵਜੇ ਸੂਚਨਾ ਮਿਲਣ 'ਤੇ ਪੁਲਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਰਾਹਤ ਟੀਮਾਂ ਨੇ ਕਾਫੀ ਜੱਦੋ-ਜਹਿਦ ਤੋਂ ਬਾਅਦ ਕਾਰ ਨੂੰ ਕੱਟ ਕੇ ਲਾਸ਼ਾਂ ਨੂੰ ਬਾਹਰ ਕੱਢਿਆ। ਮੁੱਢਲੀ ਜਾਂਚ 'ਚ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਲੰਬੇ ਸਫ਼ਰ ਦੌਰਾਨ ਚਾਲਕ ਨੂੰ ਨੀਂਦ ਦੀ ਝਪਕੀ ਆਉਣ ਕਾਰਨ ਕਾਰ ਬੇਕਾਬੂ ਹੋ ਕੇ ਟਰੱਕ 'ਚ ਜਾ ਵੜੀ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਪਰਿਵਾਰ 'ਚ ਮਾਤਮ ਛਾ ਗਿਆ ਹੈ ਅਤੇ ਰਿਸ਼ਤੇਦਾਰ ਸਿਵਾਨ ਤੋਂ ਆਜ਼ਮਗੜ੍ਹ ਲਈ ਰਵਾਨਾ ਹੋ ਗਏ ਹਨ।

## ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਪਤੀ ਦੀ ਮੌਤ ਅਤੇ ਪਤਨੀ ਜ਼ਖ਼ਮੀ

ਕਿਸ਼ਨਗੜ੍ਹ 22 ਮਈ। ਕਿਸ਼ਨਗੜ੍ਹ-ਕਰਤਾਰਪੁਰ ਲਿੰਕ ਸੜਕ 'ਤੇ ਕਿਸ਼ਨਗੜ੍ਹ ਨਜ਼ਦੀਕ ਸਥਿਤ ਸੰਘਵਾਲ ਵਾਲੀ ਨਹਿਰੀ ਪੁਲੀ ਕੋਲ ਇਕ ਕਾਰ ਅਤੇ ਮੋਟਰਸਾਈਕਲ ਦੀ ਜ਼ਬਰਦਸਤ ਟੱਕਰ ਵਿਚ ਮੋਟਰਸਾਈਕਲ ਚਾਲਕ ਪਤੀ ਦੀ ਮੌਤ ਹੋ ਗਈ ਜਦਕਿ ਪਤਨੀ ਗੰਭੀਰ ਜ਼ਖ਼ਮੀ ਹੋ ਗਈ। ਸਥਾਨਕ ਪੁਲਸ ਚੌਕੀ ਕਿਸ਼ਨਗੜ੍ਹ ਦੇ ਇੰਚਾਰਜ ਏ. ਐੱਸ. ਆਈ. ਹਰਦੀਪ ਸਿੰਘ ਨੇ ਦੱਸਿਆ ਕਿ ਨਰਿੰਦਰਪਾਲ ਸਿੰਘ ਪੁੱਤਰ ਨਿਰਮਲ ਸਿੰਘ ਨਿਵਾਸੀ ਪ੍ਰੀਤ ਨਗਰ ਕਪੂਰਥਲਾ ਆਪਣੀ ਪਤਨੀ ਰਣਜੀਤਾ ਨਾਲ ਆਪਣੇ ਘਰੋਂ ਕਰਤਾਰਪੁਰ ਤੋਂ ਹਿਮਾਚਲ ਲਈ ਜਾ ਰਹੇ ਸਨ। ਜਦ ਉਹ ਕਿਸ਼ਨਗੜ੍ਹ ਦੇ




ਨਜ਼ਦੀਕ ਨਹਿਰੀ ਪੁਲੀ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਕਿਸੇ ਅਣਪਛਾਤੀ ਕਾਰ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋਨੋਂ ਪਤੀ-ਪਤਨੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਥਾਨਕ ਲੋਕਾਂ ਵੱਲੋਂ ਕਰਤਾਰਪੁਰ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਜਾਇਆ ਗਿਆ, ਜਿੱਥੇ ਨਰਿੰਦਰ ਪਾਲ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੀ ਪਤਨੀ ਰਣਜੀਤਾ ਨੂੰ ਜਲੰਧਰ ਦੇ ਕਿਸੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਹਾਦਸੇ ਤੋਂ ਬਾਅਦ ਕਾਰ ਚਾਲਕ ਕਾਰ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਸਥਾਨਕ ਪੁਲਸ ਵੱਲੋਂ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ 'ਤੇ ਪਰਚਾ ਦਰਜ ਕਰਨ ਉਪਰੰਤ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਜਲੰਧਰ ਵਿਖੇ ਭੇਜ ਦਿੱਤਾ ਗਿਆ ਤੇ ਕਾਰ ਚਾਲਕ ਦੀ ਭਾਲ ਲਈ ਲੋੜੀਂਦੀ ਕਾਰਵਾਈ ਜਾਰੀ ਰਹੀ ਸੀ।

# ਜਲੰਧਰ 'ਚ ਵੱਡੀ ਵਾਰਦਾਤ ! ਸਾਬਕਾ ਫ਼ੌਜੀ ਦੇ ਘਰ ਬਾਹਰ ਚੱਲੀਆਂ ਤਾਬੜਤੋੜ ਗੋਲੀਆਂ, ਕੰਬਿਆ ਇਹ ਇਲਾਕਾ

**ਕੌਮੀ ਪਤ੍ਰਿਕਾ**

ਜਲੰਧਰ 22 ਮਈ। ਜਲੰਧਰ ਦੇ ਪਾਸ਼ ਇਲਾਕੇ ਵਿਚ ਗੋਲ?ੀਆਂ ਚੱਲਣ ਦੀ ਖ਼ਬਰ ਸਾਹਮਣੇ ਆਈ ਹੈ। ਛੋਟੀ ਬਾਰਾਦਰੀ ਇਲਾਕੇ ਵਿੱਚ ਦੇਰ ਰਾਤ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਇਕ ਮੋਟਰਸਾਈਕਲ ਸਵਾਰ ਨੌਜਵਾਨ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਜਾਣਕਾਰੀ ਅਨੁਸਾਰ ਇਹ ਘਟਨਾ ਛੋਟੀ ਬਾਰਾਦਰੀ 'ਚ ਅਰਬਨ ਅਸਟੇਟ ਫੇਸ-1 ਵਿੱਚ ਸਥਿਤ ਕੋਠੀ ਨੰਬਰ 325 ਦੇ ਬਾਹਰ ਵਾਪਰੀ। ਉਕਤ ਕੋਠੀ ਸਾਬਕਾ ਫੌਜੀ ਅਤੇ ਪੇਸ਼ੇ ਤੋਂ ਜਵੈਲਰ ਗੁਰਦਿਆਲ ਸਿੰਘ ਕਾਂਡਾ ਦੀ ਰਿਹਾਇਸ਼ ਹੈ। ਪੀੜਤ ਗੁਰਦਿਆਲ ਸਿੰਘ ਰਾਤ ਦਾ ਖਾਣਾ ਖਾਣ ਤੋਂ ਬਾਅਦ ਆਪਣੇ ਘਰ ਦੇ ਬਾਹਰ ਟਹਿਲ ਰਹੇ ਸਨ। ਇਸੇ ਦੌਰਾਨ ਇਕ ਅਣਪਛਾਤਾ ਨੌਜਵਾਨ ਮੋਟਰਸਾਈਕਲ 'ਤੇ ਆਇਆ ਅਤੇ ਉਨ੍ਹਾਂ 'ਤੇ ਅਚਾਨਕ



ਗੋਲ?ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਚਸ਼ਮਦੀਦਾਂ ਦੇ ਮੁਤਾਬਕ ਹਮਲਾਵਰ ਨੇ ਕਰੀਬ 5 ਰਾਊਂਡ ਫਾਇਰ ਕੀਤੇ ਅਤੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਗੋਲੀਆਂ ਦੀ ਆਵਾਜ਼ ਸੁਣ ਕੇ ਇਲਾਕੇ ਦੇ ਲੋਕ ਡਰ ਗਏ। ਰਾਹਤ ਦੀ ਗੱਲ ਇਹ ਰਹੀ ਕਿ ਇਸ ਫਾਇਰਿੰਗ 'ਚ ਕਿਸੇ ਦੇ ਜ਼ਖ਼ਮੀ ਹੋਣ ਜਾਂ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਪ੍ਰਸ਼ਾਸਨ ਤੁਰੰਤ ਹਰਕਤ 'ਚ ਆਇਆ ਅਤੇ ਭਾਰੀ ਪੁਲਸ ਫੋਰਸ ਨੇ ਮੌਕੇ 'ਤੇ ਪਹੁੰਚ ਕੇ ਇਲਾਕੇ ਦੀ ਨਾਕਾਬੰਦੀ ਕਰ ਦਿੱਤੀ। ਪੁਲਸ ਦੇ ਉੱਚ ਅਧਿਕਾਰੀਆਂ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ ਅਤੇ ਘਰ ਦੇ ਬਾਹਰ ਲੱਗੇ ਗੋਲ?ੀਆਂ ਦੇ ਨਿਸ਼ਾਨਾਂ ਦੀ ਜਾਂਚ ਕੀਤੀ। ਪੁਲਸ ਵੱਲੋਂ ਹਮਲਾਵਰ ਦੀ ਪਛਾਣ ਕਰਨ ਲਈ ਇਲਾਕੇ ਵਿੱਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਫਾਇਰਿੰਗ ਪਿੱਛੇ ਹਮਲਾਵਰ ਦਾ ਕੀ ਮਕਸਦ ਸੀ। ਪੁਲਸ ਮਾਮਲੇ ਦੀ ਹਰ ਪਹਿਲੂ ਤੋਂ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਥਾਣੇ ਤੋਂ ਸਿਰਫ਼ 600 ਮੀਟਰ ਦੀ ਦੂਰੀ 'ਤੇ ਹੋਇਆ ਵੱਡਾ ਕਾਂਡ ! ਮਦਦ ਲਈ ਰੌਲਾ ਪਾਉਂਦੀ ਰਹੀ ਮਹਿਲਾ

ਜਲੰਧਰ 22 ਮਈ। ਜਲੰਧਰ ਸ਼ਹਿਰ ਵਿੱਚ ਡਕੈਤੀ ਅਤੇ ਚੋਰੀ ਦੀਆਂ ਵਾਰਦਾਤਾਂ ਵਧਣ ਲੱਗੀਆਂ ਹਨ। ਲੁੱਟਖੋਹ ਦਾ ਤਾਜ਼ਾ ਮਾਮਲਾ ਵਾਰਡ ਨੰਬਰ 84 ਤੋਂ ਸਾਹਮਣੇ ਆਇਆ ਹੈ, ਜੋਕਿ ਮਕਸੂਦਾਂ ਪੁਲਸ ਸਟੇਸ਼ਨ ਤੋਂ 600 ਮੀਟਰ ਦੂਰ ਸਥਿਤ ਹੈ। ਮਕਸੂਦਾਂ ਜੰਗਲਾਤ ਵਿਭਾਗ ਨੇੜੇ ਇਕ ਬਾਈਕ ਸਵਾਰ ਲੁਟੇਰਾ ਸ਼ਰੇਆਮ ਇਕ ਔਰਤ ਦੀ ਗਰਦਨ ਤੋਂ ਚੇਨ ਖੋਹ ਕੇ ਭੱਜ ਗਿਆ। ਇਹ ਘਟਨਾ ਨੇੜਲੇ ਸੀ. ਸੀ. ਟੀ. ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ। ਫੁਟੇਜ ਵਿੱਚ ਵਿਖਾਇਆ ਗਿਆ ਹੈ ਕਿ ਬਾਈਕ 'ਤੇ ਸਵਾਰ ਦੋ ਨੌਜਵਾਨਾਂ ਵਿੱਚੋਂ ਇਕ ਔਰਤ ਦਾ ਪਿੱਛਾ ਕਰ ਰਿਹਾ ਸੀ, ਉਸ ਨਾਲ ਲੁੱਟਖੋਹ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਔਰਤ ਆਪਣੇ ਛੋਟੇ ਬੱਚਿਆਂ ਸਮੇਤ, ਮਦਦ ਲਈ ਚੀਕਦੀ ਰਹੀ ਅਤੇ ਆਪਣੇ ਆਪ ਨੂੰ ਬਚਾਉਣ ਲਈ ਗਲੀ ਵਿੱਚ ਭੱਜਦੀ ਵਿਖਾਈ ਦਿੱਤੀ। ਸੀ.ਸੀ.ਟੀ.ਵੀ. ਵਿਚ ਵੇਖਿਆ ਜਾ ਸਕਦਾ ਹੈ ਕਿ ਕੁਝ ਹੀ ਦੂਰੀ 'ਤੇ ਬੱਚੇ ਭੱਜਣ 'ਚ ਅਸਮਰੱਥ ਰਹੇ ਅਤੇ ਔਰਤ ਉਨ੍ਹਾਂ ਖਿੱਚ ਕੇ ਆਪਣੀ ਜਾਨ ਬਚਾਉਣ ਲਈ ਭੱਜਦੀ ਰਹੀ। ਹਾਲਾਂਕਿ ਨਿਡਰ ਲੁਟੇਰੇ ਨੇ ਉਸ ਦੀ ਗਰਦਨ ਤੋਂ ਚੇਨ ਖੋਹ ਲਈ ਅਤੇ ਭੱਜ ਗਿਆ। ਔਰਤ ਦੀਆਂ



ਚੀਕਾਂ ਸੁਣ ਕੇ ਲੋਕ ਆਪਣੇ ਘਰਾਂ ਤੋਂ ਬਾਹਰ ਆ ਗਏ ਅਤੇ ਬਾਈਕ 'ਤੇ ਸਵਾਰ ਲੁਟੇਰਿਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਹਾਲਾਂਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ।

## ਪੰਜਾਬ ਦੇ ਇਸ ਇਲਾਕੇ 'ਚੋਂ ਮਿਲਿਆ ਹੈਂਡ ਗ੍ਰਨੇਡ ! ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

ਫਾਜ਼ਿਲਕਾ 22 ਮਈ। ਪੰਜਾਬ ਦੇ ਅੰਦਰ ਮਾਹੌਲ ਖ਼ਰਾਬ ਕਰਨ ਦੇ ਲਈ ਲਗਾਤਾਰ ਸ਼ਰਾਰਤੀ ਅਨਸਰਾਂ ਦੇ ਵੱਲੋਂ ਵੱਖ-ਵੱਖ ਥਾਵਾਂ 'ਤੇ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਲਈ ਕਈ ਪੈਂਤਰੇ ਵਰਤੇ ਜਾ ਰਹੇ ਹਨ, ਪਰ ਪੰਜਾਬ ਪੁਲਸ ਵੱਲੋਂ ਵਾਰਦਾਤ ਤੋਂ ਪਹਿਲਾਂ ਹੀ ਬਹੁਤ ਸਾਰੇ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਕੇ ਵਾਰਦਾਤਾਂ ਨੂੰ ਟਾਲਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਫਾਜ਼ਿਲਕਾ ਜ਼ਿਲ੍ਹੇ ਦੀ ਪੁਲਸ ਨੇ ਇਕ ਵੱਡੀ ਕਾਮਯਾਬੀ ਹਾਸਲ ਕਰਦੇ ਹੋਏ ਗੁਪਤ ਸੂਚਨਾ ਦੇ ਅਧਾਰ 'ਤੇ ਤਿੰਨ ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਹੈਂਡ ਗ੍ਰਨੇਡ ਬਰਾਮਦ ਕੀਤਾ ਹੈ। ਇਸ ਸਬੰਧੀ ਥਾਣਾ ਅਰਨੀਵਾਲਾ ਵਿਖੇ The Explosive Substances act ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਾਰਡ ਲਿੰਕਾਂ ਦਾ ਪਤਾ ਲਗਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਦੋਸ਼ੀਆਂ ਦੇ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਦੇ ਅੰਦਰ ਹੋਰ ਵੱਡੀ ਰਿਕਵਰੀ ਹੋਣ ਦੀ ਆਸ ਵੀ ਹੈ।

## 72 ਸਾਲਾ ਬਜ਼ੁਰਗ ਨੂੰ ਲੁੱਟਣ ਤੇ ਅਗਵਾ ਕਰਨ ਦੇ ਮਾਮਲੇ 'ਚ ਅਸ਼ੋਕ ਚੱਕਰ ਜੇਤੂ ਜਵਾਨ ਸਣੇ 4 ਗ੍ਰਿਫਤਾਰ

ਨਵੀਂ ਦਿੱਲੀ 22 ਮਈ। ਦੱਖਣੀ ਦਿੱਲੀ ਦੇ ਸੈਨਿਕ ਫਾਰਮ ਇਲਾਕੇ ਵਿਚ ਇਕ 72 ਸਾਲਾ ਚਾਰਟਰਡ ਅਕਾਊਂਟੈਂਟ ਨੂੰ ਕਥਿਤ ਤੌਰ 'ਤੇ 'ਹਨੀ-ਟਰੈਪ' ਵਿਚ ਫਸਾਉਣ, ਅਗਵਾ ਕਰਨ ਅਤੇ ਲੁੱਟ-ਖੋਹ ਕਰਨ ਦੇ ਦੋਸ਼ ਵਿਚ ਫੌਜ ਦੇ ਇਕ ਅਸ਼ੋਕ ਚੱਕਰ ਜੇਤੂ ਜਵਾਨ ਸਮੇਤ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੀ ਜਾਂਚ ਦੌਰਾਨ ਪੁਲਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਬਜ਼ੁਰਗ ਨਾਲ ਕਥਿਤ ਤੌਰ 'ਤੇ ਕੁੱਟਮਾਰ ਕੀਤੀ, ਉਸ ਦੇ ਘਰੋਂ ਨਕਦੀ, ਗਹਿਣੇ ਅਤੇ ਦਸਤਾਵੇਜ਼ ਲੁੱਟ ਲਏ ਅਤੇ ਫਿਰ ਉਸ ਦੀ ਹੀ ਕਾਰ ਵਿਚ ਉਸ ਨੂੰ ਅਗਵਾ ਕਰ ਲਿਆ। ਇਸ ਘਟਨਾ ਤੋਂ ਬਾਅਦ ਉਸ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਵਸੂਲਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਵਿਚ ਅਸਫਲ ਰਹਿਣ 'ਤੇ ਮੁਲਜ਼ਮਾਂ ਨੇ ਉਸ ਨੂੰ ਹਰਿਆਣਾ ਵਿਚ ਦਿੱਲੀ-ਮੁੰਬਈ ਹਾਈਵੇਅ ਦੇ ਨੇੜੇ ਛੱਡ ਦਿੱਤਾ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਹਰਿਆਣਾ ਦੇ ਫਤਿਹਾਬਾਦ ਦੇ ਰਹਿਣ ਵਾਲੇ ਅਤੇ ਅਸ਼ੋਕ ਚੱਕਰ ਜੇਤੂ ਸੁਰਿੰਦਰ (31), ਦਿੱਲੀ ਦੇ ਕਾਲਕਾਜੀ ਦੀ ਰਹਿਣ ਵਾਲੀ ਕਲਪਨਾ ਕੁਮਾਰੀ (40) ਅਤੇ ਫਤਿਹਾਬਾਦ ਦੇ ਨਿਵਾਸੀ ਕੁਲਦੀਪ ਅਤੇ ਸੁਸ਼ੀਲ ਵਜੋਂ ਕੀਤੀ ਹੈ।

## ਸਬਜ਼ੀ ਮੰਡੀ 'ਚ ਪ੍ਰਵਾਸੀ ਮਜ਼ਦੂਰਾਂ 'ਤੇ ਅਣਪਛਾਤਿਆਂ ਵੱਲੋਂ ਜਾਨਲੇਵਾ ਹਮਲਾ

ਨਿਹਾਲ ਸਿੰਘ ਵਾਲਾ 22 ਮਈ। ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਦੀ ਨਵੀਂ ਦਾਣਾ ਮੰਡੀ ਵਿੱਚ ਸਥਿਤ ਇੱਕ ਸਬਜ਼ੀ ਵਿਕਰੇਤਾ ਦੇ ਗੋਦਾਮ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਮਜ਼ਦੂਰਾਂ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਹਮਲੇ ਦੀ ਸਾਰੀ ਘਟਨਾ ਉੱਥੇ ਲੱਗੇ ਸੀਸੀਟੀਵੀ (33"ਹ) ਕੈਮਰਿਆਂ ਵਿੱਚ ਕੈਦ ਹੋ ਗਈ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ, ਕਰੀਬ 10 ਤੋਂ 12 ਅਣਪਛਾਤੇ ਵਿਅਕਤੀ ਅਚਾਨਕ ਗੋਦਾਮ ਅੰਦਰ ਦਾਖਲ ਹੋਏ ਅਤੇ ਉੱਥੇ ਕੰਮ ਕਰ ਰਹੇ ਪ੍ਰਵਾਸੀ ਮਜ਼ਦੂਰਾਂ ਉੱਪਰ ਹਮਲਾ ਕਰ ਦਿੱਤਾ। ਹਮਲਾਵਰਾਂ ਕੋਲ ਲੋਹੇ ਦੀਆਂ ਰੋਡਾਂ ਸਨ, ਜਿਸ ਕਾਰਨ ਤਿੰਨ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਜ਼ਖਮੀਆਂ ਨੂੰ ਤੁਰੰਤ ਇਲਾਜ ਲਈ ਮੋਗਾ ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਗੋਦਾਮ ਦੇ ਮੁਨੀਮ ਮਿਲਾਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਾਂ ਮਜ਼ਦੂਰਾਂ ਦੀ ਕਿਸੇ ਨਾਲ ਕੋਈ ਪੁਰਾਣੀ ਰੰਜਿਸ਼ ਨਹੀਂ ਸੀ। ਹਮਲਾਵਰਾਂ ਨੇ ਦਾਅਵਾ ਕੀਤਾ ਕਿ ਉਹਨਾਂ ਦਾ ਮੋਬਾਈਲ ਫੋਨ ਖੋਹਿਆ ਗਿਆ ਸੀ, ਜਿਸ ਦੀ ਲੋਕੇਸ਼ਨ ਇਸ ਜਗ?ਹਾ ਦੀ ਦਿਖਾ ਰਹੀ ਸੀ। ਇਸ ਤੋਂ ਇਲਾਵਾ ਹਮਲਾਵਰਾਂ ਨੇ ਮਜ਼ਦੂਰਾਂ 'ਤੇ ਗੱਡੀ ਮਾਰਨ ਦੇ ਇਲਜ਼ਾਮ ਵੀ ਲਗਾਏ, ਜਦਕਿ ਮੁਨੀਮ ਅਨੁਸਾਰ ਮਜ਼ਦੂਰ ਸਾਰੀ ਦਿਹਾੜੀ ਉਹਨਾਂ ਦੇ ਸਾਹਮਣੇ ਹੀ ਕੰਮ ਕਰ ਰਹੇ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਸ ਮਾਮਲੇ ਦੀ ਜਾਂਚ ਵਿੱਚ ਜੁੱਟ ਗਈ ਹੈ। ਡੀ.ਐੱਸ.ਪੀ. ਅਨਵਰ ਅਲੀ ਨੇ ਇਸ ਮਾਮਲੇ ਦੀ ਪੁਸ਼ਟੀ ਕੀਤੀ ਹੈ ਅਤੇ ਪੁਲਸ ਵੱਲੋਂ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਪਾਵਰਕਾਮ ਦੇ ਲਾਈਨਮੈਨ ਤੋਂ ਨਕਦੀ ਖੋਹਣ ਵਾਲੇ ਦੋ ਮੋਟਰਸਾਈਕਲ ਸਵਾਰਾਂ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨਵਾਂਸ਼ਹਿਰ 22 ਮਈ। ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਪਾਵਰਕਾਮ ਦੇ ਲਾਈਨਮੈਨ ਤੋਂ ਨਕਦੀ ਖੋਹਣ ਵਾਲੇ ਦੋ ਮੋਟਰਸਾਈਕਲ ਸਵਾਰਾਂ ਨੂੰ ਪੁਲਸ ਨੇ ਕਾਬੂ ਕਰਕੇ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਬਰਾਮਦ ਕੀਤਾ ਹੈ। ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸਰਦਾਰਾ ਸਿੰਘ ਪੁੱਤਰ ਗਰੀਬ ਦਾਸ ਵਾਸੀ ਪਿੰਡ ਰਾਮ ਰਾਏਪੁਰ ਥਾਣਾ ਸਦਰ ਨਵਾਂਸ਼ਹਿਰ ਨੇ ਦੱਸਿਆ ਕਿ ਉਹ ਪਾਵਰ ਵਰਕਸ ਵਿਭਾਗ 'ਚ ਬਤੌਰ ਲਾਈਨਮੈਨ ਡਿਊਟੀ ਕਰਦਾ ਹੈ ਅਤੇ ਅਕਸਰ ਹੀ ਬਿਜਲੀ ਦੀ ਮੁਰੰਮਤ ਲਈ ਪਿੰਡਾਂ 'ਚ ਜਾਂਦਾ ਹੈ। ਉਸ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਵੀ ਉਹ ਆਪਣੇ ਮੋਟਰਸਾਈਕਲ 'ਤੇ ਪਿੰਡ ਰਾਮ ਰਾਏਪੁਰ ਵੱਲ ਜਾ ਰਿਹਾ ਸੀ ਤਾਂ ਸਾਹਿਬਾਜਪੁਰ ਨਹਿਰ ਦੇ ਪੁਲ




ਤੋਂ ਥੋੜ੍ਹਾ ਅੱਗੇ ਰਾਮ ਰਾਏਪੁਰ ਮੋੜ 'ਤੇ ਦੋ ਮੋਟਰਸਾਈਕਲ ਸਵਾਰਾਂ ਨੇ ਪਿੱਛੇ ਤੋਂ ਆ ਕੇ ਚਲਦੇ ਮੋਟਰਸਾਈਕਲ ਨੂੰ ਲੱਤ ਮਾਰ ਦਿੱਤੀ, ਜਿਸ ਕਾਰਨ ਉਹ ਮੋਟਰਸਾਈਕਲ ਸਮੇਤ ਹੇਠਾਂ ਡਿੱਗ ਗਿਆ। ਉਕਤ ਬਾਈਕ ਸਵਾਰ ਵਿਅਕਤੀ ਆਪਣਾ ਮੋਟਰਸਾਈਕਲ ਖੜ੍ਹਾ ਕਰ ਕੇ ਉਸ ਵੱਲ ਆਏ ਅਤੇ ਇਕ ਨੌਜਵਾਨ ਨੇ ਉਸ ਦੇ ਹੱਥ ਵਿਚ ਕਿਰਪਾਨ ਫੜ ਕੇ ਉਸ ਨੂੰ ਡਰਾ ਧਮਕਾ ਕੇ ਉਸ ਦੀ ਜੇਬ ਵਿਚੋਂ 2500 ਰੁਪਏ ਦੀ ਨਕਦੀ ਅਤੇ ਆਧਾਰ ਕਾਰਡ ਦੀ ਫੋਟੋ ਕਾਪੀ ਧੱਕੇ ਨਾਲ ਕੱਢ ਕੇ ਪਿੰਡ ਲੰਗੜੋਆ ਵੱਲ ਨੂੰ ਭੱਜ ਗਏ। ਉਸ ਨੇ ਦੱਸਿਆ ਕਿ ਉਕਤ ਲੁਟੇਰਿਆਂ ਦਾ ਮੋਟਰਸਾਈਕਲ ਨੰਬਰ ਪੜ੍ਹ ਕੇ ਪਹਿਲਾਂ ਹੀ ਪਛਾਣ ਲਿਆ ਸੀ। ਜਿਸ ਦਾ ਨਾਂ ਮਾਨ ਸਿੰਘ ਪੁੱਤਰ ਸ਼ੁਲਿੰਦਰਪਾਲ ਅਤੇ ਬਾਈਕ ਦੇ ਪਿੱਛੇ ਬੈਠੇ ਨੌਜਵਾਨ ਦਾ ਨਾਂ ਰੋਹਿਤ ਉਰਫ਼ ਹਨੀ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਮਲਕਪੁਰ ਥਾਣਾ ਰਾਹੋਂ ਹੈ। ਪੁਲਸ ਦੇ ਤਫ਼ਤੀਸ਼ੀ ਅਫ਼ਸਰ ਏ.ਐੱਸ.ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਨਕਦੀ ਖੋਹਣ ਵਾਲੇ ਮੁਲਜ਼ਮ ਮਾਨ ਸਿੰਘ ਅਤੇ ਰੋਹਿਤ ਉਰਫ਼ ਹਨੀ ਨੂੰ ਗ੍ਰਿਫ਼ਤਾਰ ਕਰ ਕੇ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਬਰਾਮਦ ਕਰ ਲਿਆ ਹੈ। ਉਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਵਿਰੁੱਧ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਐੱਸ. ਐੱਚ. ਓ. ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ 'ਤੇ ਲਿਆ ਜਾਵੇਗਾ।

### ਨਸ਼ੇ ਦਾ ਸੇਵਨ ਕਰਦਾ ਇਕ ਨੌਜਵਾਨ ਗ੍ਰਿਫ਼ਤਾਰ

ਹੁਸ਼ਿਆਰਪੁਰ 22 ਮਈ। ਥਾਣਾ ਸਿਟੀ ਪੁਲਸ ਨੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਸਬ-ਇੰਸਪੈਕਟਰ ਹਰਦੀਪ ਸਿੰਘ ਸਾਥੀ ਕਰਮਚਾਰੀਆਂ ਸਮੇਤ ਲੇਬਰ ਸ਼ੈੱਡ ਦੀ ਬੈਕ ਸਾਈਡ ਕਾਰ ਪਾਰਕਿੰਗ ਤੋਂ ਹੁੰਦੇ ਹੋਏ ਸੈਸ਼ਨ ਚੌਕ ਵੱਲ ਜਾ ਰਹੇ ਸਨ। ਜਦੋਂ ਉਹ ਕਾਰ ਪਾਰਕਿੰਗ ਨੇੜੇ ਪਹੁੰਚੇ ਤਾਂ ਪਾਰਕਿੰਗ ਦੀ ਕੰਧ ਦੀ ਓਟ 'ਚ ਇਕ ਨੌਜਵਾਨ ਬੈਠਾ ਵਿਖਾਈ ਦਿੱਤਾ, ਜੋਕਿ ਨਸ਼ੇ ਦਾ ਸੇਵਨ ਕਰ ਰਿਹਾ ਸੀ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਤਿਵਸ਼ਾ ਸ਼ਰਮਾ ਇਸ ਤੋਂ ਵਧੀਆ ਦੀ ਹੱਕਦਾਰ ਸੀ

**ਕੌਮੀ ਪਤ੍ਰਿਕਾ**

12 ਮਈ 2026 ਦੀ ਰਾਤ, ਤਿਵਸ਼ਾ ਸ਼ਰਮਾ ਨੇ ਭੋਪਾਲ ਤੋਂ ਘਰ ਫ਼ੋਨ ਕੀਤਾ। ਮਾਂ ਨਾਲ ਗੱਲ ਹੋ ਰਹੀ ਸੀ, ਅਚਾਨਕ ਲਾਈਨ ਕੱਟ ਗਈ। ਪਿਤਾ ਨੇ ਦੋ ਘੰਟੇ ਤੱਕ ਕਾਲ ਕੀਤੀ। ਕਿਸੇ ਨੇ ਨਹੀਂ ਚੁੱਕੀ। ਜਦੋਂ ਫ਼ੋਨ ਚੁੱਕਿਆ, ਸੱਸ ਗਿਰਿਬਾਲਾ ਸਿੰਘ ਨੇ ਤਿੰਨ ਸ਼ਬਦ ਕਹੇ: ਉਹ ਹੁਣ ਨਹੀਂ ਰਹੀ। ਤਿਵਸ਼ਾ 33 ਸਾਲ ਦੀ ਸੀ। ਸਮਰਥ ਸਿੰਘ ਨਾਲ ਵਿਆਹ ਨੂੰ ਸਿਰਫ਼ ਪੰਜ ਮਹੀਨੇ ਹੋਏ ਸਨ। ਪਰਿਵਾਰ ਕਹਿੰਦਾ ਹੈ ਕਿ ਵਿਆਹ ਤੋਂ ਬਾਅਦ ਤੁਰੰਤ ਤਾਅਨੇ ਸ਼ੁਰੂ ਹੋਏ, ਮਈ ਦੇ ਪਹਿਲੇ ਹਫ਼ਤੇ ਜ਼ਬਰਦਸਤੀ ਗਰਭਪਾਤ ਕਰਵਾਇਆ ਗਿਆ, ਅਤੇ ਉਸਦੇ ਵ?ਹਾਟਸਐਪ ਸੁਨੇਹੇ ਇਹੀ ਕਹਿੰਦੇ ਹਨ: ਮੇਰੀ ਜ਼ਿੰਦਗੀ ਨਰਕ ਬਣ ਗਈ ਹੈ।

**ਪੋਸਟਮਾਰਟਮ ਦੀ ਸਮੱਸਿਆ**

ਇੱਥੇ ਮਾਮਲਾ ਹੋਰ ਵੀ ਗੰਭੀਰ ਹੋ ਜਾਂਦਾ ਹੈ। ਤਿਵਸ਼ਾ ਦਾ ਪੋਸਟਮਾਰਟਮ AIIMS ਭੋਪਾਲ ਵਿੱਚ ਹੋਇਆ। ਰਿਪੋਰਟ ਵਿੱਚ ਮੌਤ ਦਾ ਕਾਰਨ ਐਂਟੀਮਾਰਟਮ ਹੈਂਗਿੰਗ ਦੱਸਿਆ ਗਿਆ, ਯਾਨੀ ਫਾਂਸੀ ਲੱਗਣ ਵੇਲੇ ਉਹ ਜ਼ਿੰਦਾ ਸੀ। ਪਰ ਜਿਸ ਬੈਲਟ ਨਾਲ ਕਥਿਤ ਤੌਰ ’ਤੇ ਫਾਂਸੀ ਲਾਈ ਗਈ, ਉਹ ਪਹਿਲੇ ਪੋਸਟਮਾਰਟਮ ਦੌਰਾਨ ਮੌਜੂਦ ਹੀ ਨਹੀਂ ਸੀ। ਪਰਿਵਾਰ ਅਤੇ ਉਨ੍ਹਾਂ ਦੇ ਵਕੀਲ ਨੇ ਰਿਕਾਰਡ ’ਤੇ ਕਿਹਾ ਹੈ: ਫਾਂਸੀ ਵਿੱਚ ਵਰਤੇ ਗਏ ਕਥਿਤ ਸਾਧਨ ਤੋਂ ਬਿਨਾਂ ਹੀ ਮੌਤ ਦਾ ਕਾਰਨ ਦਰਜ ਕਰ ਦਿੱਤਾ ਗਿਆ। ਬੈਲਟ ਦੀ ਜਾਂਚ ਕੀਤੇ ਬਿਨਾਂ ਉਸ ਤੋਂ ਹੋਈਆਂ ਸੱਟਾਂ ਦਾ ਦਸਤਾਵੇਜ਼ ਕਿਵੇਂ ਬਣ ਸਕਦਾ ਹੈ? ਉਹ ਬੈਲਟ ਪੋਸਟਮਾਰਟਮ ਦੇ ਦੋ ਦਿਨ ਬਾਅਦ ਹਸਪਤਾਲ ਪਹੁੰਚੀ। ਕਮਿਸ਼ਨਰ ਸੰਜੇ



ਕੁਮਾਰ ਨੇ ਇਸਨੂੰ ਖਾਮੀ ਕਿਹਾ। ਤਿਵਸ਼ਾ ਦੇ ਪਿਤਾ ਨਵਨਿਧੀ ਸ਼ਰਮਾ ਨੇ ਇਸਨੂੰ ਉਹੀ ਕਿਹਾ ਜੋ ਇਹ ਹੈ: ਸਬੂਤਾਂ ਨਾਲ ਛੇੜਛਾੜ। ਇਹ ਕੋਈ ਛੋਟੀ ਤਕਨੀਕੀ ਗਲਤੀ ਨਹੀਂ ਹੈ। ਜਦੋਂ ਮੌਤ ਦਾ ਕਾਰਨ ਹੀ ਵਿਵਾਦ ਵਿੱਚ ਹੋਵੇ, ਤਾਂ ਲਿਗੇਚਰ ਦਾ ਪੋਸਟਮਾਰਟਮ ਵਿੱਚ ਨਾ ਹੋਣਾ ਮੈਡੀਕਲ ਰਿਕਾਰਡ ਵਿੱਚ ਇੱਕ ਵੱਡਾ ਖਾਲੀਪਣ ਹੈ। ਹਰ ਫੋਰੈਂਸਿਕ ਮਾਹਰ ਇਹੀ ਕਹੇਗਾ ਕਿ ਸੱਟਾਂ ਦੇ ਨਾਲ ਲਿਗੇਚਰ ਦਾ ਮੇਲ ਕਰਨਾ ਵਿਕਲਪਿਕ ਨਹੀਂ, ਜ਼ਰੂਰੀ ਹੈ। ਉਸ ਤੋਂ ਬਿਨਾਂ ਨਤੀਜੇ ਅਧੂਰੇ ਹਨ। ਇਸੇ ਲਈ AIIMS ਦੀ ਪੰਜ ਡਾਕਟਰਾਂ ਦੀ ਟੀਮ ਦਾ ਮਹੱਤਵ ਇੰਨਾ ਜ਼ਿਆਦਾ ਹੈ। ਇਹ ਦੇਸ਼ ਦੇ ਸਭ ਤੋਂ ਵੱਡੇ ਮੈਡੀਕਲ ਅਦਾਰੇ ਦੇ ਮਾਹਰ ਹਨ, ਜੋ ਪਹਿਲੀ ਵਾਰ ਗਾਇਬ ਰਹੇ ਸਬੂਤ ਦੇ ਨਾਲ ਤਾਜ਼ੀਆਂ ਨਜ਼ਰਾਂ ਨਾਲ ਜਾਂਚ ਕਰਨਗੇ। ਜੇ ਬੈਲਟ ’ਤੇ ਮਿਲੇ ਨਿਸ਼ਾਨ ਪਹਿਲੀ ਰਿਪੋਰਟ ਦੇ ਨਤੀਜਿਆਂ ਨਾਲ ਮੇਲ ਨਹੀਂ ਖਾਂਦੇ, ਜਾਂ ਸੱਟਾਂ ਨਵੇਂ ਸਵਾਲ ਖੜ੍ਹੇ ਕਰਦੀਆਂ ਹਨ, ਤਾਂ ਪਰਿਵਾਰ ਨੂੰ ਪਹਿਲੀ ਵਾਰ ਕੁਝ ਠੋਸ ਮਿਲੇਗਾ। ਗਿਰਿਬਾਲਾ ਸਿੰਘ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਕਿਹਾ ਕਿ ਤਿਵਸ਼ਾ ਗਾਂਜੇ ਦੀ ਆਦੀ ਸੀ। ਪੋਸਟਮਾਰਟਮ ਵਿੱਚ ਨਸ਼ੇ ਦਾ ਕੋਈ ਨਿਸ਼ਾਨ ਨਹੀਂ। ਅਤੇ ਫਿਰ ਵੀ ਸੈਸ਼ਨਜ਼ ਕੋਰਟ ਨੇ ਉਨ੍ਹਾਂ ਦੀ ਉਮਰ 63 ਸਾਲ ਅਤੇ ਸਾਬਕਾ ਜੱਜ ਦੀ ਹੈਸੀਅਤ ਦੇਖ ਕੇ ਅਗਾਊਂ ਜ਼ਮਾਨਤ ਦੇ ਦਿੱਤੀ। ਉਧਰ ਤਿਵਸ਼ਾ ਦੇ ਪਿਤਾ ਮੁਰਦਾਘਰ ਦੇ ਬਾਹਰ ਖੜ੍ਹੇ ਸਨ, ਧੀ ਦੀ ਅੰਤਿਮ ਕਿਰਿਆ ਤੋਂ ਇਨਕਾਰ ਕਰਦੇ ਹੋਏ।

**ਪਾਸਾ ਪਲਟ ਰਿਹਾ ਹੈ**

329 ਜਾਂਚ ਨੂੰ ਮਨਜ਼ੂਰੀ ਮਿਲ ਗਈ ਹੈ। ਜਦੋਂ ਇੱਕ ਮੁਲਜ਼ਮ ਖੁਦ ਰਿਟਾਇਰਡ ਜੱਜ ਹੋਵੇ ਅਤੇ ਸਿਸਟਮ ਦੀਆਂ ਬਾਰੀਕੀਆਂ ਜਾਣਦੀ ਹੋਵੇ, ਤਾਂ ਸਥਾਨਕ ਜਾਂਚ ’ਤੇ ਦਬਾਅ ਸਿਰਫ਼ ਸ਼ੱਕ ਨਹੀਂ, ਢਾਂਚਾਗਤ ਹਕੀਕਤ ਹੈ। 329 ਕੋਲ ਉਹ ਦੂਰੀ ਅਤੇ ਅਧਿਕਾਰ ਹੈ ਜਿਸਦੀ ਇਸ ਕੇਸ ਨੂੰ ਹਮੇਸ਼ਾ ਤੋਂ ਲੋੜ ਸੀ। ਸਮਰਥ ਸਿੰਘ, ਜੋ ਪਤਨੀ ਦੀ ਮੌਤ ਵਾਲੇ ਦਿਨ ਤੋਂ ਫ਼ਰਾਰ ਸਨ, ਉਨ੍ਹਾਂ ਨੇ ਅਗਾਊਂ ਜ਼ਮਾਨਤ ਅਰਜ਼ੀ ਵਾਪਸ ਲੈ ਲਈ ਹੈ ਅਤੇ ਹੁਣ ਪੁਲਿਸ ਦੇ ਸਾਹਮਣੇ ਸਮਰਪਣ ਕਰਨਗੇ। ਉਨ੍ਹਾਂ ਨੇ ਹਾਈ ਕੋਰਟ ਵਿੱਚ ਦਾਅਵਾ ਕੀਤਾ ਸੀ ਕਿ ਪਰਿਵਾਰ ਦੇ ਵ?ਹਾਟਸਐਪ ਸੁਨੇਹੇ ਸੰਪਾਦਿਤ ਅਤੇ ਅਧੂਰੇ ਹਨ। ਉਹੀ ਸੁਨੇਹੇ ਜਿਨ੍ਹਾਂ ਵਿੱਚ ਤਿਵਸ਼ਾ ਨੇ ਆਪਣੇ ਹੱਥੀਂ ਲਿਖਿਆ ਸੀ ਕਿ ਉਸਦੀ ਜ਼ਿੰਦਗੀ ਨਰਕ ਬਣ ਗਈ ਹੈ। ਹੁਣ ਉਨ੍ਹਾਂ ਨੂੰ ਇਹ ਸਭ ਕਾਨੂੰਨ ਦੇ ਸਾਹਮਣੇ ਕਹਿਣਾ ਪਵੇਗਾ।

**ਅਜੇ ਹੋਰ ਕੀ ਹੋਣਾ ਚਾਹੀਦਾ ਹੈ**

329 ਦੀ ਜਾਂਚ ਅਸਲੀ ਹੋਣੀ ਚਾਹੀਦੀ ਹੈ। ਹਰ ਸੁਨੇਹਾ, ਹਰ ਕਾਲ ਰਿਕਾਰਡ, ਹਰ ਮੈਡੀਕਲ ਦਸਤਾਵੇਜ਼ ਦੀ ਜਾਂਚ ਹੋਣੀ ਚਾਹੀਦੀ ਹੈ। ਬੈਲਟ ਦਾ ਫੋਰੈਂਸਿਕ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ ਅਤੇ ਇਹ ਸਵਾਲ ਰਿਕਾਰਡ ’ਤੇ ਜਵਾਬ ਮੰਗਦਾ ਹੈ ਕਿ ਉਹ ਦੋ ਦਿਨ ਤੱਕ ਕਿੱਥੇ ਰਹੀ। ਗਿਰਿਬਾਲਾ ਸਿੰਘ ਦੀ ਜ਼ਮਾਨਤ, ਜਿਸਨੂੰ ਪਰਿਵਾਰ ਨੇ ਮੱਧ ਪ੍ਰਦੇਸ਼ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ, ਨੂੰ ਉਮਰ ਅਤੇ ਸਾਬਕਾ ਹੈਸੀਅਤ ਦੀ ਆੜ ਵਿੱਚ ਨਹੀਂ, ਤੱਥਾਂ ਦੇ ਆਧਾਰ ’ਤੇ ਪਰਖਿਆ ਜਾਣਾ ਚਾਹੀਦਾ ਹੈ। ਤਿਵਸ਼ਾ ਦੇ ਭਰਾ ਆਸ਼ੀਸ਼ ਨੇ ਸਿੱਧਾ ਕਿਹਾ: ਪਿਤਾ ਅਦਾਲਤ ਗਏ, ਕਿਹਾ ਗਿਆ ਜ਼ਮਾਨਤ ਨਹੀਂ ਮਿਲੇਗੀ, ਮਿਲ ਗਈ। ਦੂਜੇ ਪੋਸਟਮਾਰਟਮ ਲਈ ਗਏ, ਹਾਂ ਮਿਲੀ, ਫਿਰ ਨਾਂਹ, ਫਿਰ ਹਾਈ ਕੋਰਟ। ਪਰਿਵਾਰ ਕਾਨੂੰਨੀ ਦੌੜ ਲਾ ਰਿਹਾ ਹੈ ਜਦੋਂਕਿ ਮੁਲਜ਼ਮ ਆਰਾਮ ਕਰ ਰਹੇ ਹਨ। ਇਹ ਹੁਣ ਬੰਦ ਹੋਣਾ ਚਾਹੀਦਾ ਹੈ। 329 ਆ ਗਈ ਹੈ। AIIMS ਦੀ ਟੀਮ ਭੋਪਾਲ ਜਾ ਰਹੀ ਹੈ। ਸਮਰਥ ਸਿੰਘ ਆਖਰਕਾਰ ਕਾਨੂੰਨ ਦਾ ਸਾਹਮਣਾ ਕਰਨਗੇ। ਹੁਣ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

**ਲੇਖਕ: ਡਾ. ਏ. ਪੀ. ਸਿੰਘ,**
ਸੁਪਰੀਮ ਕੋਰਟ ਆਫ ਇੰਡੀਆ ਦੇ ਪ੍ਰਸਿੱਧ ਵਕੀਲ

## ਸਸਤਾ ਹੋ ਗਿਆ ਸੋਨਾ-ਚਾਂਦੀ ! ਮੂਧੇ ਮੂੰਹ ਡਿੱਗੀਆਂ ਕੀਮਤਾਂ

ਬਿਜ਼ਨੈੱਸ ਡੈਸਕ 22 ਮਈ। ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ’ਚ ਵੀਰਵਾਰ ਨੂੰ ਗਿਰਾਵਟ ਦੇਖਣ ਨੂੰ ਮਿਲੀ। ਘਰੇਲੂ ਵਾਅਦਾ ਬਾਜ਼ਾਰ ’ਚ ਦੋਵੇਂ ਕੀਮਤੀ ਧਾਤੂਆਂ ਦੀ ਸ਼ੁਰੂਆਤ ਗਿਰਾਵਟ ਨਾਲ ਹੋਈ। ਖ਼ਬਰ ਲਿਖੇ ਜਾਣ ਤੱਕ MCX ’ਤੇ ਸੋਨਾ ਕਰੀਬ 1,59,651 ਰੁਪਏ ਪ੍ਰਤੀ 10 ਗ੍ਰਾਮ, ਜਦੋਂ ਕਿ ਚਾਂਦੀ ਲਗਭਗ 2,72,391 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਪੱਧਰ ’ਤੇ ਕਾਰੋਬਾਰ ਕਰ ਰਹੀ ਸੀ।

## ਜਲੰਧਰ ’ਚ ਹੈਰਾਨੀਜਨਕ ਮਾਮਲਾ ! 9ਵੀਂ ਜਮਾਤ ਦੀ ਕੁੜੀ ਨੇ ਮੁੰਡੇ ਨੂੰ ਦਿੱਤਾ ਜਨਮ, ਇੰਝ ਖੁੱਲ੍ਹਿਆ ਭੇਤ

ਫਿਲੌਰ/ਗੋਰਾਇਆ 22 ਮਈ। ਮੁਨੀਸ਼, ਹੇਮੰਤ)– ਜਲੰਧਰ ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਫਿਲੌਰ ਸਬ ਡਿਵੀਜ਼ਨ ’ਚ ਬਿਲਗਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ’ਚ ਆਉਂਦੇ ਇਕ ਪਿੰਡ ’ਚ 15 ਸਾਲਾ ਨਾਬਾਲਗ ਵਿਦਿਆਰਥਣ ਨੇ ਇਕ ਬੱਚੇ ਨੂੰ ਜਨਮ ਦਿੱਤਾ ਹੈ। ਪੀੜਤਾ 9ਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਕਿਸੇ ਰਿਸ਼ਤੇਦਾਰ ਨਾਲ ਰਹਿ ਰਹੀ ਸੀ। ਇਸ ਘਟਨਾ ਤੋਂ ਬਾਅਦ ਪੁਲਸ ਨੇ ਅੰਮ੍ਰਿਤਸਰ ਦੇ ਰਹਿਣ ਵਾਲੇ ਰਾਹੁਲ ਨਾਮਕ ਨੌਜਵਾਨ ਵਿਰੁੱਧ ਭਾਰਤੀ ਨਿਆ ਸੰਹਿਤਾ ਦੀ ਧਾਰਾ 65(1) ਅਤੇ ਪੋਕਸੋ ਐਕਟ ਦੀ ਧਾਰਾ 6 ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਪੀੜਤ ਕੁੜੀ ਦੀ ਰਿਸ਼ਤੇਦਾਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ 15 ਸਾਲਾ ਭਤੀਜੀ 9ਵੀਂ ਕਲਾਸ ਵਿਚ ਪੜ੍ਹਦੀ ਹੈ। ਪੀੜਤਾ ਉਨ੍ਹਾਂ ਦੇ ਭਰਾ ਦੀ ਛੋਟੀ ਬੇਟੀ ਹੈ। ਕੁੜੀ ਦੀ ਮਾਂ ਕਰੀਬ 13 ਸਾਲ ਪਹਿਲਾਂ ਉਨ੍ਹਾਂ ਨੂੰ ਛੱਡ ਕੇ ਚਲੀ ਗਈ ਸੀ ਅਤੇ ਉਸ ਦੇ ਪਿਤਾ ਦੀ ਸਵਾ ਸਾਲ ਪਹਿਲਾਂ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਕੁੜੀ ਉਸ ਦੇ ਕੋਲ ਹੀ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਲੜਕੀ ਪਿਛਲੇ ਕਰੀਬ ਡੇਢ ਮਹੀਨੇ ਤੋਂ ਪੇਟ ਦਰਦ ਦੀ ਸ਼ਿਕਾਇਤ ਕਰ ਰਹੀ ਸੀ। ਪਹਿਲਾਂ ਉਸ ਨੂੰ ਇਕ ਨਿੱਜੀ ਡਾਕਟਰ ਤੋਂ ਦਵਾਈ ਦਿਵਾਈ ਗਈ ਪਰ ਲੜਕੀ ਨੂੰ ਆਰਾਮ ਨਹੀਂ ਆਇਆ, ਜਿਸ ’ਤੇ 19 ਅਪ੍ਰੈਲ ਨੂੰ ਉਸ ਦੇ ਢਿੱਡ ਵਿਚ ਤੇਜ਼ ਦਰਦ ਹੋਣ ਲੱਗਾ ਤਾਂ ਉਸ ਨੂੰ ਫਿਲੌਰ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਇਕ ਨਿੱਜੀ ਮਹਿਲਾ ਡਾਕਟਰ ਦੇ ਕੋਲ ਰੈਫਰ ਕਰ ਦਿੱਤਾ ਗਿਆ। ਮਹਿਲਾ ਡਾਕਟਰ ਨੇ ਜਾਂਚ ਤੋਂ ਬਾਅਦ ਦੱਸਿਆ ਕਿ ਕੁੜੀ ਗਰਭਵਤੀ ਹੈ ਅਤੇ ਉਸ ਦੀ ਡਿਲਿਵਰੀ ਦਾ ਸਮਾਂ ਪੂਰਾ ਹੋ ਚੁੱਕਾ ਹੈ। ਸ਼ਿਕਾਇਤ ਕਰਤਾ ਨੇ ਪੁਲਸ ਨੂੰ ਦੱਸਿਆ ਕਿ ਕੁੜੀ ਦੀ ਡਿਲਿਵਰੀ ਕਰਵਾਈ ਗਈ ਹੈ, ਜਿਸ ਤੋਂ ਬਾਅਦ ਕੁੜੀ ਨੇ ਮੁੰਡੇ ਨੂੰ ਜਨਮ ਦਿੱਤਾ ਹੈ। ਡਿਲਿਵਰੀ ਮਗਰੋਂ ਸ਼ਿਕਾਇਤ ਕਰਤਾ ਨੇ ਭਤੀਜੀ ਤੋਂ ਮੁੰਡੇ ਬਾਰੇ ਪੁੱਛਿਆ ਤਾਂ ਕੁੜੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਹਿਣ ਵਾਲੇ ਰਾਹੁਲ ਨਾਮੀ ਨੌਜਵਾਨ ਨੇ ਉਸ ਨਾਲ ਜਬਰ–ਜ਼ਿਨਾਹ ਕੀਤਾ ਸੀ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.



**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.



**ਰੇਲਯਾਤਰੀ ਕਿਰਪਾ ਧਿਆਨ ਦੇਣ !**

**ਮਹੱਤਵਪੂਰਨ ਜਾਣਕਾਰੀ**

**ਭੁਜ – ਦਿੱਲੀ ਜੰ.–ਭੁਜ ਐਕਸਪ੍ਰੈਸ ਟ੍ਰੇਨ ਦੀ ਰੈਗੂਲਰ ਸੇਵਾ ਦੀ ਸ਼ੁਰੂਆਤ**

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਦੇ ਲਈ ਰੇਲਵੇ ਦੁਆਰਾ ਰੇਲਗੱਡੀ ਨੰਬਰ 19403/19404 ਭੁਜ – ਦਿੱਲੀ ਜੰ. – ਭੁਜ ਐਕਸਪ੍ਰੈਸ ਦੀ ਰੈਗੂਲਰ ਸੇਵਾ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:–

**19403/19404 ਭੁਜ – ਦਿੱਲੀ ਜੰ. – ਭੁਜ ਐਕਸਪ੍ਰੈਸ ਟ੍ਰੇਨ (ਰੋਜ਼ਾਨਾ)**

| ਰੇਲਗੱਡੀ ਨੰ. 19403 | | ਸਟੇਸ਼ਨ | ਰੇਲਗੱਡੀ ਨੰ. 19404 | |
|---|---|---|---|---|
| ਆਉਣਾ | ਜਾਣਾ | ↓ ↑ | ਆਉਣਾ | ਜਾਣਾ |
| --- | 11:15 | ਭੁਜ | 19:35 | --- |
| 11:45 | --- | ਦਿੱਲੀ ਜੰ. | --- | 16:40 |

**ਚੱਲਣ ਦੀ ਮਿਤੀ : 19403 ਭੁਜ** ਤੋਂ ਰੋਜ਼ਾਨਾ ਮਿਤੀ 23.05.2026 ਤੋਂ ਅਤੇ **19404 ਦਿੱਲੀ ਜੰ.** ਤੋਂ ਰੋਜ਼ਾਨਾ ਮਿਤੀ 24.05.2026 ਤੋਂ।
**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
**ਠਹਿਰਾਓ:** ਅੰਜਾਰ, ਗਾਂਧੀਧਾਮ, ਭਚਾਊ, ਭੀਲੜੀ, ਧਨੇਰਾ, ਰਾਨੀਵਾੜਾ, ਮਾਰਵਾੜ ਭੀਮਮਾਲ, ਮੋਦਰਾਨ, ਜਾਲੋਰ, ਮੋਕਲਸਰ, ਸਮਦੜੀ, ਲੂਨੀ, ਪਾਲੀ ਮਾਰਵਾੜ, ਮਾਰਵਾੜ ਬਯਾਵਰ, ਅਜਮੇਰ, ਕਿਸ਼ਨਗੜ੍ਹ, ਜੈਪੁਰ, ਗਾਂਧੀਨਗਰ ਜੈਪੁਰ ਬਾਂਦੀਕੂੰਈ, ਅਲਵਰ ਅਤੇ ਰੇਵਾੜੀ ਸਟੇਸ਼ਨ।

ਵਿਸਤ੍ਰਿਤ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਯਲ ਕਰੋ ਜਾਂ ਰੇਲਗੱਡੀ ਪੁੱਛਗਿੱਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਵੇਖੋ:– www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ

’ਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in ’ਤੇ ਮਿਲੋ
1732/26
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਈ–ਨੀਲਾਮੀ ਲਈ ਸੂਚਨਾ**

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ ਸੇਵਾਵਾਂ, ਦਿੱਲੀ ਮੰਡਲ, ਉਤਰ ਰੇਲਵੇ, ਰੇਲਵੇ ਬੋਰਡ ਦੇ ਪੱਤਰ ਨੰ. 2022/ਟੀਸੀ(ਐਫਐਮ)/10/04 ਮਿਤੀ 13.06.2022 ਦੇ ਅਨੁਸਾਰ, ਦਿੱਲੀ ਮੰਡਲ ਹਜਰਤ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਉਤੇ ਭੋਗਲ ਸਾਈਡ ਦੇ ਵਲ, ਪਲੇਟਫਾਰਮ ਨੰਬਰ 1 ਓਖਲਾ ਐਂਡ ਦੇ ਨੇੜੇ, ਜਿਸ ਦਾ ਖੇਤਰਫਲ 930.74 ਵਰਗ ਮੀਟਰ ਹੈ (ਅਪਲੋਡ ਕੀਤੇ ਗਏ ਸਾਈਟ ਮੈਪ ਦੇ ਅਨੁਸਾਰ), ਪੰਜ (05) ਸਾਲ ਦੇ ਸਮੇਂ ਦੇ ਲਈ ਵਾਹਨਾਂ ਦੀ ਪਾਰਕਿੰਗ, ਸਹਿ ਪ੍ਰਬੰਧਨ (ਵਾਧੂ ਵਿਸ਼ੇਸ਼ ਸ਼ਰਤਾਂ ਵਿਚ ਜਿਕਰਯੋਗ ਵਖ–ਵਖ ਪ੍ਰਕਾਰ ਅਤੇ ਕਲਾਸ ਦੇ ਵਾਹਨਾਂ ਦੇ ਅਨੁਸਾਰ) ਅਤੇ ਪਾਰਸਲ ਸਟੈਕਿੰਗ ਦੇ ਪ੍ਰਬੰਧਨ ਅਤੇ ਸੰਚਾਲਨ ਲਈ, ਆਈਆਰਈਪੀਐਸ ਪੋਰਟਲ ਵਿਚ ਈ–ਨੀਲਾਮੀ ਮਾਡਿਊਲ ਦੇ ਮਾਧਿਅਮ ਨਾਲ ਬੋਲੀਆਂ ਦੀ ਮੰਗ ਕਰਦਾ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ

**ਲੜੀ ਨੰਬਰ 1. ਈ–ਨੀਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ 05.06.26 ਨੂੰ ਸਵੇਰੇ 11:00 ਵਜੇ ਸੰਸਾਧਨ ਜਿਨ੍ਹਾਂ ਦੀ ਨੀਲਾਮੀ ਕੀਤੀ ਜਾਣੀ ਹੈ:** ਦਿੱਲੀ ਮੰਡਲ, ਹਜਰਤ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਤੇ ਭੋਗਲ ਸਾਈਡ ਦੇ ਵਲ ਪਲੇਟਫਾਰਮ ਨੰਬਰ 1 ਓਖਲਾ ਐਂਡ ਦੇ ਨੇੜੇ, ਜਿਸ ਦਾ ਖੇਤਰਫਲ 930.74 ਮੀਟਰ ਹੈ (ਅਪਲੋਡ ਕੀਤੇ ਗਏ ਮੈਪ ਦੇ ਅਨੁਸਾਰ ਪੰਜ (05) ਸਾਲ ਦੇ ਸਮੇਂ ਦੇ ਲਈ ਵਾਹਨਾਂ ਦੀ ਪਾਰਕਿੰਗ, ਸਹਿ ਪ੍ਰਬੰਧਨ (ਵਾਧੂ ਵਿਸ਼ੇਸ਼ ਸ਼ਰਤਾਂ ਵਿਚ ਜਿਕਰਯੋਗ ਵਖ–ਵਖ ਪ੍ਰਕਾਰ ਅਤੇ ਕਲਾਸ ਦੇ ਵਾਹਨਾਂ ਦੇ ਅਨੁਸਾਰ) ਅਤੇ ਪਾਰਸਲ ਸਟੈਕਿੰਗ ਦੇ ਪ੍ਰਬੰਧਨ ਅਤੇ ਸੰਚਾਲਨ ਲਈ, ਆਈ.ਆਰਈ.ਪੀ.ਐਸ. ਪੋਰਟਲ ਵਿਚ ਈ–ਨੀਲਾਮੀ ਮਾਡਿਊਲ ਦੇ ਮਾਧਿਅਮ ਨਾਲ ਬੋਲੀਆਂ ਦੀ ਮੰਗ ਕਰਦਾ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ

**ਮਹੱਤਵਪੂਰਨ ਸੂਚਨਾ:** 1. ਈ–ਨੀਲਾਮੀ ਦੇ ਵਿਭਿੰਨ ਪਹਿਲੂਆਂ ਦੇ ਬਾਰੇ ਵਿਚ ਵਧੇਰੇ ਜਾਣਕਾਰੀ ਦੇ ਲਈ ਇੱਛੁਕ ਬੋਲੀਦਾਤਾਵਾਂ ਨੂੰ https://www.ireps.gov.in/helpdesk/learning_centre.html. (e-Auction leasing section) ਉਤੇ ਜਾਣ ਦੀ ਸਲਾਹ ਦਿਤੀ ਜਾਂਦੀ ਹੈ। 2. ਬਿਆਨਾ ਰਾਸ਼ੀ ਜਮ੍ਹਾ (ਈਐਮਡੀ): ਨੀਲਾਮੀ ਦੇ ਦੌਰਾਨ ਕੁਲ ਸੰਵਿਦਾਨਤਮਕ ਬੋਲੀ ਮੂਲ ਦਾ 10% ਆਨਲਾਈਨ ਜਮ੍ਹਾ ਕੀਤਾ ਜਾਣਾ ਹੈ। ਸਫਲ ਬੋਲੀਦਾਤਾ ਦੀ ਈਐਮਡੀ ਸੁਰੱਖਿਆ ਜਮ੍ਹਾ ਦੇ ਰੂਪ ਵਿਚ ਖੋਹਲੀ ਜਾਏਗੀ। 3. ਰੇਲਵੇ ਪ੍ਰਸ਼ਾਸਨ ਕਿਸੇ ਵੀ ਸਮੇਂ ਇਨ੍ਹਾਂ ਕਾਂਟਰੈਕਟਾਂ ਨੂੰ ਜਲਦ ਸਮਾਪਤ ਕਰਨ ਅਤੇ ਜਾਂ ਹਲਾਤਾਂ ਦੇ ਆਧਾਰ ਉਤੇ ਸੰਸ਼ੋਧਿਤ/ਵਾਧੂ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਇਨ੍ਹਾਂ ਕਾਂਟਰੈਕਟਾਂ ਨੂੰ ਬੰਦ ਕਰਨ/ਜਾਰੀ ਰਖਣ ਦੇ ਸਬੰਧ ਵਿਚ ਕੋਈ ਵੀ ਫੈਸਲਾ ਲੈਣ ਦਾ ਪੂਰਾ ਅਧਿਕਾਰ ਸੁਰੱਖਿਅਤ ਰਖਦਾ ਹੈ। 1722/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਦਿੱਲੀ ਵਿਧੁਤ ਵਿਨਿਯਾਮਕ ਆਯੋਗ**
ਵਿਨਿਯਾਮਕ ਭਵਨ, ਸੀ–ਬਲੱਾਕ, ਸ਼ਿਵਾਲਿਕ, ਮਾਲਵੀਯ ਨਗਰ, ਨਵੀਂ ਦਿੱਲੀ–110 017
ਵੇਬਸਾਈਟ: www.derc.gov.in
ਟੇਲੀਫੈਕਸ: +91–1141080416, +91–11–41080417

**ਜਨਤੱਕ ਸੂਚਨਾ**

**ਵਿੱਤੀ ਸਾਲ 2023-24 ਦੇ ਵਯਯ ਦੇ ਸਤਯਾਪਨ ਅਤੇ ਉਤਪਾਦਨ ਕੰਪਨੀਆਂ (IPGCL ਅਤੇ PPCL) ਅਤੇ ਵਿਤਰਣ ਕੰਪਨੀਆਂ NDMC ਅਤੇ TPDDL) ਵਲੋਂ ਦਾਇਰ ਯਾਚਿਕਾਵਾਂ**

1. ਜਨਰੇਸ਼ਨ ਕੰਪਨੀਆਂ ਜਿਵੇਂ ਕਿ ਇੰਦਰਪ੍ਰਸਥ ਪਾਵਰ ਜਨਰੇਸ਼ਨ ਕਾਰਪੋਰੇਸ਼ਨ ਲਿਮਿਟੇਡ (ਆਈਪੀਜੀਸੀਏਲ) ਅਤੇ ਪ੍ਰਗਤੀ ਪਾਵਰ ਕਾਰਪੋਰੇਸ਼ਨ ਲਿਮਿਟੇਡ (ਪੀਪੀਸੀਏਲ), ਟਰਾਂਸਮਿਸ਼ਨ ਲਾਇਸੰਸਧਾਰੀ ਯਾਨੀ ਦਿੱਲੀ ਟ੍ਰਾਂਸਕੋ ਲਿਮਿਟੇਡ (ਡੀਟੀਏਲ), ਸਟੇਟ ਲੋਡ ਡਿਸਪੈਚ ਸੈਂਟਰ (ਏਸਏਲਡੀਸੀ) ਅਤੇ ਡਿਸਟਰੀਬਿਊਸ਼ਨ ਲਾਇਸੰਸਧਾਰੀ ਯਾਨੀ ਨਵੀਂ ਦਿੱਲੀ ਮਿਊਂਸਪਲ ਕੌਂਸਲ (ਏਨਡੀਏਮਸੀ), ਬੀਏਸਈਏਸ ਰਾਜਧਾਨੀ ਪਾਵਰ ਲਿਮਿਟੇਡ (ਬੀਆਰਪੀਏਲ), ਬੀਏਸਈਏਸ ਯਮੁਨਾ ਪਾਵਰ ਲਿਮਿਟੇਡ (ਬੀਵਾਈਪੀਏਲ) ਅਤੇ ਟਾਟਾ ਪਾਵਰ ਦਿੱਲੀ ਡਿਸਟਰੀਬਿਊਸ਼ਨ ਲਿਮਿਟੇਡ (ਟੀਪੀਡੀਡੀਏਲ) ਨੇ ਦਿੱਲੀ ਵੈਧੁਤ ਵਿਨਿਯਾਮਕ ਆਯੋਗ ("ਦਿ.ਵਿ.ਵਿ.ਆ." ਜਾਂ "ਆਯੋਗ") ਦੇ ਸਮਕਸ਼ ਵਿੱਤੀ ਸਾਲ 2023–24 ਲਈ ਖਰਚਿਆਂ ਦੀ ਸਤਯਾਪਨ ਅਤੇ ਵਿੱਤੀ ਸਾਲ 2024–25 ਦੇ ਕੁੱਲ ਰਾਜਸਵ ਲੋੜਾਂ ਅਤੇ ਟੈਰਿਫਾਂ ਦੀ ਪ੍ਰਵਾਨਗੀ ਲਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ।
2. ਪਟੀਸ਼ਨਕਰਤਾਵਾਂ ਨੇ ਆਪਣੀਆਂ ਸਬੰਧਤ ਪਟੀਸਨਾਂ ਬਿਜਲੀ ਐਕਟ, 2003, ਡੀਈਆਰਸੀ (ਵਪਾਰਕ ਸੰਚਾਲਨ ਦੀ ਵਿਆਪਕ ਪ੍ਰਕ੍ਰਿਆ) ਵਿਨਿਯਮ, 2001, ਡੀਈਆਰਸੀ (ਟੈਰਿਫ ਨਿਰਧਾਰਣ ਲਈ ਨਿਯਮ ਅਤੇ ਸ਼ਰਤਾਂ) ਵਿਨਿਯਮ, 2017 ਅਤੇ ਡੀਈਆਰਸੀ (ਵਪਾਰਕ ਯੋਜਨਾ) ਵਿਨਿਯਮ, 2017, 2019 ਅਤੇ 2023 ਦੇ ਪ੍ਰਾਵਧਾਨਾਂ ਦੇ ਅੰਤਰਗਤ ਦਾਇਰ ਕੀਤੀ ਗਈ ਹੈ। ਆਯੋਗ ਨੇ ਮਿਤੀ 12/12/2025 ਅਤੇ 23/04/2026 ਦੇ ਆਦੇਸ਼ਾਂ ਵਲੋਂ ਇਨ੍ਹਾਂ ਯਾਚਿਕਾਵਾਂ ਨੂੰ ਸਵੀਕਾਰ ਕਰ ਲਿਆ ਹੈ, ਤਥਾਪਿ ਸਮੇਂ–ਸਮੇਂ ’ਤੇ ਜ਼ਰੂਰੀ ਸਪਸ਼ਟੀਕਰਣ/ਵਧੇਰੇ ਸੂਚਨਾ ਮੰਗੀ ਜਾ ਸਕਦੀ ਹੈ।
3. ਆਯੋਗ ਨੇ ਇਨ੍ਹਾਂ ਯਾਚਿਕਾਵਾਂ ਦਾ ਕਾਰਜਕਾਰੀ ਸਾਰਾਂਸ਼ ਤਿਆਰ ਕਰ ਆਪਣੀ ਵੇਬਸਾਈਟ <http://derc.gov.in> ’ਤੇ ਅਪਲੋਡ ਕਰ ਦਿੱਤਾ ਹੈ।
4. ਡੀਈਆਰਸੀ (ਵਪਾਰ ਦਾ ਵਿਸਤ੍ਰਿਤ ਸੰਚਾਲਨ) ਵਿਨਿਯਮ, 2001 ਦੇ ਪ੍ਰਾਵਧਾਨਾਂ ਦੇ ਅਨੁਸਾਰ ਆਯੋਗ ਉਪਰੋਕਤ ਯਾਚਿਕਾਵਾਂ ਅਤੇ ਹੋਰ ਹਿਤਧਾਰਕਾਂ ਤੋਂ ਟਿੱਪਣੀਆਂ/ਸੁਝਾਵ ਆਮੰਤ੍ਰਿਤ ਕਰਦਾ ਹੈ। ਟਿੱਪਣੀਆਂ/ਸੁਝਾਅ ਆਯੋਗ ਦੇ ਸਚਿਵ ਨੂੰ ਉਪਯੁਕਤ ਦਫ਼ਤਰ ਪਤੇ ’ਤੇ ਮਿਤੀ 05/06/2026 ਤੱਕ ਭੇਜੇ ਜਾ ਸਕਦੇ ਹਨ। ਟਿੱਪਣੀਆਂ/ਸੁਝਾਅ ਵਿਅਕਤੀਗਤ ਰੂਪ ਤੋਂ, ਡਾਕ ਦਵਾਰਾ ਜਾਂ ਈ–ਮੇਲ ਦੇ ਮਾਧਿਅਮ ਤੋਂ ਆਯੋਗ ਨੂੰ ਭੇਜੇ ਜਾ ਸਕਦੇ ਹਨ। ਟਿੱਪਣੀਆਂ/ਸੁਝਾਵ, ਡੀਈਆਰਸੀ ਨੂੰ secyderc@nic.in ’ਤੇ ਵੀ ਈ–ਮੇਲ ਭੇਜੀ ਜਾ ਸਕਦੀ ਹੈ।
5. ਆਯੋਗ ਮਿਤੀ 05/06/2026 ਨੂੰ ਪ੍ਰਤਿਉੱਤਰ ਦੇਣ ਵਾਲੇ ਹਿਤਧਾਰਕਾਂ ਦੇ ਨਾਲ ਹਾਈਬ੍ਰਿਡ ਮੋਡ (ਅਪ੍ਰਤੱਖ ਰੂਪ ਤੋਂ/ਵਿਅਕਤੀਗਤ ਰੂਪ ਤੋਂ) ਜਨ–ਸੁਣਵਾਈ ਕਰੇਗਾ। ਜਨ–ਸੁਣਵਾਈ ਲਈ ਪੰਜੀਕਰਣ ਦੀ ਪ੍ਰਕ੍ਰਿਆ ਵੀ ਆਯੋਗ ਦੀ ਵੇਬਸਾਈਟ ’ਤੇ ਉਪਲਬਧ ਹੈ।
6. ਕਮਿਸ਼ਨ ਪਟੀਸ਼ਨਾਂ ਦੀ ਜਾਂਚ ਕਰੇਗਾ ਅਤੇ, ਜੇ ਲੋੜ ਪਈ ਤਾਂ ਪਟੀਸ਼ਨਕਰਤਾਵਾਂ ਤੋਂ ਅੱਗੇ ਸਪੱਸ਼ਟੀਕਰਨ ਮੰਗੇਗਾ। ਇੱਕ ਆਦੇਸ਼ ਦੇ ਰੂਪ ਵਿੱਚ, ਕਮਿਸ਼ਨ, ਵਿਵੇਕਪੂਰਣ ਜਾਂਚ ਤੋਂ ਬਾਅਦ, ਵਿੱਤੀ ਸਾਲ 2023–24 ਦੇ ਖਰਚਿਆਂ ਦੀ ਪੁਸ਼ਟੀ ਕਰੇਗਾ। ਸਤਿਆਪਨ ਯਾਚਿਕਾਵਾਂ ’ਤੇ ਆਦੇਸ਼ ਵੱਖਰੇ ਹਿਤਧਾਰਕਾਂ ਤੋਂ ਪ੍ਰਾਪਤ ਟਿੱਪਣੀਆਂ/ਸੁਝਾਵਾਂ ’ਤੇ ਵਿਚਾਰ ਕਰਨ ਦੇ ਉਪਰਾਂਤ ਜਾਰੀ ਕੀਤੇ ਜਾਣਗੇ।
7. ਹਿੱਸੇਦਾਰਾਂ ਦੀਆਂ ਬੇਨਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਮਿਸ਼ਨ ਖਪਤਕਾਰਾਂ ਨੂੰ ਪਟੀਸ਼ਨਾਂ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਇਸ ਸਬੰਧ ਵਿੱਚ ਟਿੱਪਣੀਆਂ ਦਰਜ ਕਰਨ ਵਿੱਚ ਵੀ ਉਨਾਂ ਦੀ ਸਹਾਇਤਾ ਕਰ ਸਕਦਾ ਹੈ। ਇਸ ਅਨੁਸਾਰ, ਕਮਿਸ਼ਨ ਨੇ ਅਜਿਹੇ ਸਾਰੇ ਖਪਤਕਾਰਾਂ ਨੂੰ, ਜਿਨ੍ਹਾਂ ਨੂੰ ਇਸਦੀ ਲੋੜ ਹੋ ਸਕਦੀ ਹੈ, ਜਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਹੇਠਾਂ ਦਿੱਤੇ ਅਧਿਕਾਰੀਆਂ ਨੂੰ ਨਾਮਜਦ ਕੀਤਾ ਹੈ । ਪਹਿਲਾਂ ਮੁਲਾਕਾਤ ਤੋਂ ਬਾਅਦ ਚਰਚਾ ਕੀਤੀ ਜਾ ਸਕਦੀ ਹੈ।
   - ਸ਼੍ਰੀ ਅਮਿਤ ਅਰੋੜਾ, ਸੰਯੁਕਤ ਨਿਦੇਸ਼ਕ (ਟੈਰਿਫ–ਇੰਜੀਨਿਅਰਿੰਗ), ਫੋਨ ਨੰ. 41080417 ਐਕਸਟੇਂਸ਼ਨ 117
   - ਸ਼੍ਰੀ ਕੁਸ਼ਲਕੁਮਾਰ ਲਕਸ਼ਮਣਰਾਵ ਭੋਸਿਕਰ, ਸੰਯੁਕਤ ਨਿਦੇਸ਼ਕ (ਪੀਐਸ ਐਂਡ ਈ), ਫੋਨ ਨੰ. 41080417 ਐਕਸਟੇਂਸ਼ਨ 120
   - ਸ੍ਰੀ ਅਭਿਸ਼ੇਕ ਸ੍ਰੀਵਾਤਸਵ, ਉਪ ਨਿਰਦੇਸ਼ਕ (ਟੀ ਏਂਡ ਡੀ), ਫੋਨ ਨੰ. 41080417 ਐਕਸਟੈਨ: 142
   - ਸ੍ਰੀ ਸ਼੍ਰੇਯ ਸਕਸੇਨਾ, ਉਪ ਨਿਰਦੇਸ਼ਕ (ਟੈਰਿਫ–ਇੰਜੀਨਿਯਰ), ਫੋਨ ਨੰ. 41080417 ਐਕਸਟੈਨ: 127
   - ਸ੍ਰੀ ਪ੍ਰਵੀਣ ਕੁਮਾਰ, ਪ੍ਰਬੰਧਕ (ਤਕਨੀਕੀ), ਫੋਨ ਨੰ. 41080417 ਐਕਸਟੈਨ: 111
8. ਪਟੀਸ਼ਨਰਾਂ ਦੁਆਰਾ ਦਾਇਰ ਪੂਰੀਆਂ ਪਟੀਸਨਾਂ ਨੂੰ ਕਮਿਸ਼ਨ ਦੀ ਵੈੱਬਸਾਈਟ https://www.derc.gov.in/ ਅਤੇ ਪਟੀਸਨਰਾਂ ਦੀ ਵੈੱਬਸਾਈਟ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਪਟੀਸ਼ਨ ਦੀ ਸਾਫਟ ਕਾਪੀ 25 ਰੁਪਏ ਪ੍ਰਤੀ ਸੀਡੀ ਦੇ ਭੁਗਤਾਨ ‘ਤੇ ਜਾਂ 05/06/2026 ਤੱਕ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 11:00 ਵਜੇ ਅਤੇ ਸ਼ਾਮ 4:00 ਵਜੇ ਦੇ ਵਿਚ ਯਾ ਤਾਂ 100/– ਰੁਪਏ ਨਕਦ ਧਨਰਾਸ਼ੀ ਦੇਕੇ ਅਤੇ ਨਵੀਂ ਦਿੱਲੀ ਵਿਖੇ ਭੁਗਤਾਨ ਯੋਗ ਡਿਮਾਂਡ ਡਰਾਫਟ/ਪੇਅ ਆਰਡਰ ਦੇ ਭੁਗਤਾਨ ਤੇ ਯਾਚਿਕਾ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ:

| | |
|---|---|
| **ਇੰਦਰਪ੍ਰਸਥ ਪਾਵਰ ਜਨਰੇਸ਼ਨ ਕਾਰਪੋਰੇਸ਼ਨ ਲਿਮਿਟੇਡ**<br>ਹਿਮਾਦਰੀ ਰਾਜਘਾਟ ਪਾਵਰ ਹਾਊਸ ਪਰੀਸਰ<br>ਨਵੀਂ ਦਿੱਲੀ 110 002<br>ਵੈੱਬਸਾਈਟ: www.ipgcl-ppcl.gov.in<br>ਫੋਨ : 011-23273542/44 | **ਪ੍ਰਗਤੀ ਪਾਵਰ ਕਾਰਪੋਰੇਸ਼ਨ ਲਿਮਿਟੇਡ**<br>ਹਿਮਾਦਰੀ ਰਾਜਘਾਟ ਪਾਵਰ ਹਾਊਸ ਪਰਿਸਰ<br>ਨਵੀਂ ਦਿੱਲੀ 110 002<br>ਵੈੱਬਸਾਈਟ: www.ipgcl-ppcl.gov.in<br>ਫੋਨ: 011-23273542/44 |
| **ਨਵੀਂ ਦਿੱਲੀ ਨਗਰਪਾਲਿਕਾ ਪਰਿਸ਼ਦ**<br>**ਪਾਲਿਕਾ ਕੇਂਦਰ, ਸੰਸਦ ਮਾਰਗ,**<br>**ਨਵੀਂ ਦਿੱਲੀ**-110001<br>ਵੈੱਬਸਾਈਟ: www.ndmc.gov.in<br>ਫੋਨ: 011-23341605 | **ਟਾਟਾ ਪਾਵਰ ਦਿੱਲੀ ਡਿਸਟ੍ਰੀਬਿਊਸ਼ਨ ਲਿਮਿਟੇਡ**<br>ਸਬ–ਸਟੇਸ਼ਨ ਬਿਲਡਿੰਗ, ਹਡਸਨ ਲਾਈਂਸ, ਕਿੰਗਸਵੇ ਕੈਂਪ,<br>ਨਵੀਂ ਦਿੱਲੀ –110009<br>ਵੈੱਬਸਾਈਟ: www.tatapower.ddl.com<br>ਫੋਨ: 19124 |

**DIP/Shabdarth/Classified/0065/26-27**

ਸੰਯੁਕਤ ਨਿਦੇਸ਼ਕ (ਟੈਰਿਫ-ਇੰਜੀਨਿਅਰਿੰਗ)
ਦਿੱਲੀ ਵਿਧੁਤ ਵਿਨਿਯਾਮਕ ਆਯੋਗ

ਕੌਮੀ ਪੱਤ੍ਰਿਕਾ

# ਮੋਦੀ ਸਰਕਾਰ ਨੇ ਪਾਬੰਦੀਆਂ ਅਤੇ ਮਹਿੰਗਾਈ ਰਾਹੀਂ ਦੇਸ਼ 'ਚ ਅਣਐਲਾਨਿਆ ਲਾਕਡਾਊਨ ਲਾਇਆ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਪਟਨਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਵਧ ਰਹੀ ਮਹਿੰਗਾਈ, ਨਾਗਰਿਕਾਂ 'ਤੇ ਪਾਬੰਦੀਆਂ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਨਾਲ ਕਥਿਤ ਛੇੜਛਾੜ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਦੇਸ਼ ਨੂੰ ÷ਅਣਐਲਾਨੇ ਲਾਕਡਾਊਨ÷ ਵਿੱਚ ਧੱਕ ਦਿੱਤਾ ਹੈ ਅਤੇ ਲੋਕਾਂ ਤੋਂ ਅਰਥਵਿਵਸਥਾ ਦੇ ਅਸਲ ਹਾਲਾਤ ਲੁਕਾਏ ਜਾ ਰਹੇ ਹਨ। ਇਹ ਦੱਸਦਿਆਂ ਕਿ ਕੇਂਦਰ ਨੇ ਚੋਣਾਂ ਤੱਕ ਤੇਲ ਦੀਆਂ ਕੀਮਤਾਂ ਨੂੰ ਦਿਖਾਵੇ ਲਈ ਜਾਣ-ਬੁੱਝ ਕੇ ਸਥਿਰ ਰੱਖਿਆ, ਉਨ੍ਹਾਂ ਕਿਹਾ ਕਿ ਹੁਣ ਜਦੋਂ ਚੋਣਾਂ ਖਤਮ ਹੋ ਗਈਆਂ ਹਨ, ਤਾਂ ਨਾਗਰਿਕਾਂ 'ਤੇ ਇਸ ਦਾ ਬੋਝ ਪਾਇਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਦੇਸ਼ ਦੇ ਤੇਲ, ਗੈਸ ਅਤੇ ਸੋਨੇ ਦੇ ਭੰਡਾਰਾਂ ਦੀ ਅਸਲ ਸਥਿਤੀ ਦਾ ਜਨਤਕ ਤੌਰ 'ਤੇ ਖੁਲਾਸਾ ਕਰੇ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ (ਆਪ) ਇਹ ਯਕੀਨੀ ਬਣਾਏਗੀ ਕਿ ਪੰਜਾਬ ਵਿੱਚ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਦੌਰਾਨ ਕਿਸੇ ਵੀ ਅਸਲ ਵੋਟਰ ਦਾ ਨਾਮ ਨਾ ਕੱਟਿਆ ਜਾਵੇ ਅਤੇ ਨਾ ਹੀ ਕਿਸੇ ਨਕਲੀ ਵੋਟਰ ਦਾ ਨਾਮ ਸ਼ਾਮਲ ਕੀਤਾ ਜਾਵੇ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 'ਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਾਨੂੰਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਬੰਧੀ ਸਖ਼ਤ ਸਜ਼ਾ ਯਕੀਨੀ ਬਣਾ ਕੇ ਦੁਨੀਆ ਭਰ ਦੀ ਸਿੱਖ ਸੰਗਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ।

**ਪ੍ਰਧਾਨ ਮੰਤਰੀ ਮੋਦੀ ਨੂੰ ਦੇਸ਼ ਦੀ ਅਸਲ ਆਰਥਿਕ ਸਥਿਤੀ ਬਾਰੇ ਸਭ ਨੂੰ ਦੱਸਣਾ ਚਾਹੀਦਾ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਦੇਸ਼ ਵਿੱਚ ਅਣਐਲਾਨਿਆ ਲਾਕਡਾਊਨ ਲਾ ਦਿੱਤਾ ਹੈ। ਉਨ੍ਹਾਂ ਕਿਹਾ, ਇਨ੍ਹਾਂ ਪਾਬੰਦੀਆਂ ਦੇ ਨਤੀਜੇ ਪੂਰੇ ਦੇਸ਼ ਨੂੰ ਭੁਗਤਣੇ ਪੈ ਰਹੇ ਹਨ, ਜਦੋਂ ਕਿ ਕੇਂਦਰ ਲੋਕਾਂ ਤੋਂ ਦੇਸ਼ ਦੀ ਆਰਥਿਕਤਾ ਦੇ ਅਸਲ ਹਾਲਾਤ ਲੁਕਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਤੇਲ, ਗੈਸ ਅਤੇ ਸੋਨੇ ਦੇ ਭੰਡਾਰਾਂ ਦਾ ਜਨਤਕ ਤੌਰ 'ਤੇ ਖੁਲਾਸਾ ਕਰਨਾ ਚਾਹੀਦਾ ਹੈ ਤਾਂ ਜੋ ਨਾਗਰਿਕ ਦੇਸ਼ ਦੀ ਅਸਲ ਸਥਿਤੀ ਤੋਂ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਆਰਥਿਕ ਸਥਿਤੀ ਬਾਰੇ ਸੱਚ ਜਾਣਨ ਦਾ ਹੱਕ ਹੈ। ਕੇਂਦਰ ਨੂੰ ਤੱਥ ਲੁਕਾਉਣ ਦੀ ਬਜਾਏ ਤੇਲ, ਗੈਸ ਅਤੇ ਸੋਨੇ ਦੇ ਭੰਡਾਰਾਂ ਬਾਰੇ ਪੂਰੀ ਜਾਣਕਾਰੀ ਜਨਤਾ ਦੇ ਸਾਹਮਣੇ ਰੱਖਣੀ ਚਾਹੀਦੀ ਹੈ।÷

**ਕੇਂਦਰ ਮਹਿੰਗਾਈ ਦੇ ਬੋਝ ਨੂੰ ਜਾਇਜ਼ ਠਹਿਰਾਉਣ ਲਈ ਵਿਸ਼ਵ ਪੱਧਰ 'ਤੇ ਬਣੇ ਹਾਲਾਤ ਨੂੰ ਢਾਲ ਬਣਾ ਰਹੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਲੈ ਕੇ ਕੇਂਦਰ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜਾਣ-ਬੁੱਝ ਕੇ ਵੱਖ-ਵੱਖ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਰਫ ਦਿਖਾਉਣ ਲਈ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਕੀਤਾ, ਪਰ ਚੋਣਾਂ ਖਤਮ ਹੁੰਦੇ ਸਾਰ ਕੀਮਤਾਂ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰ ਦਿੱਤਾ, ਜੋ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵਧਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ, ਖਾੜੀ ਦੇਸ਼ਾਂ ਵਿੱਚ ਜੰਗ ਦੇ ਬਹਾਨੇ ਨਾਲ ਵਾਰ-ਵਾਰ ਬਾਲਣ ਦੀਆਂ ਕੀਮਤਾਂ ਵਿੱਚ ਵਾਧੇ ਰਾਹੀਂ ਲੋਕਾਂ ਨੂੰ ਮਹਿੰਗਾਈ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ ਅਤੇ ਵਿਦੇਸ਼ ਨੀਤੀ ਬਾਰੇ ਨਹੀਂ ਦੱਸ ਸਕਦੇ ਤਾਂ ਉਨ੍ਹਾਂ ਨੂੰ ਆਪਣੇ ਦੋਸਤ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਇਸ ਬਾਰੇ ਪੁੱਛਣਾ ਚਾਹੀਦਾ ਹੈ।

**ਪ੍ਰਧਾਨ ਮੰਤਰੀ ਦੇ ਵਿਦੇਸ਼ੀ ਦੌਰਿਆਂ ਦੌਰਾਨ ਨਾਗਰਿਕਾਂ 'ਤੇ ਪਾਬੰਦੀਆਂ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਨਾਗਰਿਕਾਂ 'ਤੇ ਲਗਾਈਆਂ ਜਾ ਰਹੀਆਂ ਪਾਬੰਦੀਆਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੜੀ ਸਿਤਮਜ਼ਰੀਫ਼ੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਤਾਂ ਵਿਦੇਸ਼ ਯਾਤਰਾ ਵਿੱਚ ਮਸਰੂਫ਼ ਹਨ ਪਰ ਲੋਕਾਂ ਨੂੰ ਵਿਦੇਸ਼ ਯਾਤਰਾ ਤੋਂ ਬਚਣ ਦੀ ਸਲਾਹ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਅਜੀਬ ਹਾਲਾਤ ਵਿੱਚੋਂ ਲੰਘ ਰਿਹਾ ਹੈ, ਜਿੱਥੇ 'ਵਰਕ ਫਰਾਮ ਹੋਮ' ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਪਰ ਅਸਲ ਸੱਚਾਈ ਲੋਕਾਂ ਤੋਂ ਲੁਕਾਈ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੇਤਾਵਾਂ ਦੇ ਆਪਹੁਦਰੇਪਣ ਕਾਰਨ ਲੋਕਾਂ ਨੂੰ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਇਸ ਸਥਿਤੀ ਨੂੰ ਬਹੁਤ ਗ਼ੈਰ-ਵਾਜਿਬ ਕਰਾਰ ਦਿੱਤਾ।

**ਆਪ ਵਲੰਟੀਅਰਾਂ ਨੂੰ ਪੰਜਾਬ ਵਿੱਚ ਐਸ.ਆਈ.ਆਰ. ਪ੍ਰਕਿਰਿਆ ਦੀ ਨੇੜਿਓਂ ਨਿਗਰਾਨੀ ਕਰਨ ਦੇ ਨਿਰਦੇਸ਼: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (ਐਸ.ਆਈ.ਆਰ.) ਦੇ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਕਿਰਿਆ 15 ਜੂਨ ਤੋਂ ਸੂਬੇ ਵਿੱਚ ਸ਼ੁਰੂ ਹੋਵੇਗੀ ਅਤੇ ਆਮ ਆਦਮੀ ਪਾਰਟੀ ਨੇ ਆਪਣੇ ਸਾਰੇ ਵਲੰਟੀਅਰਾਂ ਨੂੰ ਇਸ ਪ੍ਰਕਿਰਿਆ ਦੌਰਾਨ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਨਾ ਤਾਂ ਅਸਲੀ ਵੋਟਰਾਂ ਨੂੰ ਹਟਾਉਣ ਦਿੱਤਾ ਜਾਵੇਗਾ ਅਤੇ ਨਾ ਹੀ ਪੰਜਾਬ ਵਿੱਚ ਜਾਅਲੀ ਵੋਟਰਾਂ ਨੂੰ ਜੋੜਨ ਦੀ ਇਜਾਜ਼ਤ ਦਿੱਤੀ ਜਾਵੇਗੀ।" ਮੁੱਖ ਮੰਤਰੀ ਨੇ ਕਿਹਾ ਕਿ ਵੋਟਰ ਸੂਚੀਆਂ ਵਿੱਚ ਜਾਅਲੀ ਵੋਟਰਾਂ ਨੂੰ ਜੋੜਦੇ ਸਮੇਂ ਅਸਲੀ ਵੋਟਰਾਂ ਦੇ ਨਾਮ ਹਟਾਉਣ ਦੀ ਆਦਤ ਬਣ ਗਈ ਹੈ, ਪਰ ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਲੋਕਤੰਤਰ ਦਾ ਮੂੰਹ ਬੰਦ ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਢੁਕਵਾਂ ਜਵਾਬ ਦਿੱਤਾ ਜਾਵੇਗਾ।

**ਭਾਜਪਾ ਕੋਲ ਸਿਰਫ਼ ਦੋ ਵਿਧਾਇਕ ਹੋਣ ਦੇ ਬਾਵਜੂਦ ਸੱਤ ਰਾਜ ਸਭਾ ਮੈਂਬਰ ਹੋਣਾ ਲੋਕਤੰਤਰ ਦਾ ਸਿੱਧਾ ਕਤਲ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਨੇ ਰਾਸ਼ਟਰਪਤੀ ਨੂੰ ਮਿਲ ਕੇ ਇਨ੍ਹਾਂ ਪਾਰਟੀ ਵਿਰੋਧੀ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਇਸ ਵਿੱਚ ਸ਼ਾਮਲ ਲੋਕਾਂ ਵਿਰੁੱਧ ਕਾਰਵਾਈ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਸਿਤਮਜ਼ਰੀਫ਼ੀ ਹੈ ਕਿ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਵਿੱਚ ਭਾਜਪਾ ਦੇ ਸਿਰਫ਼ ਦੋ ਵਿਧਾਇਕ ਹਨ, ਪਰ ਇਸ ਦੇ ਬਾਵਜੂਦ ਸੂਬੇ ਤੋਂ ਪਾਰਟੀ ਦੇ ਸੱਤ ਰਾਜ ਸਭਾ ਮੈਂਬਰ ਹੋਣਾ ਸਿੱਧਾ-ਸਿੱਧਾ ਲੋਕਤੰਤਰ ਦਾ ਕਤਲ ਹੈ।

**ਆਪ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਅਤੇ ਮਾਣ-ਮਰਿਆਦਾ ਦੀ ਰਾਖੀ ਲਈ ਵਚਨਬੱਧ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਬਣਾਏ ਗਏ ਕਾਨੂੰਨ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਇੰਨਾ ਸਖ਼ਤ ਕਾਨੂੰਨ ਲਾਗੂ ਕੀਤਾ ਹੈ ਕਿ ਹੁਣ ਕੋਈ ਵੀ ਬੇਅਦਬੀ ਕਰਨ ਬਾਰੇ ਸੋਚਣ ਦੀ ਹਿੰਮਤ ਵੀ ਨਹੀਂ ਕਰ ਸਕੇਗਾ। ਉਨ੍ਹਾਂ ਅੱਗੇ ਕਿਹਾ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਦੇ ਲਾਗੂ ਹੋਣ ਨਾਲ, ਦੁਨੀਆ ਭਰ ਦੇ ਸਿੱਖਾਂ ਦੀ ਚਿਰੋਕਣੀ ਮੰਗ ਆਖਰਕਾਰ ਪੂਰੀ ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਦੀ ਸੰਗਤ ਨੇ ਇਸ ਕਾਨੂੰਨ ਦਾ ਦਿਲੋਂ ਸਵਾਗਤ ਕੀਤਾ ਹੈ, ਜਿਸ ਦਾ ਉਦੇਸ਼ ਬੇਅਦਬੀ ਦੇ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਸਜ਼ਾ ਦੇਣਾ ਹੈ। ਉਨ੍ਹਾਂ ਕਿਹਾ, ਪਵਿੱਤਰ ਗੁਰਬਾਣੀ ਸਰਬੱਤ ਦੇ ਭਲੇ ਲਈ ਹੈ ਅਤੇ ਇਸ ਦੀ ਪਵਿੱਤਰਤਾ, ਮਾਣ ਅਤੇ ਸਤਿਕਾਰ ਨੂੰ ਬਣਾਈ ਰੱਖਣਾ ਸਾਡਾ ਸਮੂਹਿਕ ਫ਼ਰਜ਼ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਕਾਨੂੰਨ ਨੂੰ ਇਸ ਦੀ ਅਸਲ ਭਾਵਨਾ ਨਾਲ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਦੇਸ਼ ਅੰਦਰ ਚੱਲ ਰਹੀ ਜਨਗਣਨਾ ਨੂੰ ਲੈ ਕੇ ਰਵਿਦਾਸੀਆ ਭਾਈਚਾਰੇ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਮਾਛੀਵਾੜਾ ਸਾਹਿਬ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

)ਦੇਸ਼ ਅੰਦਰ ਚੱਲ ਰਹੀ ਜਨਗਣਨਾ ਨੂੰ ਲੈ ਕੇ ਅੱਜ ਪਿੰਡ ਗੜ੍ਹੀ ਬੇਟ ਵਿਖੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਰਵਿਦਾਸੀਆ ਭਾਈਚਾਰੇ ਨਾਲ ਪਰਮਿੰਦਰ ਰੱਲ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ। ਪਰਮਿੰਦਰ ਰੱਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਅੰਦਰ ਜਾਤੀ ਨੂੰ ਲੈ ਕੇ ਚੱਲ ਰਹੀ ਜਨਗਣਨਾ ਸਾਡੇ ਭਾਈਚਾਰੇ ਲਈ ਬਹੁਤ ਹੀ ਮਹੱਤਵਪੂਰਨ ਹੈ। ਉਹਨਾਂ ਨੇ ਕਿਹਾ ਕਿ ਇਸ ਜਨਗਣਨਾ ਵਿੱਚ ਵੱਖ-ਵੱਖ ਜਾਤੀਆਂ ਲਈ ਕਾਲਮ ਬਣਾਏ ਗਏ ਹਨ। ਉਸ ਵਿੱਚ ਸਾਡੇ ਸਮਾਜ ਦੇ ਆਗੂਆਂ ਅਤੇ ਸੱਚਖੰਡ ਬੱਲਾਂ ਵੱਲੋਂ ਵੀ ਅਨੇਕਾਂ ਹੀ ਚਿੱਠੀਆਂ ਪਾਈਆਂ ਗਈਆਂ ਹਨ ਕਿ ਸਾਡੇ ਰਵਿਦਾਸੀਆ ਧਰਮ ਦਾ ਵੀ ਇੱਕ ਕਾਲਮ ਵੱਖਰਾ ਹੋਵੇ ਤਾਂ ਕਿ ਇਸ ਜਨਗਣਨਾ ਵਿੱਚ ਸਾਡਾ ਸਮਾਜ ਕਾਲਮ ਵਿੱਚ ਰਵਿਦਾਸੀਆ ਧਰਮ ਹੀ ਲਿਖ ਸਕੇ। ਉਹਨਾਂ ਨੇ ਕਿਹਾ ਕਿ ਅਸੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਮੰਨਣ ਵਾਲੇ ਹਾਂ ਇਸ ਲਈ ਸਾਡਾ ਧਰਮ ਰਵਿਦਾਸੀਆ ਧਰਮ ਹੀ ਹੈ। ਉਨਾਂ ਨੇ ਸਮਾਜ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਵਾਰ ਜੋ ਜਨਗਣਨਾ ਹੋ ਰਹੀ ਹੈ ਉਸ ਵਿੱਚ ਸਿਰਫ ਰਵਿਦਾਸੀਆ ਧਰਮ ਹੀ ਲਿਖਿਆ ਜਾਵੇ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਸਾਨੂੰ ਆਪਸ ਵਿੱਚ ਰਲ ਕੇ ਅਤੇ ਇਕੱਠੇ ਹੋ ਕੇ ਚੱਲਣਾ ਪੈਣਾ ਹੈ ਤਾਂ ਕਿ ਇਹ ਆਉਣ ਵਾਲੇ ਸਮੇਂ ਵਿੱਚ ਜੋ ਤਾਕਤਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਤੋੜਨ ਦੀਆਂ ਗੱਲਾਂ ਕਰਦੀਆਂ ਹਨ ਅਸੀਂ ਉਹਨਾਂ ਦਾ ਡੱਟ ਕੇ ਵਿਰੋਧ ਕਰ ਸਕੀਏ। ਇਸ ਵਿਚਾਰ ਵਟਾਂਦਰੇ ਦੌਰਾਨ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ। ਉਹਨਾਂ ਨੇ ਕਿਹਾ ਕਿ ਜੇ ਸਾਡੇ ਸਮਾਜ ਦੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣਗੇ ਤਾਂ ਹੀ ਸਾਡੀ ਕੌਮ ਤਰੱਕੀ ਕਰੇਗੀ।

ਉਹਨਾਂ ਨੇ ਕਿਹਾ ਕਿ ਪਿੰਡ ਗੜ੍ਹੀ ਬੇਟ ਤੋਂ ਸੱਚਖੰਡ ਬੱਲਾਂ ਜਲੰਧਰ ਲਈ ਹਰ ਮਹੀਨੇ ਇੱਕ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਜਿਸ ਦਾ ਕਿਰਾਇਆ ਸਿਰਫ 200 ਰੁਪਏ ਰੱਖਿਆ ਗਿਆ ਹੈ। ਜੇਕਰ ਕੋਈ ਵੀ ਸੰਗਤ ਸੱਚਖੰਡ ਬੱਲਾਂ ਨੂੰ ਜਾਣਾ ਚਾਹੁੰਦੀ ਹੈ ਤਾਂ ਉਹ ਪਹਿਲਾਂ ਹੀ ਸਾਡੇ ਕੋਲ ਰਜਿਸਟਰੇਸ਼ਨ ਕਰਵਾ ਸਕਦੀ ਹੈ। ਆਉਣ ਵਾਲੀ 25 ਮਈ ਦਿਨ ਸੋਮਵਾਰ ਨੂੰ ਸੱਚਖੰਡ ਬੱਲਾਂ ਵਿਖੇ ਸੰਤ ਸ੍ਰੀ ਰਾਮਾਨੰਦ ਜੀ ਦੀ ਵੱਡੇ ਪੱਧਰ ਤੇ ਸ਼ਰਧਾ ਨਾਲ ਬਰਸੀ ਮਨਾਈ ਜਾ ਰਹੀ। ਜਿਸ ਵਿੱਚ ਉਹਨਾਂ ਨੇ ਸੰਗਤ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ।

# ਸਪੈਸ਼ਲ ਇਨਟੈਨਸਿਵ ਰਵੀਜ਼ਨ ਸਬੰਧੀ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**➢ ਮਿਤੀ 25 ਜੂਨ 2026 ਤੋਂ 24 ਜੁਲਾਈ 2026 ਤਕ ਬੀ.ਐਲ.ਓਜ. ਘਰ-ਘਰ ਜਾ ਕੇ Enumeration Form ਭਰਵਾਉਣਗੇ ➢ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਦਾ ਕੰਮ ਮਿਤੀ 24.07.2026 ਤੱਕ ਕੀਤਾ ਜਾਵੇਗਾ**

**ਸੰਗਰੂਰ, 12 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੇ ਸਪੈਸ਼ਲ ਇਨਟੈਨਸਿਵ ਰਵੀਜ਼ਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਸਪੈਸ਼ਲ ਇਨਟੈਨਸਿਵ ਰਵੀਜ਼ਨ ਦੀਆਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਸ਼ਡਿਊਲ ਸਬੰਧੀ ਜਾਣਕਾਰੀ ਦੇਣ ਲਈ ਦਫਤਰ ਡਿਪਟੀ ਕਮਿਸ਼ਨਰ ਸੰਗਰੂਰ ਵਿਖੇ ਜ਼ਿਲ੍ਹਾ ਚੋਣ ਅਫਸਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਜ਼ਿਲ੍ਹਾ ਪ੍ਰਧਾਨ/ਸਕੱਤਰ/ਨੁਮਾਇੰਦਿਆਂ ਨਾਲ ਸਹਾਇਕ ਕਮਿਸ਼ਨਰ (ਜਨਰਲ) ਸੰਗਰੂਰ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।





Special Intensive Revision ਤਹਿਤ ਪੰਜਾਬ ਰਾਜ ਵਿੱਚ ਮਿਤੀ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ. ਘਰ-ਘਰ ਜਾ ਕੇ Enumeration Form ਭਰਵਾਉਣਗੇ। ਜ਼ਿਲ੍ਹਾ ਸੰਗਰੂਰ ਵਿੱਚ ਇਸ ਸਮੇਂ 9,15,752 ਵੋਟਰ ਹਨ, ਜਿਸ ਅਨੁਸਾਰ ਹਰੇਕ ਬੀ.ਐਲ.ਓ ਨੂੰ ਔਸਤ 910 ਵੋਟਰਾਂ ਦੀ SIR ਕਰਨੀ ਹੋਵੇਗੀ।

Pre-SIR ਗਤੀਵਿਧੀਆਂ ਤਹਿਤ ਜ਼ਿਲ੍ਹਾ ਸੰਗਰੂਰ ਵਿੱਚ 9,15,752 ਵੋਟਰਾਂ ਵਿੱਚੋਂ 7,94,277 ਵੋਟਰ 2003 ਦੀ ਵੋਟਰ ਸੂਚੀ ਨਾਲ ਮੈਪ ਕਰ ਦਿੱਤੇ ਗਏ ਹਨ, ਜੋ ਕਿ ਤਕਰੀਬਨ 86.73% ਬਣਦਾ ਹੈ। ਭਾਵੇ ਕਿ ਸਾਰੇ ਵੋਟਰਾਂ ਨੂੰ SIR ਅਧੀਨ ਫਾਰਮ ਭਰਨਾ ਜ਼ਰੂਰੀ ਹੈ, ਫਿਰ ਵੀ ਮੈਪ ਕੀਤੇ ਹੋਏ ਵੋਟਰਾਂ ਲਈ SIR ਦੀ ਪ੍ਰਕਿਰਿਆ ਕਾਫੀ ਆਸਾਨ ਹੋਵੇਗੀ। Special Intensive Revision ਦੇ ਕੰਮ ਲਈ ਜ਼ਿਲ੍ਹਾ ਸੰਗਰੂਰ ਵਿੱਚ ਕੁਲ 1006 ਬੂਥਾਂ 'ਤੇ 1006 ਬੀ.ਐਲ.ਓਜ, 107 ਬੀ.ਐਲ.ਓ ਸੁਪਰਵਾਈਜ਼ਰ ਅਤੇ 05 ਚੋਣਕਾਰ ਰਜਿਸਟਰੇਸ਼ਨ ਅਫਸਰ, 10 ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ ਲਗਾਏ ਗਏ ਹਨ।

ਸਪੈਸ਼ਲ ਇੰਨਟੈਸਿਵ ਰਿਵੀਜ਼ਨ ਦਾ ਉਦੇਸ਼ ਜਿਲ੍ਹੇ ਦੇ ਹਰੇਕ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਅਯੋਗ ਵਿਅਕਤੀਆਂ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰਨਾ ਹੋਵੇਗਾ। ਦੋਹਰੀ ਵੋਟਰ ਰੱਖਣਾ ਭਾਰਤੀ ਸੰਵਿਧਾਨ ਅਨੁਸਾਰ ਦੰਡ ਯੋਗ ਅਪਰਾਧ ਹੈ, ਜਿਸ ਲਈ ਇੱਕ ਸਾਲ ਤੱਕ ਦੀ ਕੈਦ ਦੀ ਸਜ਼ਾ ਹੈ। SIR ਅਧੀਨ ਹੀ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਦਾ ਕੰਮ ਮਿਤੀ 24.07.2026 ਤੱਕ ਕੀਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਗਿਣਤੀ 1200 ਤੋਂ ਵੱਧ ਨਾ ਹੋਵੇ। ਜੇਕਰ ਇਸ ਸਬੰਧੀ ਕਿਸੇ ਰਾਜਸੀ ਪਾਰਟੀ ਦੇ ਸੁਝਾਅ ਹਨ ਤਾਂ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਦੇ ਦਫਤਰ ਲਹਿਰਾ, ਦਿੜ੍ਹਬਾ, ਸੁਨਾਮ, ਧੂਰੀ ਅਤੇ ਸੰਗਰੂਰ ਵਿਖੇ ਦਿੱਤੇ ਜਾ ਸਕਦੇ ਹਨ।

ਜੇਕਰ ਕੋਈ ਵੋਟਰ SIR ਅਧੀਨ Enumeration Form ਨਹੀਂ ਭਰਦਾ ਹੈ ਤਾਂ ਉਸ ਨੂੰ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ਜੋ ਮਿਤੀ 31.07.2026 ਨੂੰ ਪ੍ਰਕਾਸ਼ਿਤ ਹੋਵੇਗੀ। ਦਾਅਵੇ ਅਤੇ ਇਤਰਾਜ਼ ਮਿਤੀ 31.07.2026 ਤੋਂ ਮਿਤੀ 30.08.2026 ਤਕ ਲਏ ਜਾਣਗੇ, ਜਿਹਨਾਂ ਦਾ ਨਿਪਟਾਰਾ ਮਿਤੀ 28.09.2026 ਤਕ ਕਰਦੇ ਹੋਏ ਮਿਤੀ 01.10.2026 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਵੋਟਰ ਸੂਚੀਆਂ ਦੇ ਸਪੈਸ਼ਲ ਇੰਨਟੈਨਸਿਵ ਰਿਵੀਜ਼ਨ ਵਿੱਚ ਬੀ.ਐਲ.ਓ. ਨੂੰ ਪੂਰਾ ਸਹਿਯੋਗ ਦੇਣ ਅਤੇ ਉਨ੍ਹਾਂ ਵੱਲੋਂ ਹਰੇਕ ਪੋਲਿੰਗ ਬੂਥ ਲਈ ਬੀ.ਐਲ.ਏ. ਨਿਯੁਕਤ ਕੀਤੇ ਜਾਣ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ਼੍ਰੀਮਤੀ ਪਰਮਜੀਤ ਕੌਰ, ਚੋਣ ਤਹਿਸੀਲਦਾਰ, ਸ੍ਰ ਸਤਗੁਰ ਸਿੰਘ (ਬਹੁਜਨ ਸਮਾਜ ਪਾਰਟੀ), ਸ਼੍ਰੀ ਸੁਰੇਸ਼ ਬੇਦੀ (ਭਾਰਤੀ ਜਨਤਾ ਪਾਰਟੀ), ਸ੍ਰੀ ਅੰਮ੍ਰਿਤ ਬਰਾੜ (ਕਾਂਗਰਸ), ਸ੍ਰ ਗੁਰਨੈਬ ਸਿੰਘ (ਸ਼੍ਰੋਮਣੀ ਅਕਾਲੀ ਦਲ)(ਅੰਮ੍ਰਿਤਸਰ)), ਸ੍ਰ ਚਮਕੌਰ ਸਿੰਘ ਖੇੜੀ (ਸੀ.ਪੀ.ਆਈ.(ਐਮ.)), ਸ੍ਰ ਹਰਪਾਲ ਸਿੰਘ (ਆਮ ਆਦਮੀ ਪਾਰਟੀ) ਅਤੇ ਸ਼੍ਰੀ ਨਰੇਸ਼ ਕੁਮਾਰ (ਸ਼੍ਰੋਮਣੀ ਅਕਾਲੀ ਦਲ) ਹਾਜ਼ਰ ਸਨ।

# ਅੱਗ ਲੱਗਣ ਕਾਰਨ ਗਰੀਬ ਮਜ਼ਦੂਰਾਂ ਦੀਆਂ 30 ਤੋਂ ਵੱਧ ਝੁੱਗੀਆਂ ਸੜ ਕੇ ਸੁਆਹ ਹੋਈਆਂ



**ਮਾਛੀਵਾੜਾ ਸਾਹਿਬ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

)ਨੇੜਲੇ ਪਿੰਡ ਸਹਿਜੋ ਮਾਜਰਾ ਵਿਖੇ ਅੱਜ ਬਾਅਦ ਦੁਪਹਿਰ ਗਰੀਬ ਮਜ਼ਦੂਰਾਂ ਦੀਆਂ ਕਰੀਬ 30 ਤੋਂ ਵੱਧ ਝੁੱਗੀਆਂ ਅੱਗ ਨਾਲ ਸੜਕੇ ਸੁਆਹ ਹੋ ਗਈਆਂ। ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਿੰਡ ਦੇ ਨੇੜ੍ਹੇ ਹੀ ਕਾਫ਼ੀ ਮਜ਼ਦੂਰ ਆਪਣੇ ਪਰਿਵਾਰਾਂ ਸਮੇਤ ਝੁੱਗੀਆਂ ਬਣਾ ਕੇ ਰਹਿੰਦੇ ਹਨ। ਅੱਜ ਬਾਅਦ ਦੁਪਹਿਰ ਇੱਕ ਝੁੱਗੀ 'ਚੋਂ ਅਚਾਨਕ ਅੱਗ ਦੀਆਂ ਲਪਟਾਂ ਨਿਕਲਣੀਆਂ ਸ਼ੁਰੂ ਹੋਈਆਂ ਜੋ ਦੇਖਦੇ-ਦੇਖਦੇ ਸਾਰੀਆਂ ਝੁੱਗੀਆਂ 'ਚ ਫੈਲ ਗਈ। ਝੁੱਗੀਆਂ ਵਿਚ ਔਰਤਾਂ ਤੇ ਬੱਚੇ ਸਨ ਜਦਕਿ ਪੁਰਸ਼ ਮਜ਼ਦੂਰੀ ਕਰਨ ਲਈ ਖੇਤਾਂ ਵਿਚ ਗਏ ਹੋਏ ਸਨ। ਪਰਿਵਾਰ ਵਲੋਂ ਪਹਿਲਾਂ ਆਪਣੇ ਬੱਚਿਆਂ ਤੇ ਜਾਨਵਰਾਂ ਨੂੰ ਬਾਹਰ ਸੁਰੱਖਿਅਤ ਥਾਂ ਕੱਢਿਆ ਅਤੇ ਬਾਹਰ ਪਿੰਡ ਵਾਸੀਆਂ ਨਾਲ ਮਿਲ ਕੇ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ। ਸੂਚਨਾ ਮਿਲਦੇ ਹੀ ਡੀ.ਐਸ.ਪੀ. ਸਮਰਾਲਾ ਪ੍ਰਿਤਪਾਲ ਸਿੰਘ, ਸਹਾਇਕ ਥਾਣੇਦਾਰ ਸੋਹਣ ਸਿੰਘ ਵੀ ਮੌਕੇ 'ਤੇ ਪਹੁੰਚ ਗਏ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾ ਲਈਆਂ ਗਈਆਂ।

ਸਮਰਾਲਾ ਤੋਂ ਆਈਆਂ ਗੱਡੀਆਂ ਵਲੋਂ ਕਰੀਬ 3 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ ਉੱਪਰ ਕਾਬੂ ਪਾਇਆ ਗਿਆ ਪਰ ਉਦੋਂ ਤੱਕ ਕਰੀਬ 30 ਤੋਂ ਵੱਧ ਝੁੱਗੀਆਂ ਸੜ ਕੇ ਸੁਆਹ ਹੋ ਗਈਆਂ। ਇਨ੍ਹਾਂ ਝੁੱਗੀਆਂ ਵਿਚ ਗਰੀਬ ਮਜ਼ਦੂਰਾਂ ਦਾ ਸਾਰਾ ਘਰੇਲੂ ਸਮਾਨ ਜਿਸ ਵਿਚ ਖਾਣ ਲਈ ਅਨਾਜ, ਬਰਤਨ, ਪੱਖੇ, ਸਕੂਲੀ ਕਿਤਾਬਾਂ, ਸਾਈਕਲ, ਕੱਪੜੇ, ਦਸਤਾਵੇਜਾਂ ਤੋਂ ਇਲਾਵਾ ਕਈ ਮਜ਼ਦੂਰਾਂ ਨੇ ਆਪਣੀ ਮਿਹਨਤ ਦੀ ਕਮਾਈ ਨਾਲ ਪੈਸੇ ਵੀ ਇਕੱਠੇ ਕੀਤੇ ਸਨ ਜੋ ਕਿ ਅੱਗ ਦੀ ਭੇਟ ਚੜ੍ਹ ਗਏ। ਅੱਜ ਜਦੋਂ ਗਰੀਬ ਮਜ਼ਦੂਰਾਂ ਦੇ ਹਾਲਾਤ ਦੇਖੇ ਗਏ ਤਾਂ ਉਨ੍ਹਾਂ ਕੋਲ ਨਾ ਸਿਰ 'ਤੇ ਛੱਤ ਬਚੀ, ਨਾ ਖਾਣ ਲਈ ਅਨਾਜ ਸੀ ਅਤੇ ਨਾ ਹੀ ਪਹਿਨਣ ਲਈ ਕੱਪੜੇ ਸਨ। ਇਹ ਗਰੀਬ ਮਜ਼ਦੂਰ ਅੱਗ ਨਾਲ ਰਾਖ਼ ਹੋਏ ਸਮਾਨ 'ਚੋਂ ਕੁਝ ਸਮਾਨ ਇਕੱਤਰ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਸਨ ਤਾਂ ਜੋ ਮੁੜ ਤੋਂ ਆਪਣਾ ਆਸ਼ਿਆਨਾ ਬਣਾ ਸਕਣ।

**ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਪੀੜ੍ਹਤ ਮਜ਼ਦੂਰਾਂ ਦੀ ਸੂਚੀ ਤਿਆਰ ਕੀਤੀ**

ਮੌਕੇ 'ਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਪਹੁੰਚ ਗਏ ਜਿਨ੍ਹਾਂ ਵਲੋਂ ਅੱਗ ਦੀ ਭੇਟ ਚੜ੍ਹੇ ਝੁੱਗੀਆਂ 'ਚ ਰਹਿਣ ਵਾਲੇ ਗਰੀਬ ਮਜ਼ਦੂਰਾਂ ਦੀ ਸੂਚੀ ਤਿਆਰ ਕੀਤੀ ਤਾਂ ਜੋ ਉੱਚ ਅਧਿਕਾਰੀਆਂ ਨੂੰ ਭੇਜ ਕੇ ਕੁਝ ਮੁਆਵਜੇ ਦੀ ਮੰਗ ਕੀਤੀ ਜਾ ਸਕੇ। ਸੂਚੀ ਅਨੁਸਾਰ ਗਣੇਸ਼, ਰਿਸ਼ੀਦੇਵ, ਵਾਸੂ, ਬਿਲਾਸ, ਪੰਕਜ, ਸੀਤਾ ਦੇਵੀ, ਕਿਰਤਾਨੰਦ, ਆਵਧ ਚੌਧਰੀ, ਸ਼ਿਵਾ, ਮੁਕੇਸ਼, ਮਨਕੀ, ਸੁਨੀਲ, ਮੀਨਾ, ਰੁਪੇਸ਼, ਸੁੱਜੂ, ਤੁਫ਼ਾਨ ਦੇ ਨਾਮ ਸ਼ਾਮਲ ਹਨ ਜਿਨ੍ਹਾਂ ਦੀਆਂ ਇਹ ਝੁੱਗੀਆਂ ਅੱਗ ਦੀ ਭੇਟ ਚੜ੍ਹ ਗਈਆਂ।

**ਪੰਚਾਇਤ ਨੇ ਗਰੀਬਾਂ ਲਈ ਕੀਤੀ ਮੁਆਵਜੇ ਦੀ ਮੰਗ**

ਇਸ ਮੌਕੇ ਪੁੱਜੇ ਪਿੰਡ ਸਹਿਜੋ ਮਾਜਰਾ ਦੇ ਸਰਪੰਚ ਜਸਵੀਰ ਸਿੰਘ ਨੇ ਦੱਸਿਆ ਕਿ ਇਹ ਗਰੀਬ ਮਜ਼ਦੂਰ ਮਾਛੀਵਾੜਾ ਇਲਾਕੇ ਦੇ ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਇਹ ਬਾਹਰਲੇ ਸੂਬਿਆਂ ਦੇ ਰਹਿਣ ਵਾਲੇ ਹਨ ਪਰ ਇੱਥੇ ਕਈ ਸਾਲਾਂ ਤੋਂ ਝੁੱਗੀਆਂ ਬਣਾ ਕੇ ਰਹਿੰਦੇ ਹਨ।

ਉਨ੍ਹਾਂ ਦੱਸਿਆ ਕਿ 2 ਸਾਲ ਪਹਿਲਾਂ ਵੀ ਇੱਥੇ ਝੁੱਗੀਆਂ ਨੂੰ ਅੱਗ ਲੱਗਣ ਕਾਰਨ ਕਾਫ਼ੀ ਨੁਕਸਾਨ ਹੋਇਆ ਸੀ ਪਰ ਸਰਕਾਰ ਨੇ ਉਦੋਂ ਵੀ ਕੋਈ ਮੁਆਵਜਾ ਨਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਅੱਗ ਕਾਰਨ ਇਨ੍ਹਾਂ ਗਰੀਬ ਮਜ਼ਦੂਰਾਂ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ, ਇਸ ਲਈ ਸਰਕਾਰ ਇਨ੍ਹਾਂ ਦੀ ਮੱਦਦ ਕਰੇ ਅਤੇ ਤੁਰੰਤ ਮੁਆਵਜਾ ਦੇਵੇ।

# ਪੰਜਾਬ ਸਰਕਾਰ ਵਲੋਂ ਐਨ.ਆਰ.ਆਈਜ਼ ਦੀ ਸਹੂਲਤ ਲਈ ਆਨਲਾਈਨ ਪ੍ਰਕਿਰਿਆ ਪਾਰਦਰਸ਼ੀ ਅਤੇ ਆਸਾਨ ਪ੍ਰਸ਼ਾਸਨ ਦੇਣ ਵੱਲ ਅਹਿਮ ਕਦਮ

**➢ ਕੋਈ ਵੀ ਵਿਅਕਤੀ ਆਨਲਾਈਨ ਨਿਰਧਾਰਿਤ ਫੀਸ ਭਰਨ ਉਪਰੰਤ ਖੁਦ ਹਾਸਲ ਕਰ ਸਕਦੈ ਸੇਵਾ ➢ ਭ੍ਰਿਸ਼ਟਾਚਾਰ ਅਤੇ ਵਿਚੋਲਿਆਂ ਦੀ ਦਖ਼ਲਅੰਦਾਜ਼ੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਡਿਪਟੀ ਕਮਿਸ਼ਨਰ ਵਲੋਂ ਹੁਕਮ ਜਾਰੀ**

**ਜਲੰਧਰ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨਾਗਰਿਕਾਂ ਨੂੰ ਪਾਰਦਰਸ਼ੀ, ਭ੍ਰਿਸ਼ਟਾਚਾਰ ਮੁਕਤ ਅਤੇ ਆਸਾਨ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ 'ਸਾਫ਼-ਸੁਥਰਾ ਪ੍ਰਸ਼ਾਸਨ' ਦੇ ਨਾਅਰੇ ਹੇਠ ਸਾਰੀਆਂ ਅਹਿਮ ਸੇਵਾਵਾਂ ਨੂੰ ਆਨਲਾਈਨ ਪ੍ਰਣਾਲੀ ਨਾਲ ਜੋੜਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਗੈਰ-ਨਿਵਾਸੀ ਭਾਰਤੀਆਂ (ਐਨ.ਆਰ.ਆਈਜ਼) ਅਤੇ ਓਵਰਸੀਜ਼ ਸਿਟੀਜ਼ਨਜ਼ ਆਫ਼ ਇੰਡੀਆ (ਓ.ਸੀ.ਆਈਜ਼) ਵੱਲੋਂ ਭੇਜੀਆਂ ਗਈਆਂ ਪਾਵਰ ਆਫ਼ ਅਟਾਰਨੀ (ਜੀ.ਪੀ.ਏ./ਐਸ.ਪੀ.ਏ.) ਦੀ ਇੰਬੋਸਿੰਗ (Embossing) ਦੀ ਪ੍ਰਕਿਰਿਆ ਨੂੰ ਵੀ ਪੂਰੀ ਤਰ੍ਹਾਂ 'ਸਰਵਿਸ ਪਲੱਸ ਪੋਰਟਲ' (https://eservices.punjab.gov.in/) ਰਾਹੀਂ ਆਨਲਾਈਨ ਕਰ ਦਿੱਤਾ ਗਿਆ ਹੈ।

ਸ਼੍ਰੀ ਵਾਲੀਆ ਨੇ ਦੱਸਿਆ ਕਿ ਸਰਕਾਰ ਵੱਲੋਂ ਇਨ੍ਹਾਂ ਸੇਵਾਵਾਂ ਲਈ ਫੀਸਾਂ ਦਾ ਸਪਸ਼ਟ ਵੇਰਵਾ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੀ.ਪੀ.ਏ. ਲਈ 2 ਹਜ਼ਾਰ ਰੁਪਏ, ਐਸ.ਪੀ.ਏ. ਲਈ ਇਕ ਹਜ਼ਾਰ ਰੁਪਏ ਅਤੇ ਦਸਤਾਵੇਜ਼ ਰੱਦ ਕਰਨ ਲਈ 1600/- ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਫੀਸਾਂ ਸਿਰਫ਼ ਆਨਲਾਈਨ ਢੰਗ ਰਾਹੀਂ ਹੀ ਭਰੀਆਂ ਜਾ ਸਕਦੀਆਂ ਹਨ ਅਤੇ ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਕੋਈ ਵੀ ਨਕਦ ਭੁਗਤਾਨ ਸਵੀਕਾਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਧਿਆਨ ਵਿੱਚ ਆਇਆ ਹੈ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਕਾਰਜਕਾਰੀ (ਐਗਜ਼ੀਕਿਊਟਰਜ਼) ਅਤੇ ਜਲੰਧਰ ਸਥਿਤ ਉਨ੍ਹਾਂ ਦੇ ਅਧਿਕਾਰਤ ਅਟਾਰਨੀ, ਇਸ ਸਰਲ ਆਨਲਾਈਨ ਵਿਧੀ ਬਾਰੇ ਪੂਰੀ ਜਾਣਕਾਰੀ ਨਾ ਹੋਣ ਕਾਰਨ ਅਕਸਰ ਵਿਚੋਲਿਆਂ, ਏਜੰਟਾਂ ਅਤੇ ਦਲਾਲਾਂ ਦਾ ਸ਼ਿਕਾਰ ਹੋ ਰਹੇ ਹਨ। ਇਹ ਗੈਰ-ਕਾਨੂੰਨੀ ਅਨਸਰ ਬਿਨੈਕਾਰਾਂ ਨੂੰ 'ਬਿਨਾਂ ਕਿਸੇ ਖੱਜਲ-ਖੁਆਰੀ' ਦੇ ਕੰਮ ਕਰਵਾਉਣ ਦਾ ਝੂਠਾ ਝਾਂਸਾ ਦੇ ਕੇ ਉਨ੍ਹਾਂ ਕੋਲੋਂ ਮੋਟੀਆਂ ਰਕਮਾਂ ਵਸੂਲ ਰਹੇ ਹਨ, ਜੋ ਕਿ ਸਰਕਾਰ ਵੱਲੋਂ ਸਥਾਪਿਤ ਪਾਰਦਰਸ਼ੀ ਪ੍ਰਣਾਲੀ ਦੀ ਸਿੱਧੀ ਉਲੰਘਣਾ ਹੈ।

ਸ਼੍ਰੀ ਵਾਲੀਆ ਨੇ ਕਿਹਾ ਕਿ ਇਸ ਪ੍ਰਣਾਲੀ ਨੂੰ ਇੰਨਾ ਸੁਖਾਲਾ ਬਣਾਇਆ ਗਿਆ ਹੈ ਕਿ ਕੋਈ ਵੀ ਵਿਅਕਤੀ ਮੂਲ ਦਸਤਾਵੇਜ਼ਾਂ ਦੀ ਪੀ.ਡੀ.ਐੱਫ. ਫਾਈਲ ਅਪਲੋਡ ਕਰਕੇ, ਨਿਰਧਾਰਿਤ ਫੀਸ ਭਰ ਕੇ ਅਤੇ ਆਪਣੀ ਸਹੂਲਤ ਅਨੁਸਾਰ ਅਪਾਇੰਟਮੈਂਟ ਬੁੱਕ ਕਰਕੇ ਆਪਣਾ ਕੰਮ ਖੁਦ ਕਰਵਾ ਸਕਦਾ ਹੈ।

ਵਿਚੋਲਿਆਂ ਦੀ ਇਸ ਦਖ਼ਲਅੰਦਾਜ਼ੀ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਜਨਤਾ ਦੀ ਲੁੱਟ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ ਕੋਈ ਵੀ ਦਫ਼ਤਰੀ ਕਰਮਚਾਰੀ ਜਾਂ ਅਧਿਕਾਰੀ ਬਿਨ੍ਹਾਂ ਆਨਲਾਈਨ ਪ੍ਰਕਿਰਿਆ ਦੇ ਕਿਸੇ ਵੀ ਦਸਤਾਵੇਜ਼ 'ਤੇ ਵਿਚਾਰ ਨਹੀਂ ਕਰੇਗਾ।

ਉਨ੍ਹਾਂ ਐਸ.ਐਸ.ਪੀ. (ਵਿਜੀਲੈਂਸ) ਨੂੰ ਵਿਚੋਲਿਆਂ ਅਤੇ ਦਲਾਲਾਂ ਦੇ ਗੈਰ-ਕਾਨੂੰਨੀ ਗਠਜੋੜ 'ਤੇ ਨਜ਼ਰ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਮਿਲਣ 'ਤੇ ਤੁਰੰਤ ਫੌਜਦਾਰੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਵੀ ਕਿਹਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਾਜਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੰਦਰ ਕੰਮ ਕਰਦੇ ਸਮੂਹ ਬੂਥ ਸੰਚਾਲਕਾਂ ਅਤੇ ਟਾਈਪਿਸਟਾਂ ਨੂੰ ਲਿਖਤੀ ਹਦਾਇਤ ਕੀਤੀ ਜਾਵੇ ਕਿ ਉਹ ਆਨਲਾਈਨ ਫਾਰਮ ਭਰਨ ਲਈ ਸਿਰਫ਼ ਨਾਮਾਤਰ ਫੀਸ ਹੀ ਲੈ ਸਕਦੇ ਹਨ। ਜੇਕਰ ਕੋਈ ਵੀ ਸੰਚਾਲਕ ਨਿਰਧਾਰਿਤ ਫੀਸ ਤੋਂ ਵੱਧ ਵਸੂਲੀ ਕਰਦਾ ਜਾਂ ਜਨਤਾ ਨੂੰ ਗੁੰਮਰਾਹ ਕਰਦਾ ਪਾਇਆ ਗਿਆ, ਤਾਂ ਉਸ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਗਰੀਬ ਪਰਿਵਾਰਾਂ ਦੇ ਨਵਜੰਮੇ ਬੱਚੇ ਵੇਚਣ ਵਾਲੇ 'ਬੇਬੀ ਸੈਲਿੰਗ ਰੈਕੇਟ' ਦਾ ਖੁਲਾਸਾ

**ਖੰਨਾ ਪੁਲਿਸ ਦੀ ਵੱਡੀ ਕਾਰਵਾਈ, ਆਸ਼ਾ ਵਰਕਰ ਸਮੇਤ 6 ਗ੍ਰਿਫ਼ਤਾਰ; ਮਾਸੂਮ ਬੱਚਾ ਸਹੀ-ਸਲਾਮਤ ਬਰਾਮਦ**

**ਖੰਨਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖਤਾ ਨੂੰ ਝੰਜੋੜ ਕੇ ਰੱਖ ਦੇਣ ਵਾਲੇ ਇੱਕ ਸਨਸਨੀਖੇਜ਼ ਮਾਮਲੇ ਵਿੱਚ ਖੰਨਾ ਪੁਲਿਸ ਨੇ ਨਵਜੰਮੇ ਬੱਚਿਆਂ ਦੀ ਗੈਰ-ਕਾਨੂੰਨੀ ਖਰੀਦੋ-ਫਰੋਖ਼ਤ ਕਰਨ ਵਾਲੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਗਿਰੋਹ ਗਰੀਬ ਅਤੇ ਮਜ਼ਬੂਰ ਪਰਿਵਾਰਾਂ ਨੂੰ ਲਾਲਚ ਦੇ ਕੇ ਉਨ੍ਹਾਂ ਦੇ ਨਵਜੰਮੇ ਬੱਚੇ ਹਾਸਲ ਕਰਦਾ ਅਤੇ ਬਾਅਦ ਵਿੱਚ ਬੇਔਲਾਦ ਲੋਕਾਂ ਨੂੰ ਮੋਟੀ ਰਕਮ ਲੈ ਕੇ ਵੇਚ ਦਿੰਦਾ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਆਸ਼ਾ ਵਰਕਰ ਸਮੇਤ 6 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਇੱਕ ਨਵਜੰਮੇ ਮਾਸੂਮ ਬੱਚੇ ਨੂੰ ਸੁਰੱਖਿਅਤ ਬਰਾਮਦ ਕਰ ਲਿਆ ਹੈ।

ਐਸਐਸਪੀ ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਸੀਆਈਏ ਸਟਾਫ਼ ਖੰਨਾ ਦੇ ਇੰਚਾਰਜ ਇੰਸਪੈਕਟਰ ਜਸ਼ਨਪ੍ਰੀਤ ਸਿੰਘ ਅਤੇ ਏਐਸਆਈ ਡਿੰਪਲ ਦੀ



ਟੀਮ ਨੂੰ 15 ਮਈ ਦੀ ਸ਼ਾਮ ਗੁਪਤ ਸੂਚਨਾ ਮਿਲੀ ਸੀ ਕਿ ਇੱਕ ਗਿਰੋਹ ਗੈਰ-ਕਾਨੂੰਨੀ ਗੋਦ ਲੈਣ ਦੀ ਆੜ ਹੇਠ ਨਵਜੰਮੇ ਬੱਚਿਆਂ ਦੀ ਖਰੀਦੋ-ਫਰੋਖ਼ਤ ਕਰ ਰਿਹਾ ਹੈ।

ਮੁਖਬਰ ਨੇ ਜਾਣਕਾਰੀ ਦਿੱਤੀ ਕਿ ਕੁਲਦੀਪ ਕੌਰ ਵਾਸੀ ਖਮਾਣੋਂ, ਹਰਮੀਤ ਕੌਰ ਵਾਸੀ ਸਾਹਨੇਵਾਲ ਅਤੇ ਮੋਨਿਕਾ ਵਾਸੀ ਖੰਨਾ ਪਿੰਡ ਅਜਨਾਲੀ ਦੀ ਇੱਕ ਗਰੀਬ ਮਹਿਲਾ ਤੋਂ ਉਸ ਦਾ ਨਵਜੰਮਿਆ ਬੱਚਾ ਲੈ ਚੁੱਕੀਆਂ ਹਨ ਅਤੇ ਉਸ ਨੂੰ ਅੱਗੇ ਵੇਚਣ ਲਈ ਦਾਣਾ ਮੰਡੀ ਰਾਹੋਂ ਗੇਟ ਨੇੜੇ ਕਿਸੇ ਗਾਹਕ ਦੀ ਉਡੀਕ ਕਰ ਰਹੀਆਂ ਹਨ।

ਸੂਚਨਾ ਮਿਲਦੇ ਹੀ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਸਿਟੀ ਖੰਨਾ ਵਿੱਚ ਧਾਰਾ 143 ਬੀਐਨਐਸ ਅਤੇ ਜੁਵੇਨਾਈਲ ਜਸਟਿਸ ਐਕਟ ਦੀ ਧਾਰਾ 81 ਤਹਿਤ ਕੇਸ ਦਰਜ ਕਰਕੇ ਦਾਣਾ ਮੰਡੀ ਇਲਾਕੇ ਵਿੱਚ ਛਾਪੇਮਾਰੀ ਕੀਤੀ। ਰੇਡ ਦੌਰਾਨ ਪੁਲਿਸ ਨੇ ਤਿੰਨਾਂ ਔਰਤਾਂ ਨੂੰ ਕਾਬੂ ਕਰ ਲਿਆ। ਉਸ ਵੇਲੇ ਕੁਲਦੀਪ ਕੌਰ ਦੀ ਗੋਦ ਵਿੱਚ ਨਵਜੰਮਿਆ ਬੱਚਾ ਵੀ ਮੌਜੂਦ ਸੀ, ਜਿਸ ਨੂੰ ਸੁਰੱਖਿਅਤ ਬਰਾਮਦ ਕਰ ਲਿਆ ਗਿਆ।

ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਸ ਰੈਕੇਟ ਵਿੱਚ ਲੁਧਿਆਣਾ ਦੇ ਪ੍ਰਤਾਪ ਨਗਰ ਵਾਸੀ ਦਲਜੀਤ ਸਿੰਘ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਵੀ ਸ਼ਾਮਲ ਹਨ। ਜਾਂਚ ਵਿੱਚ ਇਹ ਵੀ ਖੁਲਾਸਾ ਹੋਇਆ ਕਿ ਪਿੰਡ ਅਜਨਾਲੀ ਦੀ ਸਰਕਾਰੀ ਆਸ਼ਾ ਵਰਕਰ ਜਸਵੀਰ ਕੌਰ ਗਰੀਬ ਗਰਭਵਤੀ ਮਹਿਲਾਵਾਂ 'ਤੇ ਨਜ਼ਰ ਰੱਖਦੀ ਸੀ ਅਤੇ ਜਨਮ ਤੋਂ ਬਾਅਦ ਪਰਿਵਾਰਾਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਬੱਚੇ ਹਾਸਲ ਕਰਵਾਉਂਦੀ ਸੀ। ਬਾਅਦ ਵਿੱਚ ਇਹ ਬੱਚੇ ਦਲਾਲਾਂ ਰਾਹੀਂ ਮੋਟੀ ਰਕਮ ਵਿੱਚ ਵੇਚੇ ਜਾਂਦੇ ਸਨ।

ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦਲਜੀਤ ਸਿੰਘ, ਮਨਪ੍ਰੀਤ ਕੌਰ ਅਤੇ ਆਸ਼ਾ ਵਰਕਰ ਜਸਵੀਰ ਕੌਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਬਰਾਮਦ ਕੀਤਾ ਗਿਆ ਮਾਸੂਮ ਬੱਚਾ ਉਸ ਦੀ ਅਸਲ ਮਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਮੁਤਾਬਕ ਗ੍ਰਿਫ਼ਤਾਰ ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਗਿਰੋਹ ਪਹਿਲਾਂ ਵੀ ਕਈ ਨਵਜੰਮੇ ਬੱਚਿਆਂ ਦੀ ਖਰੀਦੋ-ਫਰੋਖ਼ਤ ਕਰ ਚੁੱਕਾ ਹੈ। ਪੁਲਿਸ ਨੂੰ ਆਸ ਹੈ ਕਿ ਜਾਂਚ ਦੌਰਾਨ ਹੋਰ ਵੀ ਵੱਡੇ ਖੁਲਾਸੇ ਸਾਹਮਣੇ ਆ ਸਕਦੇ ਹਨ।

# ਗੁਰਦਾਸਪੁਰ ਪੁਲਿਸ ਵੱਲੋਂ 21000 ਐਮ.ਐੱਲ. ਸ਼ਰਾਬ ਨਜ਼ਾਇਜ ਸਮੇਤ 03 ਦੋਸ਼ੀ ਗ੍ਰਿਫ਼ਤਾਰ

**ਕਾਹਨੂੰਵਾਨ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ÷ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਸਦਰ ਗੁਰਦਾਸਪੁਰ ਵਿਖੇ ਪਰਮਜੀਤ ਮਸੀਹ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 6750 ਐਮ.ਐੱਲ. ਸ਼ਰਾਬ ਨਜ਼ਾਇਜ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਬਹਿਰਾਮਪੁਰ ਵਿਖੇ ਬਨਾਰਸੀ ਦਾਸ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 6750 ਐਮ.ਐੱਲ. ਸ਼ਰਾਬ ਨਜ਼ਾਇਜ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਬਹਿਰਾਮਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਿੱਬੜ ਵਿਖੇ ਇੱਕ ਔਰਤ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 7500 ਐਮ.ਐੱਲ. ਸ਼ਰਾਬ ਨਜ਼ਾਇਜ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਤਿੱਬੜ ਵਿਖੇ ਦਰਜ ਰਜਿਸਟਰ ਕੀਤਾ ਗਿਆ।

ਸ੍ਰੀ ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਦੰਦਾਂ ਦੀ ਪਰੇਸ਼ਾਨੀ ਤੋਂ ਪਾਓ ਨਿਜਾਤ

**ਨਵਜੋਤ ਕੌਰ ਔਂਜਲਾ**

ਸਾਡੇ ਸਰੀਰ ਵਿਚੋਂ ਰੋਗ ਬਾਹਰ ਨਹੀਂ ਆਉਂਦੇ। ਗੈਰ-ਕੁਦਰਤੀ ਰਹਿਣ ਸਹਿਣ ਨਾਲ ਸਰੀਰ ਅੰਦਰ ਵਿਗਾੜ ਪੈਦਾ ਹੋ ਜਾਂਦਾ ਹੈ। ਸਾਡੇ ਖਾਣ-ਪੀਣ ਦੀਆਂ ਆਦਤਾਂ ਸਾਡੇ ਰੋਗਾਂ ਦਾ ਕਾਰਨ ਬਣਦੀਆਂ ਹਨ। ਕਈ ਵਾਰ ਅਸੀਂ ਭੁੱਖ ਤੋਂ ਜ਼ਿਆਦਾ ਜਾਂ ਦੇਰ ਬਾਅਦ ਖਾਂਦੇ ਹਾਂ ਜਿਸ ਕਰਕੇ ਸਾਡਾ ਸੰਤੁਲਨ ਵਿਗੜ ਜਾਂਦਾ ਹੈ। ਪੁਰਾਣੇ ਸਮੇਂ ਵਿਚ ਜਦੋਂ ਕੋਈ ਮਨੁੱਖ ਬਿਮਾਰ ਹੁੰਦਾ ਸੀ ਤਾਂ ਲੋਕ ਆਪਣੇ ਘਰਾਂ ਵਿਚ ਵਰਤੇ ਜਾਂਦੇ ਮਸਾਲੇ, ਸਬਜ਼ੀਆਂ ਆਦਿ ਦੀ ਵਰਤੋਂ ਕਰ ਕੇ ਦਵਾਈ ਜਾਂ ਕਾੜ੍ਹਾ ਬਣਾ ਕੇ ਉਸ ਦਾ ਸੇਵਨ ਕਰਦੇ ਸਨ ਪਰ ਅੱਜਕੱਲ੍ਹ ਤਾਂ ਲੋਕ ਥੋੜ੍ਹਾ ਜਿਹਾ ਬਿਮਾਰ ਹੋਣ 'ਤੇ ਡਾਕਟਰ ਕੋਲ ਭੱਜ ਜਾਂਦੇ ਹਨ। ਕਈ ਡਾਕਟਰ ਮਰੀਜ਼ ਕੋਲੋਂ ਪੈਸੇ ਬਣਾਉਣ ਲਈ ਬਿਮਾਰ ਵਿਅਕਤੀ ਨੂੰ ਹਸਪਤਾਲਾਂ ਦੇ ਗੇੜੇ ਮਰਾਉਂਦੇ ਹਨ ਤੇ ਫਿਰ ਵੀ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਟੈਸਟਾਂ ਦੇ ਚੱਕਰਾਂ 'ਚ ਪਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਡਾਕਟਰਾਂ ਨੂੰ ਪੈਸਾ ਦੇਣ ਲਈ ਤੇ ਆਪਣਾ ਸਮਾਂ ਖ਼ਰਾਬ ਕਰਨ ਦੀ ਬਜਾਏ ਅਸੀਂ ਆਪਣੇ ਘਰਾਂ ਵਿਚ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਿਵੇਂ ਹਰੀਆਂ ਸਬਜ਼ੀਆਂ, ਦੁੱਧ ਦਹੀਂ, ਲੱਸੀ, ਘਿਓ, ਦਾਲਾਂ ਆਦਿ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਹਰ ਇਕ ਵਿਅਕਤੀ ਨੂੰ ਦੰਦਾਂ ਦੇ ਰੋਗ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੱਜ ਦੇ ਦੌਰ 'ਚ ਦੰਦਾਂ ਦੇ ਕੀੜਿਆਂ ਦੀ ਸਮੱਸਿਆ ਬਹੁਤ ਵੱਧ ਰਹੀ ਹੈ। ਕੀੜਾਂ ਲੱਗਣ ਦੇ ਕਾਰਨ ਦੰਦਾਂ ਵਿਚ ਤੇਜ਼ ਦਰਦ ਹੋਵੇ ਤਾਂ ਆਂਵਲੇ ਦੇ ਰਸ ਵਿਚ ਥੋੜ੍ਹਾਂ ਜਿਹਾ ਕਪੂਰ ਮਿਲਾ ਕੇ ਲਗਾਓ ਇਸ ਨਾਲ ਹੌਲੀ-ਹੌਲੀ ਦੰਦਾਂ ਦੇ ਕੀੜੇ ਦੀ ਪਰੇਸ਼ਾਨੀ ਤੇ ਦਰਦ ਰਾਹਤ ਪਾਈ ਜਾ ਸਕਦੀ ਹੈ। ਹਰ ਰੋਜ਼ ਖਾਣਾ-ਖਾਣ ਤੋਂ ਬਾਅਦ ਬੁਰਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। •

### ਮਸੂੜਿਆਂ ਦੀ ਪਰੇਸ਼ਾਨੀ

70 ਗ੍ਰਾਮ ਗਾਜ਼ਰ ਦਾ ਰਸ ਰੋਜ਼ਾਨਾ ਪੀਣ ਨਾਲ ਮਸੂੜੇ ਅਤੇ ਦੰਦਾਂ ਵਿਚ ਕਿਸੇ ਰੋਗ ਦੇ ਪੈਦਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਤੇ ਇਸ ਨਾਲ ਦੰਦਾਂ ਦੀਆਂ ਜੜ੍ਹਾਂ ਵੀ ਮਜ਼ਬੂਤ ਹੁੰਦੀਆਂ ਹਨ।

### ਮੂੰਹ ਦੇ ਛਾਲੇ

*ਕਈ ਵਾਰ ਅਸੀ ਦੇਖਦੇ ਹਾਂ ਕਿ ਗਰਮ ਜਾਂ ਠੰਢਾ ਖਾਣ ਨਾਲ ਸਾਡੇ ਮੂੰਹ 'ਚ ਛਾਲੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ 'ਚ ਚਮੇਲੀ ਦੇ ਪੱਤਿਆਂ ਨੂੰ ਮੂੰਹ ਵਿਚ ਰੱਖੋ ਤੇ ਹੌਲੀ-ਹੌਲੀ ਦਬਾ ਕੇ ਖਾਓ। ਖਾਣ ਤੋਂ ਬਾਅਦ ਪਾਣੀ ਨਾਲ ਕੁਰਲਾ ਕਰੋ। ਅਜਿਹਾ ਕਰਨ ਨਾਲ ਤੁਹਾਨੂੰ ਬਹੁਤ ਫ਼ਾਇਦਾ ਹੋਵੇਗਾ।*



# ਸੇਵਾ ਤੇ ਸਮਰਪਣ ਦਾ ਪੇਸ਼ਾ ਨਰਸਿੰਗ



ਗੁਰਤੇਜ ਸਿੰਘ
94641-72783

ਨਰਸ ਬਿਨਾਂ ਵਿਤਕਰੇ ਦੇ ਬਿਮਾਰਾਂ ਦੀ ਸੇਵਾ ਕਰਦੀ ਹੈ, ਜਦ ਰੋਗੀ ਤੰਦਰੁਸਤ ਹੋ ਕੇ ਆਪਣੇ ਘਰ ਪਰਤਦਾ ਹੈ ਤਾਂ ਕਿਤੇ ਨਾ ਕਿਤੇ ਉਹ ਨਰਸ ਨੂੰ ਵੀ ਅੰਦਰੋਂ ਦੁਆਵਾਂ ਦਿੰਦਾ ਹੈ। ਨਰਸਿਜ਼ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1953 'ਚ ਹੋਈ ਜੋ ਯੂਨਾਈਟਡ ਸਟੇਟਸ ਦੇ ਸਿਹਤ ਸਿੱਖਿਆ ਅਤੇ ਭਲਾਈ ਵਿਭਾਗ ਦੇ ਇਕ ਅਫ਼ਸਰ ਨੇ ਆਪਣੇ ਪੱਧਰ 'ਤੇ ਕੀਤੀ ਸੀ। ਉਨ੍ਹਾਂ ਦੇ ਇਸ ਸ਼ਲਾਘਾਯੋਗ ਕਦਮ ਨੂੰ ਅਣਗੌਲਿਆ ਕਰ ਦਿੱਤਾ ਸੀ। ਸੰਨ 1965 'ਚ ਇੰਟਰਨੈਸ਼ਨਲ ਕੌਂਸਿਲ ਆਫ਼ ਨਰਸਿਜ਼ ਨੇ ਪਹਿਲੀ ਵਾਰ ਨਰਸਿਜ਼ ਦਿਵਸ ਮਨਾਇਆ ਸੀ। ਸੰਨ 1974 ਵਿਚ ਇਸੇ ਸੰਸਥਾ ਨੇ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਨੂੰ ਨਰਸਿਜ਼ ਦਿਵਸ ਵਜੋਂ ਮਨਾਉਣ ਦੀ ਅਧਿਕਾਰਿਕ ਤੌਰ 'ਤੇ ਪ੍ਰਵਾਨਗੀ ਦਿੱਤੀ ਸੀ ਅਤੇ ਇਸ ਦਿਨ ਨਰਸਿੰਗ ਕਿੱਤੇ ਨਾਲ ਲੋੜੀਂਦੇ ਸਾਜੋ ਸਮਾਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਹਿਤ ਇਕ ਲੜੀ ਸ਼ੁਰੂ ਕੀਤੀ ਜੋ ਅੱਜ ਵੀ ਕਈ ਮੁਲਕਾਂ 'ਚ ਪ੍ਰਚਲਿਤ ਹੈ। ਹਰ ਵਰ੍ਹੇ ਇਸ ਦਿਵਸ 'ਤੇ ਕੋਈ ਨਾ ਕੋਈ ਥੀਮ ਰੱਖਿਆ ਜਾਂਦਾ ਹੈ।

ਸੰਨ 1988 ਤੋਂ ਸ਼ੁਰੂ ਹੋਈ ਸੀ ਜੋ ਅੱਜ ਵੀ ਬਰਕਰਾਰ ਹੈ। ਇਸ ਵਰ੍ਹੇ ਦਾ ਥੀਮ ਨਰਸਿੰਗ ਦੀ ਬੁਲੰਦ ਆਵਾਜ਼ ਹੈ। ਸੰਨ 2003 ਤੋਂ ਸੰਸਾਰ ਦੇ ਕਈ ਦੇਸ਼ਾਂ 'ਚ 6 ਮਈ ਤੋਂ 12 ਮਈ ਤਕ ਨਰਸਿਜ਼ ਹਫ਼ਤਾ ਮਨਾਇਆ ਜਾਂਦਾ ਹੈ ਜਿਸ ਤਹਿਤ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ। ਪੈਰਾਮੈਡੀਕਲ ਕਾਮਿਆਂ ਤੋਂ ਬਿਨਾਂ ਡਾਕਟਰ ਅਧੂਰਾ ਹੈ ਅਤੇ ਸੁਘੜ ਨਰਸ ਆਪਣੇ ਵਾਰਡ 'ਚ ਦਾਖਿਲ ਮਰੀਜ਼ਾਂ ਨੂੰ ਦਵਾਈ ਡਾਕਟਰ ਦੇ ਕਹਿਣੇ ਮੁਤਾਬਿਕ ਬਿਨਾਂ ਨਾਗਾ ਪਾਏ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੇ ਪਰਿਵਾਰਿਕ ਮੈਂਬਰਾਂ ਦੀ ਤਰ੍ਹਾਂ ਮਰੀਜ਼ਾਂ ਦਾ ਖ਼ਿਆਲ ਰੱਖਦੀ ਹੈ ਜੋ ਮਾਂ, ਭੈਣ ਆਦਿ ਰਿਸ਼ਤੇ ਰੱਖਦੇ ਹਨ। ਆਪਣੇ ਵਾਰਡ 'ਚ ਪਏ ਮਰੀਜ਼ਾਂ ਦੀ ਦੇਖਭਾਲ ਕਰਨੀ ਉਸਦਾ ਮੁੱਢਲਾ ਫ਼ਰਜ਼ ਹੈ ਇਸ ਤੋਂ ਉਹ ਕਦੇ ਵੀ ਮੁਨਕਰ ਨਹੀਂ ਹੋ ਸਕਦੀ।

ਵਾਰਡ 'ਚ ਮੌਜੂਦ ਤਰ੍ਹਾਂ-ਤਰ੍ਹਾਂ ਦੇ ਮਰੀਜ਼ਾਂ ਨਾਲ ਉਸਦਾ ਵਿਵਹਾਰ ਦੋਸਤਾਨਾ ਹੁੰਦਾ ਹੈ ਜੋ ਲਾਜ਼ਮੀ ਵੀ ਹੈ ਕਿਉਂਕਿ ਦਵਾਈ ਦੇ ਨਾਲ ਹੌਸਲਾ ਅਫਜ਼ਾਈ ਬਹੁਤ ਜ਼ਰੂਰੀ ਹੁੰਦੀ ਹੈ ਜਿਸ ਨਾਲ ਭਿਆਨਕ ਬਿਮਾਰੀਆਂ ਨਾਲ ਗ੍ਰਸਤ ਮਰੀਜ਼ ਵੀ ਬਚੀ ਜ਼ਿੰਦਗੀ ਦਾ ਆਨੰਦ ਮਾਨਣ ਦੇ ਯੋਗ ਹੋ ਜਾਂਦੇ ਹਨ। ਇਸ ਤਰ੍ਹਾਂ ਮਰੀਜ਼ਾਂ ਦੀ ਤੰਦਰੁਸਤੀ 'ਚ ਡਾਕਟਰ ਦੇ ਨਾਲ ਨਰਸ ਦੀਆਂ

**ਅਸੀਂ ਜਾਣਦੇ ਹਾਂ ਕਿ ਡਾਕਟਰਾਂ ਜਾਂ ਨਰਸਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ। ਵਿਅਕਤੀ ਨੂੰ ਕੋਈ ਵੀ ਦੁੱਖ-ਤਕਲੀਫ਼ ਹੁੰਦੀ ਹੈ ਤਾਂ ਉਹ ਹਸਪਤਾਲ ਜਾ ਕੇ ਹੀ ਸਾਹ ਲੈਂਦਾ ਹੈ ਕਿ ਇਥੇ ਉਸ ਨੂੰ ਜ਼ਿੰਦਗੀ ਮਿਲੇਗੀ ਜਾਂ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ...**

ਅਣਥੱਕ ਸੇਵਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਬਲਕਿ ਹਸਪਤਾਲ ਦੇ ਹਰ ਸੁਘੜ ਕਰਮਚਾਰੀ ਦਾ ਬਣਦਾ ਯੋਗਦਾਨ ਲਿਆ ਜਾਂਦਾ ਹੈ ਤਾਂ ਜੋ ਮਰੀਜ਼ ਰਾਜੀ ਖ਼ੁਸ਼ੀ ਆਪਣੇ ਘਰ ਜਾ ਸਕੇ। ਦੁਨੀਆ ਬਹੁਤ ਰੰਗੀ ਹੈ ਇਸ 'ਚ ਚੰਗੇ ਮੰਦੇ ਹਰ ਤਰ੍ਹਾਂ ਦੇ ਪ੍ਰਾਣੀਆਂ ਦਾ ਵਾਸ ਹੈ। ਕਈ ਵਾਰ ਕੋਈ ਵਿਅਕਤੀ ਕਿਸੇ ਲਈ ਫਰਿਸ਼ਤਾ ਹੋ ਬਹੁੜਦਾ ਹੈ ਅਤੇ ਕੋਈ ਕਿਸੇ ਲਈ ਸ਼ੈਤਾਨ ਦਾ ਰੂਪ ਹੋ ਨਿੱਬੜਦਾ ਹੈ। ਅਜੋਕੇ ਦੌਰ 'ਚ ਜ਼ਿੰਦਗੀ ਜਿਉਣ ਦੇ ਬਦਲਦੇ ਢੰਗ ਅਤੇ ਨਾਮੁਰਾਦ ਬਿਮਾਰੀਆਂ ਦੀ ਆਮਦ ਨੇ ਲੋਕਾਂ ਨੂੰ ਤੰਦਰੁਸਤ ਰਹਿਣ ਦੀ ਚੁਣੌਤੀ ਦਿੱਤੀ ਹੈ।

ਇਸ ਲਈ ਅਕਸਰ ਹੀ ਹਸਪਤਾਲ ਜਾਣਾ ਪੈਂਦਾ ਹੈ ਅਤੇ ਉੱਥੇ ਮੌਜੂਦ ਅਮਲੇ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ। ਕਈ ਵਾਰ ਉਹ ਅਮਲਾ ਵਾਜਿਬ ਭਾਅ 'ਤੇ ਆਪਣੀ ਸੇਵਾ ਨਾਲ ਸਾਨੂੰ ਸੰਤੁਸ਼ਟ ਕਰ ਦਿੰਦਾ ਹੈ ਪਰ ਵਪਾਰੀਕਰਨ ਦੀ ਦੌੜ 'ਚ ਅਕਸਰ ਹੀ ਮਰੀਜ਼ਾਂ ਦੀ ਛਿੱਲ ਲਾਹੀ ਜਾਂਦੀ ਹੈ। ਜਿਸ 'ਚ ਹਸਪਤਾਲ ਪ੍ਰਸ਼ਾਸਨ ਅਤੇ ਡਾਕਟਰ ਸਿੱਧੇ ਰੂਪ 'ਚ ਜ਼ਿੰਮੇਵਾਰ ਹੁੰਦੇ ਹਨ। ਕੁੱਝ ਕੁ ਥਾਵਾਂ ਨੂੰ ਛੱਡ ਕੇ ਨਰਸ ਦੀ ਇਸ ਘਿਨੌਣੇ ਕਾਰਜ 'ਚ ਸ਼ਮੂਲੀਅਤ ਨਹੀਂ ਹੁੰਦੀ ਹੈ। ਨਿੱਜੀ ਸਿਹਤ ਕੇਂਦਰਾਂ 'ਚ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਰਸਾਂ ਨਾਲ ਅਕਸਰ ਬਦਤਮੀਜੀ ਕਰਦੇ ਹਨ ਉਹ ਵਿਚਾਰੀਆਂ ਨੌਕਰੀ ਜਾਣ ਦੇ ਡਰ ਕਾਰਨ ਚੁੱਪ ਰਹਿਣ ਲਈ ਮਜਬੂਰ ਹੋ ਜਾਂਦੀਆਂ ਹਨ।

ਜਨਤਕ ਸਿਹਤ ਕੇਂਦਰਾਂ 'ਚ ਤਾਇਨਾਤ ਨਰਸ ਕਰਮਚਾਰੀਆਂ ਦਾ ਵਿਵਹਾਰ ਸਦਾ ਹੀ ਸ਼ੱਕ ਦੇ ਘੇਰੇ 'ਚ ਰਿਹਾ ਹੈ ਪਰ ਕਈ ਨਰਸ ਕਰਮਚਾਰੀ ਆਪਣੇ ਮਰੀਜ਼ਾਂ ਨਾਲ ਬਦਤਮੀਜੀ ਕਰਦੀਆਂ ਹਨ ਜਿਸ ਦਾ ਗਵਾਹ ਪੂਰਾ ਸਮਾਜ ਹੈ ਕਿਉਂਕਿ ਹਰ ਕਿਸੇ ਦਾ ਵਾਹ ਕਦੇ ਨਾ ਕਦੇ ਇਨ੍ਹਾਂ ਨਾਲ ਜ਼ਰੂਰ ਪਿਆ ਹੈ। ਜਨਤਕ ਸਿਹਤ ਕੇਂਦਰਾਂ 'ਚ ਜਾਣ ਵਾਲੇ ਮਰੀਜ਼ ਜ਼ਿਆਦਾਤਰ ਅਨਪੜ੍ਹ ਹੀ ਹੁੰਦੇ ਹਨ ਜਿਸ ਕਰਕੇ ਉਹ ਇਨ੍ਹਾਂ ਨੂੰ ਟਿੱਚ ਹੀ ਜਾਣਦੀਆਂ ਹਨ ਸਿੱਧੇ ਮੂੰਹ ਗੱਲ ਤਕ ਨਹੀਂ ਕਰਦੀਆਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪਿਛਲੇ ਵਰ੍ਹੇ ਮੇਰੀਆਂ ਜੂਨ ਦੀਆਂ ਛੁੱਟੀਆਂ ਵਿਚ ਸਾਡੇ ਪਿੰਡ ਦੀ ਇਕ ਬੇਹੱਦ ਗ਼ਰੀਬ ਪਰਿਵਾਰ ਦੀ ਇਕ ਔਰਤ ਜਣੇਪੇ 'ਚ ਸੀ ਡਾਕਟਰੀ ਕਿੱਤੇ ਨਾਲ ਸਬੰਧਿਤ ਹੋਣ ਕਾਰਨ ਉਨ੍ਹਾਂ ਮੇਰੇ ਤਕ ਪਹੁੰਚ ਕੀਤੀ ਸੀ। ਮੈਂ ਆਪ ਉਨ੍ਹਾਂ ਦੇ ਨਾਲ ਜਾ ਕੇ ਉਸਨੂੰ ਨੇੜਲੇ ਜਨਤਕ ਸਿਹਤ ਕੇਂਦਰ 'ਚ ਦਾਖਿਲ ਕਰਵਾਇਆ ਸੀ। ਅਲਟਰਾਸਾਂਊਡ ਦੀ ਰਿਪੋਰਟ ਅਨੁਸਾਰ ਡਲਿਵਰੀ ਇਕਦਮ ਕਰਨੀ ਲਾਜ਼ਮੀ ਸੀ ਕਿਉਂਕਿ ਨਾੜੂਆ ਬੱਚੇ ਦੇ ਗਲ਼ੇ ਦੇ ਇਰਦ-ਗਿਰਦ ਲਿਪਟਿਆ ਹੋਇਆ ਸੀ। ਜਨਾਨਾ ਰੋਗਾਂ ਦੀ ਮਾਹਿਰ ਡਾਕਟਰ ਜਾ ਚੁੱਕੀ ਸੀ ਜਿਸ ਕਾਰਨ ਡਲਿਵਰੀ ਉੱਥੇ ਮੌਜੂਦ ਨਰਸ ਕਰਮਚਾਰੀਆਂ ਨੂੰ ਹੀ ਕਰਨੀ ਸੀ ਪਰ ਉਹ ਕਾਫ਼ੀ ਦੇਰ ਤਕ ਟਾਲਮਟੋਲ ਕਰਦੀਆਂ ਰਹੀਆਂ ਤੇ ਨਾ ਹੀ ਉਨ੍ਹਾਂ ਨੇ ਆਪਣੇ ਡਾਕਟਰ ਨੂੰ ਇਸ ਸਬੰਧੀ ਜਾਣੂ ਕਰਵਾਇਆ। ਇਹ ਸਭ ਦੇਖ ਕੇ ਮੈਨੂੰ ਬਹੁਤ ਗੁੱਸਾ ਆਇਆ ਤੇ ਇਕ ਨਰਸ ਨੂੰ ਮੈਂ ਕਿਹਾ, ਸਿਸਟਰ ਜੀ ਤੁਹਾਡਾ ਪਰਿਵਾਰਿਕ ਮੈਂਬਰ ਰਾਤ ਨੂੰ ਹਾਰਟ ਅਟੈਕ ਨਾਲ ਕਿਸੇ ਡਾਕਟਰ ਕੋਲ ਜਾਵੇ ਤਾਂ ਉੱਥੇ ਮੌਜੂਦ ਸਾਰਾ ਅਮਲਾ ਤੁਹਾਡੇ ਵਾਂਗ ਟਾਲਮਟੋਲ ਕਰੇ ਤਾਂ ਤੁਹਾਨੂੰ ਕਿਵੇਂ ਦਾ ਲੱਗੇਗਾ? ਉਸ ਨਰਸ ਨੇ ਐਨਕ ਦੇ ਉੱਪਰੋਂ ਦੇਖਦਿਆਂ ਮੈਨੂੰ ਪੁੱਛਿਆ ਤੂੰ ਕੰਮ ਕੀ ਕਰਦਾ ਆਹ ਕੀ ਤਰੀਕਾ ਗੱਲ ਕਰਨ ਦਾ। ਮੈਂ ਕਿਹਾ ਸਿਸਟਰ ਜੀ ਮੈਂ ਬੀਏਐੱਮਐੱਸ ਦੂਜੇ ਸਾਲ ਦਾ ਵਿਦਿਆਰਥੀ ਹਾਂ ਤੇ ਇਸ ਮਰੀਜ਼ ਬਾਰੇ ਮੈ ਆਪਣੇ ਪ੍ਰੋਫੈਸਰਾਂ ਨਾਲ ਵੀ ਗੱਲ ਕੀਤੀ ਹੈ ਉਨ੍ਹਾਂ ਦੀ ਸਲਾਹ ਹੈ ਕਿ ਜਲਦੀ ਡਲਿਵਰੀ ਹੋਵੇ। ਅੱਛਾ ਤੂੰ ਡਾਕਟਰ ਆਂ ਪਹਿਲਾਂ ਦੱਸ ਦੇਣਾ ਸੀ ਉਸਨੇ ਕੱਚੀ ਜਿਹੀ ਹੁੰਦੇ ਕਿਹਾ। ਆਪਣੇ ਡਾਕਟਰ ਨੂੰ ਬੁਲਾ ਕੇ ਉਨ੍ਹਾਂ ਨੇ ਡਲਿਵਰੀ ਕਰਵਾ ਦਿੱਤੀ। ਡਾਕਟਰ ਆਪਣਾ ਕੰਮ ਖ਼ਤਮ ਕਰਕੇ ਚਲਾ ਗਿਆ ਤੇ ਮੈਂ ਉਸ ਦਾ ਧੰਨਵਾਦ ਕੀਤਾ। ਡਾਕਟਰ ਦੇ ਜਾਣ ਦੀ ਦੇਰ ਸੀ ਇਕ ਨਰਸ ਨੇ ਮੁੰਡਾ ਹੋਣ ਦੀ ਖ਼ੁਸ਼ੀ ਜਾਹਿਰ ਕਰਦਿਆਂ ਉਸ ਔਰਤ ਦੇ ਦਿਹਾੜੀਦਾਰ ਗ਼ਰੀਬ ਪਤੀ ਤੋਂ ਵਧਾਈ ਦੇ ਰੂਪ 'ਚ ਪੰਜ ਸੌ ਰੁਪਏ ਮੰਗੇ, ਜੋ ਉਸਨੇ ਚੁੱਪਚਾਪ ਦੇ ਦਿੱਤੇ। ਮੈਂ ਉਸਨੂੰ ਜਦ ਵਰਜਿਆ ਤਾਂ ਉਹ ਮੈਨੂੰ ਕਹਿਣ ਲੱਗਾ ਡਾਕਟਰ ਕੀ ਪਤਾ ਬਾਈ! ਇਹ ਗੁੱਸੇ ਹੋ ਕੇ ਕੋਈ ਗ਼ਲਤ ਟੀਕਾ ਨਾ ਲਗਾ ਦੇਣ। ਮੈਨੂੰ ਉਸ ਦੀ ਮਾਨਸਿਕਤਾ ਅਤੇ ਅਜਿਹੀਆਂ ਨਰਸ ਕਰਮਚਾਰੀਆਂ ਦੇ ਵਿਵਹਾਰ ਨੇ ਝੰਜੋੜ ਕੇ ਰੱਖ ਦਿੱਤਾ ਸੀ। ਉਪਰੋਕਤ ਘਟਨਾਵਾਂ ਡਾਕਟਰੀ ਕਿੱਤੇ ਨਾਲ ਸਬੰਧਿਤ ਅਮਲੇ ਦੇ ਮੂੰਹ 'ਤੇ ਬਹੁਤ ਵੱਡੀ ਚਪੇੜ ਹੈ। ਕਹਿਣ ਨੂੰ ਤਾਂ ਸਾਡਾ ਮੁਲਕ ਮੈਡੀਕਲ ਟੂਰਿਜਮ ਵਜੋਂ ਵਿਕਸਿਤ ਹੋ ਰਿਹਾ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਆਮ ਲੋਕਾਂ ਲਈ ਚੰਗੀਆਂ ਸਿਹਤ ਹਵਾਵਾਂ ਸਿਰਫ਼ ਕਾਗਜ਼ਾਂ ਤਕ ਸੀਮਤ ਹਨ। ਇਕ ਅਨੁਮਾਨ ਅਨੁਸਾਰ ਦੇਸ਼ ਅੰਦਰ 2020 ਤਕ 4 ਲੱਖ ਡਾਕਟਰ ਹੋਰ ਚਾਹੀਦੇ ਹਨ ਅਤੇ 10 ਲੱਖ ਨਰਸਾਂ ਦੀ ਘਾਟ ਹੈ। ਉਪਭੋਗਤਾਵਾਦੀ ਸੋਚ ਅਤੇ ਆਪਣੇ ਆਪ ਨੂੰ ਸ਼੍ਰੇਸਠ ਦਰਸਾਉਣ ਦੇ ਚੱਕਰਾਂ 'ਚ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਨਤਕ ਸਿਹਤ ਕੇਂਦਰਾਂ 'ਚ ਮਰੀਜ਼ਾਂ ਨਾਲ ਇਨ੍ਹਾਂ ਦੇ ਦੁਰਵਿਵਹਾਰ ਦੀਆਂ ਖ਼ਬਰਾਂ ਅਕਸਰ ਹੀ ਸੁਰਖੀਆਂ 'ਚ ਆਉਂਦੀਆਂ ਹਨ। ਇਹ ਵੀ ਗੱਲ ਹੈ ਕਿ ਜੋ ਸੇਵਾਂ ਕਰਨ ਦੀ ਇੱਛਾ ਰੱਖਦੇ ਹਨ ਉਹ ਕਦੀ ਵੀ ਆਪਣੇ ਕੰਮ ਤੋਂ ਪਿੱਛੇ ਨਹੀਂ ਰਹਿੰਦੇ। ਨਰਸ ਦਿਵਸ ਮੌਕੇ 'ਤੇ ਪ੍ਰਣ ਲੈਣ ਦੀ ਲੋੜ ਹੈ ਕਿ ਉਹ ਆਪਣਾ ਹਰ ਕਾਰਜ ਮਨੁੱਖਤਾ ਦੀ ਸੇਵਾ 'ਚ ਲਗਾਉਣ ਤੇ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ। •



*ਦੁਨੀਆ 'ਚ 12 ਮਈ ਕੌਮਾਂਤਰੀ ਨਰਸਿਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਨਰਸਿੰਗ ਦੀ ਜਨਮਦਾਤਾ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੈ। ਉਨ੍ਹਾਂ ਦੀ ਮਾਨਵ ਸੇਵਾ ਪ੍ਰਤੀ ਉੱਚੀ ਸੁੱਚੀ ਭਾਵਨਾ ਨੇ ਲੋਕਾਂ ਨੂੰ ਸੇਵਾ ਵੱਲ ਪ੍ਰੇਰਿਆ ਹੈ, ਜਿਸ ਨੇ ਨਰਸਿੰਗ ਕਿੱਤੇ ਦੀ ਸ਼ੁਰੂਆਤ ਕੀਤੀ। ਇਸ ਕਿੱਤੇ 'ਚ ਰਹਿੰਦੇ ਹੋਏ ਇਨ੍ਹਾਂ ਨੇ ਬਹੁਤ ਸਾਰੇ ਐਵਾਰਡ ਵੀ ਹਾਸਿਲ ਕੀਤੇ ਜਿਵੇਂ ਸੰਨ 1883'ਚ ਰਾਇਲ ਰੈੱਡ ਕ੍ਰਾਸ, 1907 'ਚ ਆਰਡਰ ਆਫ਼ ਮੈਰਿਟ...*

# ਸਿਰ ਦਰਦ, ਚੱਕਰ ਆਉਣੇ, ਗੱਸ਼ ਪੈਣੀ, ਸਾਹ ਕਿਰਿਆ ਡੂੰਘੀ, ਰੋਗੀ ਦੀ ਚਮੜੀ ਖ਼ੁਸ਼ਕ ਤੇ ਗਰਮ ਹੋਣੀ, ਚਿਹਰੇ ਦਾ ਰੰਗ ਲਾਲ ਹੋ ਜਾਣਾ ਆਦਿ ਲੂ ਦੀਆਂ ਹੀ ਅਲਾਮਤਾਂ ਹਨ...



# ਲੂ ਤੋਂ ਬਚਾਅ ਲਈ ਮੁੱਢਲੀ ਸਹਾਇਤਾ

**ਨਰੇਸ਼ ਪਠਾਣੀਆ**

ਪੰਜਾਬ ਵਿਚ ਇਨ੍ਹਾਂ ਦਿਨਾਂ 'ਚ ਗਰਮੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਲੋਆਂ ਵੀ ਬਹੁਤ ਵਗਦੀਆਂ ਹਨ। ਸਖ਼ਤ ਮਿਹਨਤ ਜਾਂ ਸਾਡੀ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਗਰਮੀ ਦਾ ਸ਼ਿਕਾਰ ਹੋਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਹਨ। ਗੰਭੀਰ ਹਾਲਤਾਂ ਦੌਰਾਨ ਜੇ ਪੀੜਤ ਨੂੰ ਜੇ ਫ਼ੌਰਨ ਮੁੱਢਲੀ ਜਾਂ ਡਾਕਟਰੀ ਸਹਾਇਤਾ ਨਾ ਮਿਲੇ ਤਾਂ ਗਰਮੀ ਜਾਂ ਲੂ ਦਾ ਪ੍ਰਭਾਵ ਜਾਨਲੇਵਾ ਸਾਬਤ ਹੋ ਸਕਦਾ ਹੈ। ਇਨਸਾਨੀ ਸਰੀਰ ਉੱਪਰ ਜਦ ਅਤਿਅੰਤ ਗਰਮੀ ਦਾ ਪ੍ਰਭਾਵ ਪੈਂਦਾ ਹੈ ਤਾਂ ਵੱਖ-ਵੱਖ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਸਰੀਰਕ ਤਾਪਮਾਨ ਵਧਣ ਕਰਕੇ ਵਿਅਕਤੀ ਦੇ ਸਰੀਰ 'ਚ ਕਈ ਵੱਡੀਆਂ ਤਬਦੀਲੀਆਂ ਆ ਜਾਂਦੀਆਂ ਹਨ।

### ਥਕਾਵਟ ਨਾਲ ਨਿਢਾਲ ਹੋਣਾ

ਸਰੀਰ ਦਾ ਤਾਪਮਾਨ ਬਹੁਤ ਜ਼ਿਆਦਾ ਵੱਧ ਜਾਣਾ ਜਿਸ ਨੂੰ 'ਹੀਟ ਸਟਰੋਕ' ਵੀ ਕਿਹਾ ਜਾਂਦਾ ਹੈ ਅਤੇ ਇਹ ਸਭ ਤੋਂ ਘਾਤਕ ਅਤੇ ਪੀੜਤ ਅੰਦਰ ਸੰਕਟਕਮਈ ਚਿੰਤਾਜਨਕ ਅਵਸਥਾ ਬਣਾ ਦਿੰਦਾ ਹੈ। ਗਰਮੀ ਤੋਂ ਬਚਣ ਲਈ ਜੇ ਅਸੀਂ ਥੋੜ੍ਹੀ ਜਿਹੀ ਸਾਵਧਾਨੀ ਵਰਤੀਏ ਤਾਂ ਕਾਫ਼ੀ ਹੱਦ ਤਕ ਲੂ ਦੇ ਮਾਰੂ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਗਰਮੀ ਵਿਚ ਹੁੰਮਸ ਅਤੇ ਘੱਟ ਆਕਸੀਜਨ ਵਾਲੇ ਵਾਤਾਵਰਨ 'ਚ ਲਗਾਤਾਰ ਸਰੀਰਕ ਕੰਮ ਕਰਦੇ ਰਹਿਣ ਨਾਲ ਗਰਮੀ ਨਾਲ ਹੰਭ ਕੇ ਅਤਿ ਦਾ ਥਕੇਵਾਂ ਹੋ ਸਕਦਾ ਹੈ। ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ 'ਚ ਨਮਕ, ਪਾਣੀ ਤੇ ਤੇਜ਼ਾਬ ਦੀ ਘਾਟ ਹੋ ਜਾਂਦੀ ਹੈ। ਵਿਅਕਤੀ ਬਹੁਤ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਪਿਆਸ ਲੱਗਣਾ, ਸਿਰ ਦਰਦ, ਬੇਚੈਨੀ, ਚਿੜਚਿੜਾਪਣ ਆਮ ਅਲਾਮਤਾਂ ਹਨ। ਰੋਗੀ ਦਾ ਸਰੀਰ ਠੰਢਾ, ਪੀਲਾ ਤੇ ਪਸੀਨੇ ਕਾਰਨ ਚਿਪਚਿਪਾ ਹੋ ਜਾਂਦਾ ਹੈ। ਕੁੱਝ ਲੋਕ ਥਕਾਵਟ ਨਾਲ ਬੇਹੋਸ਼ ਵੀ ਹੋ ਜਾਂਦੇ ਹਨ। ਇਸ ਹਾਲਤ ਨੂੰ ਗਰਮੀ ਦੀ ਥਕਾਵਟ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਮਨੁੱਖੀ ਸਰੀਰ ਦਾ ਸਾਧਾਰਨ ਤਾਪਮਾਨ 37 ਡਿਗਰੀ ਸੈਂਟੀਗਰੇਡ ਜਾਂ 98.4 ਡਿਗਰੀ ਫਾਰਨਹੀਟ ਰਹਿੰਦਾ ਹੈ। ਹੀਟ ਸਟਰੋਕ ਦੀ ਹਾਲਤ ਵਿਚ ਵਿਅਕਤੀ ਦਾ ਸਰੀਰਕ ਤਾਪਮਾਨ ਵੱਧ ਕੇ 41 ਡਿਗਰੀ ਸੈਂਟੀਗਰੇਡ ਜਾਂ ਇਕਦਮ 106 ਡਿਗਰੀ ਫਾਰਨਹੀਟ ਤਕ ਹੋ ਸਕਦਾ ਹੈ। ਪਸੀਨਾ ਆਉਣਾ ਬੰਦ ਹੋ ਜਾਂਦਾ ਹੈ। ਸਿਰ ਦਰਦ, ਚੱਕਰ ਆਉਣੇ, ਗਸ਼ੀ ਪੈਣੀ, ਸਾਹ ਕਿਰਿਆ ਡੂੰਘੀ, ਪੀੜਤ ਦੀ ਚਮੜੀ ਖ਼ੁਸ਼ਕ ਤੇ ਗਰਮ ਹੁੰਦੀ ਹੈ। ਬੋਲਣ ਅਤੇ ਤੁਰਨ ਤੋਂ ਅਸਮਰੱਥ ਹੋ ਸਕਦਾ ਹੈ। ਚਿਹਰੇ ਦਾ ਰੰਗ ਲਾਲ ਹੋ ਜਾਂਦਾ ਹੈ। ਨਬਜ਼ ਤੇ ਸਾਹ ਤੇਜ਼ ਚਲਣ ਲੱਗਦੇ ਹਨ। ਜੇ ਵੇਲੇ ਸਿਰ ਇਲਾਜ ਨਾ ਹੋ ਸਕੇ ਤਾਂ ਵਿਅਕਤੀ ਬੇਹੋਸ਼ੀ ਵਿਚ ਜਾ ਸਕਦਾ ਹੈ ਜਾਂ ਬਰੇਨ ਹੈਮਰੇਜ਼ ਵਰਗੀ ਗੰਭੀਰ ਸਥਿਤੀ ਉਪਰੰਤ ਮੌਤ ਵੀ ਹੋ ਸਕਦੀ ਹੈ। ਹੀਟ ਸਟਰੋਕ ਬਹੁਤੀ ਗਰਮੀ ਵਿਚ ਧੁੱਪੇ ਤੁਰਨ-ਫਿਰਨ ਜਾਂ ਜ਼ਿਆਦਾ ਸਰੀਰਕ ਕੰਮ ਕਰਨ, ਬੁਢਾਪਾ, ਸ਼ਰਾਬੀ ਹਾਲਤ, ਦਿਲ ਤੇ ਫੇਫੜਿਆਂ ਦੇ ਰੋਗੀਆਂ ਵਿਚ ਜ਼ਿਆਦਾ ਹੁੰਦਾ ਹੈ। ਗਰਮ ਵਾਤਾਵਰਨ ਵਿਚ ਭਾਰੀ ਕਸਰਤ ਜਾਂ ਸਰੀਰਕ ਕੰਮ ਕਰਨ ਨਾਲ ਪਸੀਨੇ ਰਾਹੀਂ ਜ਼ਿਆਦਾ ਮਾਤਰਾ ਵਿਚ ਲੂਣ ਨਿਕਲ ਜਾਣ ਕਰਕੇ ਪੱਠਿਆਂ, ਖ਼ਾਸ ਕਰ ਲੱਤਾਂ ਤੇ ਪੇਟ ਦੇ ਪੱਠਿਆਂ ਵਿਚ ਦੁੱਖਦਾਈ ਕੜੱਲ ਵੀ ਪੈਂਦੇ ਹਨ। ਗਰਮੀ ਤੋਂ ਪੈਦਾ ਹੋਏ ਇਨ੍ਹਾਂ ਕੜੱਲਾਂ ਨੂੰ ਉਦੋਂ ਆਰਾਮ ਆਉਂਦਾ ਹੈ ਜਦੋਂ ਸਰੀਰ ਵਿੱਚੋਂ ਨਿਕਲ ਚੁੱਕੇ ਲੂਣ ਦਾ ਘਾਟਾ ਪੂਰਾ ਹੋ ਜਾਵੇ। ਲੂ ਲੱਗਣ ਦੀ ਹਾਲਤ 'ਚ ਮਰੀਜ਼ ਨੂੰ ਤੁਰੰਤ ਫਸਟ ਏਡ ਅਤੇ ਡਾਕਟਰੀ ਸਹਾਇਤਾ ਮਿਲਣੀ ਜ਼ਰੂਰੀ ਹੈ ਨਹੀਂ ਤਾਂ ਹਾਲਤ ਗੰਭੀਰ ਹੋ ਸਕਦੀ ਹੈ। ਤੁਰੰਤ ਅਸਰਦਾਰ ਉੱਪਰਾਲੇ ਕਰਕੇ ਰੋਗੀ ਦੀ ਜਾਨ ਬਚਾਈ ਜਾ ਸਕਦੀ ਹੈ। ਤੁਰੰਤ ਕੀਤੀ ਜਾਣ ਵਾਲੀ ਫਸਟ ਏਡ ਵਿਚ ਪੀੜਤ ਨੂੰ ਠੰਢੇ ਵਾਤਾਵਰਨ ਵਿਚ ਲੈ ਜਾਓ ਅਤੇ ਲਿਟਾਂ ਦਿਓ।

### ਗਰਮੀ ਦੀ ਥਕਾਵਟ

*ਬੇਹੋਸ਼ ਵਿਅਕਤੀ ਨੂੰ ਕਿਸੇ ਠੰਢੀ, ਹਵਾਦਾਰ ਜਗ੍ਹਾ 'ਤੇ ਇਸ ਤਰ੍ਹਾਂ ਲਿਟਾਉਣਾ ਚਾਹੀਦਾ ਹੈ ਕਿ ਉਸ ਦੇ ਪੈਰ ਬਾਕੀ ਸਰੀਰ ਨਾਲੋਂ ਉੱਚੇ ਹੋਣ। ਤੰਗ ਕੱਪੜੇ ਢਿੱਲੇ ਕਰੋ ਅਤੇ ਪਸੀਨਾ ਪੂੰਝ ਦਿਓ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਨਾ ਦਿਓ। ਹੋਸ਼ ਵਿਚ ਆਉਣ 'ਤੇ ਸ਼ਿਕੰਜਵੀ, ਜੂਸ ਜਾਂ ਲੱਸੀ ਦਿੱਤੀ ਜਾ ਸਕਦੀ ਹੈ।*

ਧਿਆਨ ਰੱਖੋ ਕਿ ਸਿਰ ਵਾਲਾ ਪਾਸਾ ਉੱਚਾ ਰਹੇ। ਜੇ ਪੀੜਤ ਉਲਟੀਆਂ ਨਹੀਂ ਕਰ ਰਿਹਾ ਤਾਂ ਉਸ ਨੂੰ ਪਿੱਠ ਦੇ ਭਾਰ ਲਿਟਾਓ। ਜੇ ਉਲਟੀਆਂ ਜਾਂ ਦੌਰੇ ਦੀ ਸਥਿਤੀ ਹੈ ਤਾਂ ਉਸ ਨੂੰ ਵੱਖੀ-ਭਾਰ ਜਾਂ ਰਿਕਵਰੀ ਪੁਜੀਸ਼ਨ 'ਚ ਲਿਟਾਓ। ਰੋਗੀ ਦੇ ਤੰਗ ਕੱਪੜੇ ਢਿੱਲੇ ਕਰ ਦਿਓ ਜਾਂ ਉਤਾਰ ਦਿਓ। ਸਿਰ ਅਤੇ ਮੱਥੇ 'ਤੇ ਠੰਢੇ ਪਾਣੀ ਦੇ ਤੌਲੀਏ ਰੱਖੋ। ਕਮਰੇ 'ਚ ਪੱਖਾ ਜਾਂ ਕੂਲਰ ਚਲਾ ਦਿਓ ਤਾਂ ਕਿ ਵਧਦੇ ਤਾਪਮਾਨ ਨੂੰ ਕੰਟਰੋਲ ਕੀਤਾ ਜਾ ਸਕੇ। ਠੰਢੇ ਪਾਣੀ ਦੀਆਂ ਪੱਟੀਆਂ ਨਾਲ ਸਰੀਰ ਸਪੰਜ ਕਰੋ। ਸਰੀਰ ਉੱਪਰ ਗਿੱਲਾ ਪਤਲਾ ਕੱਪੜਾ ਵੀ ਦਿੱਤਾ ਜਾ ਸਕਦਾ ਹੈ। ਪੀੜਤ ਨੂੰ ਬਹੁਤੀ ਠੰਢ ਨਾ ਲੱਗੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਮਰੀਜ਼ ਦੀ ਹਰ ਦਸ ਮਿੰਟ ਬਾਅਦ ਜਾਂਚ ਕਰੋ ਅਤੇ ਜਦੋਂ ਇਹ ਤਾਪਮਾਨ 38 ਡਿਗਰੀ ਸੈਂਟੀਗਰੇਡ ਜਾਂ 101 ਡਿਗਰੀ ਫਾਰਨਹੀਟ ਤਕ ਪੁੱਜ ਜਾਵੇ ਤਾਂ ਇਹ ਤਰੀਕਾ ਬੰਦ ਕਰ ਦਿਓ। ਪੀੜਤ ਨੂੰ ਠੰਢੇ ਪਾਣੀ 'ਚ ਨਮਕ, ਚੀਨੀ ਅਤੇ ਨਿੰਬੂ ਪਾਕੇ ਸ਼ਿਕੰਜਵੀ ਦਿਓ। ਜੂਸ, ਲੱਸੀ ਵਗੈਰਾ ਵੀ ਦਿੱਤੀ ਜਾ ਸਕਦੀ ਹੈ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਪੀਣ ਲਈ ਨਾ ਦਿਓ। ਇਸ ਤਰ੍ਹਾਂ ਕਰਨ ਨਾਲ ਪਾਣੀ ਸਾਹ ਨਾਲੀ ਵਿਚ ਜਾ ਕੇ ਸਾਹ ਦੀ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।

• ਮੋ: 98557-00157

### ਸਾਵਧਾਨੀਆਂ

ਕੜਾਕੇ ਦੀ ਧੁੱਪ 'ਚ ਜਿੱਥੋਂ ਤਕ ਸੰਭਵ ਹੋਵੇ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਨਿਰਜਲੀਕਰਨ ਤੋਂ ਬਚਣ ਲਈ ਤੇਜ਼ ਧੁੱਪ ਵਿਚ ਬਾਹਰ ਨਿਕਲੋਂ ਤਾਂ ਕਾਫ਼ੀ ਪਾਣੀ ਪੀ ਕੇ ਬਾਹਰ ਜਾਓ। ਲੂ ਤੋਂ ਬਚਣ ਲਈ ਪੇਟ ਵਿਚ ਪਾਣੀ ਨਾ ਘਟਣ ਦਿਓ ਕਿਉਂਕਿ ਪਸੀਨੇ ਰਾਹੀਂ ਕਾਫ਼ੀ ਮਾਤਰਾ 'ਚ ਪਾਣੀ ਅਤੇ ਨਮਕ ਬਾਹਰ ਆਉਂਦਾ ਹੈ। ਬਹੁਤੀ ਮਾਤਰਾ ਵਿਚ ਪਾਣੀ ਪੀਓ। ਹਰ 20 ਮਿੰਟ ਪਿੱਛੋਂ ਇਕ ਗਲਾਸ ਪਾਣੀ ਪੀਓ। ਗਰਮੀਆਂ ਵਿਚ ਚਾਹ, ਕਾਫ਼ੀ ਦੀ ਵਰਤੋਂ ਘੱਟ ਜਾਂ ਬੰਦ ਕਰ ਦੇਣਾ ਹੀ ਬਿਹਤਰ ਹੈ। ਸਾਫ਼ ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵਰਤੋਂ ਵੱਧ ਕਰੋ। ਧੁੱਪ 'ਚ ਬਾਹਰ ਜਾਣ ਵੇਲੇ ਚੰਗੀ ਕਿਸਮ ਦੀਆਂ ਐਨਕਾਂ ਦੀ ਵਰਤੋਂ ਕਰੋ। ਸਿਰ ਉੱਪਰ ਤੌਲੀਆ ਜ਼ਰੂਰ ਰੱਖੋ। ਚਮੜੀ 'ਤੇ ਸਨਸਕ੍ਰੀਨ ਕਰੀਮ ਦੀ ਵਰਤੋਂ ਚਮੜੀ ਨੂੰ ਝੁਲਸਣ ਤੋਂ ਬਚਾਉਂਦੀ ਹੈ। ਸਨ ਬਰਨਜ਼ ਤੋਂ ਬਚਣ ਲਈ ਸਰੀਰ ਦੇ ਜ਼ਿਆਦਾਤਰ ਹਿੱਸੇ ਨੂੰ ਢੱਕ ਕੇ ਰੱਖੋ। ਲੂ ਤੋਂ ਬਚਾਉ ਲਈ ਹਮੇਸ਼ਾ ਮੌਸਮ ਦੀ ਤਬਦੀਲੀ ਨਾਲ ਹੀ ਆਪਣੇ ਖਾਣ-ਪੀਣ 'ਚ ਤਬਦੀਲੀ ਕਰੋ। ਭੋਜਨ ਵਿਚ ਜਲਦੀ ਪਚਣ ਵਾਲੇ ਠੰਢੇ ਤਰਲ, ਦਹੀਂ, ਲੱਸੀ, ਸਲਾਦ ਆਦਿ ਦੀ ਵਰਤੋਂ ਕਰੋ। ਤੇਜ਼ ਮਸਾਲੇਦਾਰ, ਗਰਮੀ ਵਾਲੇ ਭੋਜਨ ਨਾ ਖਾਓ, ਬਜ਼ਾਰੂ ਗੰਦੇ ਜੂਸ, ਕੁਲਫੀਆਂ, ਫਲਾਂ ਦੀ ਚਾਟ, ਬਾਜ਼ਾਰ ਦੀ ਗੰਦੀ ਬਰਫ਼ ਦਾ ਘੱਟ ਇਸਤੇਮਾਲ ਕਰੋ, ਕੱਟ ਕੇ ਰੱਖੇ ਅਣਢਕੇ ਫਲ ਗਲੀਆਂ ਸੜੀਆਂ ਸਬਜ਼ੀਆਂ ਅਤੇ ਫਲ ਨਾ ਖਾਓ। ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ, ਗਰਮੀਆਂ ਵਿਚ ਸਾਫ਼ ਸੁਥਰੇ, ਹਲਕੇ ਰੰਗ ਦੇ, ਖੁੱਲ੍ਹੇ ਅਤੇ ਹਵਾਦਾਰ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ। ਜਿੱਥੋਂ ਤਕ ਸੰਭਵ ਹੋ ਸਕੇ ਸਿਰ ਉੱਪਰ ਸਿੱਧੀ ਧੁੱਪ ਨਹੀਂ ਪੈਣ ਦੇਣੀ ਚਾਹੀਦੀ। ਇਸ ਲਈ ਛਤਰੀ ਆਦਿ ਦੀ ਵਰਤੋਂ ਲਾਹੇਵੰਦ ਸਿੱਧ ਹੋ ਸਕਦਾ ਹੈ।



# ਅੱਖਾਂ ਦਾ ਰੱਖੋ ਖ਼ਾਸ ਖ਼ਿਆਲ

ਅੱਜਕੱਲ੍ਹ ਬਹੁਤ ਸਾਰੇ ਲੋਕਾਂ ਦੀ ਨਜ਼ਰ ਕਮਜ਼ੋਰ ਹੋ ਰਹੀ ਹੈ। ਇਸ ਲਈ ਮੋਟੇ-ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਛੱਡ ਕੇ ਲੈਂਨਜ਼ ਲਗਾਉਣ ਦਾ ਟਰੈਂਡ ਜ਼ਿਆਦਾ ਵੱਧ ਰਿਹਾ ਹੈ। ਇਸ ਨੂੰ ਲਗਾਉਣ ਤੋਂ ਬਾਅਦ ਤੁਸੀਂ ਆਰਾਮ ਨਾਲ ਤਾਂ ਰਹਿੰਦੇ ਹਨ ਪਰ ਇਸਦਾ ਅੱਖਾਂ 'ਤੇ ਬੁਰਾ ਪ੍ਰਭਾਵ ਵੀ ਪੈਂਦਾ ਹੈ। ਇਸ ਲਈ ਇਸ ਦੀ ਵਰਤੋਂ ਤੋਂ ਪਹਿਲਾਂ ਕੁੱਝ ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ। ਅੱਖਾਂ ਵਿਚ ਇਨਫੈਕਸ਼ਨ ਹੋਣ 'ਤੇ ਇਸ ਦਾ ਇਸਤਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਜਦੋਂ ਅੱਖ ਵਿਚ ਕੋਈ ਇਨਫੈਕਸ਼ਨ ਹੋਵੇ ਤਾਂ ਫਿਰ ਇਸ ਦੀ ਵਰਤੋਂ ਕਰਨ ਨਾਲ ਤੁਹਾਡੀਆਂ ਅੱਖਾਂ ਨੂੰ ਹੋਰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਅੱਖਾਂ ਦਾ ਲਾਲ ਹੋਣਾ

*ਸਾਡੀਆਂ ਅੱਖਾਂ ਬਹੁਤ ਹੀ ਅਨਮੋਲ ਹੁੰਦੀਆਂ ਹਨ ਤੇ ਇਸ ਵਿਚ ਇਨਫੈਕਸ਼ਨ ਦਾ ਡਰ ਰਹਿੰਦਾ ਹੈ। ਜੇ ਤੁਸੀਂ ਵੀ ਲੈਨਜ਼ ਲਗਾਉਂਦੇਂ ਹੋ ਤਾਂ ਉਸ ਨੂੰ ਚੰਗੀ ਤਰ੍ਹਾਂ ਸਫ਼ਾਈ ਵਾਲੇ ਹੱਥਾਂ ਨਾਲ ਲਗਾਓ ਤੇ ਲੈਨਜ਼ ਨੂੰ ਕੱਢਣ ਤੋਂ ਬਾਅਦ ਉਸ ਨੂੰ ਉਸਦੇ ਸਲੂਸ਼ਨ ਵਿਚ ਰੱਖੋਂ। ਤੁਹਾਡੇ ਲੈਂਨਜ਼ ਤੇ ਕੋਈ ਵੀ ਬਾਰੀਕ ਕਣ ਲੱਗਾ ਹੋਵੇ ਤਾਂ ਉਸ ਨਾਲ ਤੁਹਾਡੀ ਅੱਖ ਲਾਲ ਹੋਣ ਦਾ ਖ਼ਤਰਾ ਹੁੰਦਾ ਹੈ।*

### ਅੱਖਾਂ ਦਾ ਖ਼ੁਸ਼ਕ ਹੋਣਾ

ਲੈਨਜ਼ ਦੀ ਵਰਤੋਂ ਜ਼ਿਆਦਾ ਲੰਬੇ ਸਮੇਂ ਤਕ ਨਹੀਂ ਕਰਨੀ ਚਾਹੀਦੀਂ। ਕੁੱਝ ਲੋਕ ਜ਼ਿਆਦਾ ਲੰਬੇ ਸਮੇਂ ਤਕ ਲੈਨਜ਼ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਅੱਖਾਂ ਖ਼ੁਸ਼ਕ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਲੈਂਨਜ਼ ਉਤਾਰਣ ਤੋਂ ਬਾਅਦ ਵੀ ਅੱਖਾਂ ਵਿਚ ਜਲਨ ਹੋਣ ਲੱਗ ਜਾਂਦੀ ਹੈ।

### ਅੱਖਾਂ 'ਚ ਪਾਣੀ ਆਉਣਾ

ਸੌਫਟ ਲੈਂਨਜ਼ ਜ਼ਿਆਦਾਤਰ ਇਸਤੇਮਾਲ ਕਰਨ ਨਾਲ ਅੱਖਾਂ ਵਿਚ ਇੰਟਰਾਕੁਲਰ ਨਾਂ ਦਾ ਤਰਲ ਪਦਾਰਥ ਬਣਨ ਲੱਗ ਜਾਂਦਾ ਹੈ ਅਤੇ ਇਹ ਅੱਖਾਂ ਦੀ ਰੇਟੀਨਾ ਤੇ ਇੱਕਠਾ ਹੋਣ ਲੱਗ ਜਾਂਦਾ ਹੈ। ਇਸ ਨਾਲ ਅੱਖਾਂ ਵਿਚ ਇਨਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ।

### ਸੋਜ਼ਿਸ਼ ਦੀ ਸਮੱਸਿਆ

ਜੇ ਤੁਸੀਂ ਪਲਾਸਟਿਕ ਜਾਂ ਸਿਲੀਕੋਨ ਲੈਂਨਜ਼ ਦੀ ਵਰਤੋਂ ਕਰਦੇ ਹੋ ਤਾਂ ਅੱਖਾਂ ਦੀਆਂ ਪਲਕਾਂ ਵਿਚ ਸੋਜ ਪੈ ਜਾਂਦੀ ਹੈ।

# ਫ਼ਾਇਦੇਮੰਦ ਹੈ ਰੇਸ਼ੇਦਾਰ ਭੋਜਨ

ਜੇ ਤੁਸੀਂ ਰੇਸ਼ੇਦਾਰ ਭੋਜਨ ਕਰਨ ਦੇ ਆਦੀ ਹੋ ਤਾਂ ਕਈ ਤਕਲੀਫ਼ਾਂ ਤੋਂ ਬਚੇ ਰਹੋਗੇ। ਤੁਸੀਂ ਆਪਣੇ ਭੋਜਨ ਵਿਚ ਰੇਸ਼ੇ ਦੀ ਵੱਡੀ ਮਾਤਰਾ ਲੈ ਰਹੇ ਹੋ ਤਾਂ ਤੁਹਾਨੂੰ ਵੱਡੀ ਅੰਤੜੀ ਦਾ ਕੈਂਸਰ ਨਹੀਂ ਹੋਵੇਗਾ। ਹਰਨੀਆਂ ਨੂੰ ਵੀ ਰੇਸ਼ੇਦਾਰ ਭੋਜਨ ਕਰਕੇ ਰੋਕਿਆ ਜਾ ਸਕਦਾ ਹੈ। ਅਫਰੀਕੀ ਲੋਕਾਂ ਨੂੰ ਇਹ ਰੋਗ ਬਹੁਤ ਘੱਟ ਹੁੰਦੇ, ਕਿਉਂਕਿ ਉਹ ਲੋਕ ਰੇਸ਼ੇਦਾਰ ਭੋਜਨ ਵੱਧ ਮਾਤਰਾ ਵਿਚ ਲੈਂਦੇ ਹਨ। ਸ਼ਾਕਾਹਾਰੀਆਂ ਦੇ ਭੋਜਨ ਵਿਚ ਮਾਸਾਹਾਰੀਆਂ ਦੇ ਮੁਕਾਬਲੇ ਜ਼ਿਆਦਾ ਰੇਸ਼ੇ ਹੁੰਦੇ ਹਨ।

- ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਦਫ਼ਤਰ ਆਦਿ ਵਿਚ ਵਰਕਰਾਂ ਨੂੰ ਜਿਵੇਂ ਘੰਟਿਆਂ ਬੱਧੀ ਸਿੱਧੀ ਕੁਰਸੀ 'ਤੇ ਬੈਠ ਕੇ ਕੰਮ ਕਰਨਾ ਪੈਂਦਾ ਹੈ। ਇਸ ਨਾਲ ਕਈ ਤਰ੍ਹਾਂ ਦੀਆਂ ਮੁਸੀਬਤਾਂ ਪੈਦਾ ਹੋ ਸਕਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਅਸੀਂ ਲੰਬੇ ਸਮੇਂ ਤਕ ਸਿੱਧੇ ਬੈਠਦੇ ਹਾਂ ਰੀੜ੍ਹ ਦੀ ਹੱਡੀ 'ਤੇ ਬਹੁਤ ਦਬਾਅ ਪੈਂਦਾ ਹੈ ਅਤੇ ਇਹ ਹੱਡੀ ਹੌਲੀ-ਹੌਲੀ 'ਸੀ' ਆਕਾਰ 'ਚ ਆ ਜਾਂਦੀ ਹੈ। ਜਿਹੜੀ ਨੁਕਸਾਨਦੇਹ ਹੈ ਅਤੇ ਪਿੱਠ ਦਰਦ ਦਾ ਕਾਰਨ ਬਣ ਜਾਂਦੀ ਹੈ। ਦਫ਼ਤਰਾਂ 'ਚ ਆਰਾਮ ਕੁਰਸੀਆਂ ਰੱਖੀਆਂ ਜਾਣ, ਜਿਸ ਨਾਲ ਦਿਲ, ਪਾਚਨ ਪ੍ਰਣਾਲੀ ਅਤੇ ਰੀੜ੍ਹ ਦੀ ਹੱਡੀ 'ਤੇ ਦਬਾਅ ਨਹੀਂ ਪਵੇਗਾ।



- ਭਾਰ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਜੂਸ ਪੀਓ ਤਾਂ ਜੋ ਬਾਅਦ ਵਿਚ ਭੋਜਨ ਘੱਟ ਖਾਧਾ ਜਾਵੇ। ਇਕ ਸੋਧ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਫਲ਼ਾਂ ਤੋਂ ਪ੍ਰਾਪਤ ਸ਼ੂਗਰ ਫਰਕਟੋਸ ਭੁੱਖ ਘੱਟ ਕਰਨ ਵਾਲੀ ਇਕ ਚੰਗੀ ਦਵਾ ਹੈ। ਫਲ਼ਾਂ ਦਾ ਰਸ ਕਈ ਰੋਗ ਜਿਵੇਂ ਅਸਥਮਾ, ਡਾਇਬਟੀਜ਼, ਕਬਜ਼ ਆਦਿ ਨੂੰ ਦੂਰ ਕਰਨ ਵਿਚ ਸਹਾਈ ਹੁੰਦਾ ਹੈ।

• ਸੁਖਮੰਦਰ ਸਿੰਘ ਤੂਰ

# ਐੱਚਬੀਓਟੀ ਥੈਰੇਪੀ

**ਡਾ. ਹਰਿੰਦਰਪਾਲ ਸਿੰਘ**

ਅੱਜ ਕੱਲ੍ਹ ਦੇ ਬਦਲਦੇ ਦੌਰ ਵਿਚ ਗ਼ਲਤ ਖਾਣ-ਪੀਣ ਕਾਰਨ ਖਾਣੇ ਦੇ ਪਾਚਨ ਤੋਂ ਇਕ ਚਿਕਨਾ ਪਦਾਰਥ ਬਣਦਾ ਹੈ ਜਿਸਨੂੰ ਕਿ ਪਲੈਕ ਕਿਹਾ ਜਾਂਦਾ ਹੈ। ਇਹ ਪਲੈਕ ਫਿਰ ਦਿਲ ਦੀਆਂ ਧਮਣੀਆਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ਪਰ ਮੈਂ ਇੱਥੇ ਅਸਲੀ ਦੁਸ਼ਮਣ ਦੀ ਗੱਲ ਕਰ ਰਿਹਾ ਹਾਂ ਜੋ ਕਿ ਸ਼ੂਗਰ, ਦਿਲ ਦੇ ਰੋਗ ਆਰਥਰਾਇਟਸ, ਅਲਜਾਈਮਰ ਬਲੱਡ ਪ੍ਰੈਸ਼ਰ ਅਤੇ ਕੈਂਸਰ ਆਦਿ ਵਰਗੇ ਅਨੇਕਾਂ ਭਿਆਨਕ ਰੋਗਾਂ ਲਈ ਜ਼ਿੰਮੇਵਾਰ ਹੈ। ਇਹ ਰੋਗ ਕਿਸੇ ਕੋਲੈਸਟ੍ਰੋਲ ਜਾਂ ਸਿਰਫ਼ ਕਿਸੇ ਜੀਨ ਦੀ ਖ਼ਰਾਬੀ ਕਰਕੇ ਨਹੀਂ ਹੁੰਦੇ ਜਿਵੇਂ ਕਿ ਸਮਝਿਆ ਜਾਂਦਾ ਹੈ। ਇਨ੍ਹਾਂ ਰੋਗਾਂ ਦਾ ਮੁੱਖ ਕਾਰਨ ਹੈ ਸੋਜਸ਼ ਜਾਂ ਜਲਣ ਜਿਸ ਨੂੰ ਕਿ ਇਨਫਲੇਮੇਸ਼ਨ ਕਿਹਾ ਜਾਂਦਾ ਹੈ ਇਹ ਇਨਫਲੇਮੇਸ਼ਨ ਹੀ ਸਾਰੇ ਦਰਦਾਂ ਦਾ ਕਾਰਨ ਬਣਦੀ ਹੈ। ਅੱਜ ਇਸ ਵਿਸ਼ੇ 'ਤੇ ਕਾਫੀ ਵਿਗਿਆਨਕ ਖੋਜ ਕੇਂਦਰਿਤ ਹੋ ਚੁੱਕੀ ਹੈ ਕਿ ਕਿਵੇਂ ਇਨਫਲੇਮੇਸ਼ਨ ਸਰੀਰ 'ਤੇ ਹਮਲਾ ਕਰਦੀ ਹੈ ਅਤੇ ਕਿਵੇਂ ਐੱਚਬੀਓਟੀ ਥੈਰੇਪੀ ਇਸ ਨੂੰ ਉਸ ਥਾਂ 'ਤੇ ਹੀ ਖ਼ਤਮ ਕਰ ਦਿੰਦੀ ਹੈ।

### ਹਾਈਪਰਬੇਰਿਕ ਚੈਂਬਰ ਦੀ ਮਹੱਤਤਾ

ਅੱਜ ਦੇ ਮਾਡਰਨ ਜ਼ਮਾਨੇ ਵਿਚ ਇਨਫਲੇਮੇਸ਼ਨ 'ਤੇ ਜਿੱਤ ਹਾਸਲ ਕਰਨ ਨੂੰ ਹੀ ਐਂਟੀ ਏਜਿੰਗ ਦਾ ਥੀਮ ਮੰਨਿਆ ਜਾਂਦਾ ਹੈ। ਕੁੱਝ ਅਗਾਂਹਵਧੂ ਸੋਚ ਵਾਲੇ ਡਾਕਟਰ ਅਤੇ ਸਾਇੰਸਦਾਨ ਪਿਛਲੇ ਤੀਹ ਸਾਲ ਤੋਂ ਇਸ ਥੈਰੇਪੀ ਦਾ ਇਸਤੇਮਾਲ ਕਰਦੇ ਆ ਰਹੇ ਹਨ। ਜਿਸ ਦੌਰਾਨ ਮਰੀਜ਼ ਨੂੰ ਆਕਸੀਜਨ ਨਾਲ ਭਰੇ ਹਾਈਪਰਬੇਰਿਕ ਚੈਂਬਰ ਵਿਚ ਬਿਠਾ ਕਿ 1.5 ਟਾਈਮ ਨਾਰਮਲ ਆਟਮੋਸਫੇਰਿਕ ਦਬਾਅ ਤੇ ਸਾਹ ਕਿਰਿਆ ਕਰਵਾਈ ਜਾਂਦੀ ਹੈ। ਇਹ ਥੈਰੇਪੀ ਸੈਰੇਬਰਲ ਪਾਲਸੀ ਤੋਂ ਪ੍ਰਭਾਵਿਤ ਬੱਚੇ ਅਤੇ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਵਿਚ ਕਾਫੀ ਕਾਰਗਰ ਸਾਬਿਤ ਹੋਈ ਹੈ। ਅੱਜ ਹਰ ਵਿਅਕਤੀ ਸਰੀਰ ਵਿਚ ਆਕਸੀਜਨ ਦੇ ਘੱਟ ਪੱਧਰ ਤੋਂ ਪੀੜਤ ਹੁੰਦਾ ਜਾ ਰਿਹਾ ਹੈ। ਇਸਦੇ ਘੱਟ ਪੱਧਰ ਬਾਰੇ ਸਾਡੇ ਸਰੀਰ ਵਿਚ ਉਪਰੋਕਤ ਲੱਛਣ ਦਿਸਣ ਲੱਗ ਪੈਂਦੇ ਜਿਵੇਂ ਕਿ ਥਕਾਵਟ, ਦਰਦਾਂ, ਸਿਰਦਰਦ, ਦਿਮਾਗ਼ੀ ਧੁੰਦ, ਅਤੇ ਕਈ ਵਾਰ ਭਾਰ ਦਾ ਵਧਣਾ ਆਦਿ ਜੇ ਅਸੀਂ ਇਸਨੂੰ ਕੰਟਰੋਲ ਨਹੀਂ ਕਰਦੇ ਤਾਂ ਇਹ ਹਾਈਪੌਕਸੀਆ ਦਾ ਕਾਰਨ ਬਣਦੀ ਹੈ ਜੋ ਕਿ ਆਕਸੀਜਨ ਦੇ ਨਿਊਨਤਮ ਪੱਧਰ ਦੀ ਇਕ ਸੀਰੀਅਸ ਹਾਲਤ ਹੈ ਅਤੇ ਇਸਦਾ ਸੰਬੰਧ ਦਿਮਾਗ਼ ਦਾ ਕਮਜ਼ੋਰ ਹੋਣਾ ਅਤੇ ਕੈਂਸਰ ਆਦਿ।



### ਕੈਂਸਰ ਦਾ ਮੁੱਖ ਕਾਰਨ

ਜਦੋਂ ਸੈੱਲਾਂ ਵਿਚ ਆਕਸੀਜਨ ਦੀ ਸਪਲਾਈ 60 ਫ਼ੀਸਦੀ ਤੋਂ ਘੱਟ ਜਾਵੇ ਤਾਂ ਕੈਂਸਰ ਹੋ ਜਾਂਦਾ ਹੈ। ਕੈਂਸਰ ਹੋਣ ਦੇ ਮੁੱਖ ਦੋ ਹੀ ਕਾਰਨ ਹਨ। ਸੈੱਲਾਂ ਵਿਚ ਆਕਸੀਜਨ ਦਾ ਪੱਧਰ ਘੱਟ ਜਾਣਾ ਅਤੇ ਵੱਧ ਤੇਜ਼ਾਬੀ ਮਾਦੇ ਦਾ ਇਕੱਠਾ ਹੋ ਜਾਣਾ। ਅੱਜ ਸੰਸਾਰ ਵਿਚ ਹਜ਼ਾਰਾਂ ਡਾਕਟਰ ਆਕਸੀਜਨ ਥਰੈਪੀ ਨਾਲ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ ਕਿਉਂਕਿ ਆਕਸੀਜਨ ਨੂੰ ਨਾ ਤਾਂ ਪੇਟੈਂਟ ਕਰਵਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਤੋਂ ਜ਼ਿਆਦਾ ਕਮਾਈ ਕੀਤੀ ਜਾ ਸਕਦੀ ਹੈ। ਆਕਸੀਜਨ ਦਾ ਪੱਧਰ ਘਟਣ ਦੇ ਕਈ ਕਾਰਨ ਹਨ ਜਿਵੇਂ ਤਣਾਅ, ਚਿੰਤਾ , ਡਰ, ਦਬਾਅ, ਅਨੀਮੀਆ, ਸਿਗਰਟਨੋਸ਼ੀ , ਜ਼ਿਆਦਾ ਸ਼ਰਬ ਆਦਿ ਦਾ ਸੇਵਨ ਅਤੇ ਸਾਹ ਲੈਣ ਦਾ ਗ਼ਲਤ ਤਰੀਕਾ ਆਦਿ। ਇਸ ਥਰੈਪੀ ਦਾ ਇਸਤੇਮਾਲ 1930 ਤੋਂ ਕੀਤਾ ਜਾ ਰਿਹਾ ਹੈ।

ਉਸ ਟਾਈਮ ਇਹ ਸਮੁੰਦਰ ਵਿਚ ਜਾਣ ਵਾਲੇ ਗੋਤਾਖੋਰਾਂ ਦੇ ਇਲਾਜ ਲਈ ਇਸਤੇਮਾਲ ਕੀਤੀ ਜਾਂਦੀ ਸੀ। ਫਿਰ 1960ਵਿਚ ਕਾਰਬਨ ਮੋਨੋਆਕਸਾਈਡ ਜ਼ਹਿਰ ਤੋਂ ਪੀੜਤਾਂ ਤੇ ਇਸਦਾ ਇਸਤੇਮਾਲ ਕੀਤਾ ਜਾਣ ਲੱਗ ਪਿਆ। ਅੱਜ ਕਈ ਹਸਪਤਾਲ ਸਰਜਰੀ ਕਾਰਨ ਜਾਂ ਸਰੀਰ ਦੀ ਕਮਜ਼ੋਰ ਸਰਕੂਲੇਸ਼ਨ ਅਤੇ ਸ਼ੂਗਰ ਕਾਰਨ ਹੋਣ ਵਾਲੇ ਜ਼ਖਮਾਂ ਨੂੰ ਠੀਕ ਕਰਨ ਲਈ ਇਸ ਥਰੈਪੀ ਦਾ ਇਸਤੇਮਾਲ ਕਰ ਰਹੇ ਹਨ। ਸਾਡੇ ਸਰੀਰ ਦਾ ਹਰੇਕ ਸੈੱਲ ਆਕਸੀਜਨ ਲੈਂਦਾ ਹੈ ਉਹ ਇਸਨੂੰ ਸੈੱਲ ਵਿਚ ਹੋਣ ਵਾਲੀ ਟੁੱਟ-ਭੱਜ ਅਤੇ ਡੀਐਨਏ ਦੀ ਮੁਰੰਮਤ ਲਈ ਇਸਤੇਮਾਲ ਕਰਦਾ ਹੈ। ਆਕਸੀਜਨ ਦਾ ਇਸਤੇਮਾਲ ਨਵੇਂ ਤੰਦਰੁਸਤ ਸੈੱਲਾਂ ਦੇ ਨਿਰਮਾਣ ਲਈ ਵੀ ਹੁੰਦਾ ਹੈ। ਜਦੋਂ ਵੀ ਸਰੀਰਕ ਵਿਚ ਸੱਟ ਲਗਦੀ ਹੈ ਤਾਂ ਉਸ ਜਗ੍ਹਾ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਫਿਰ ਭਾਵੇਂ ਜ਼ਖਮ ਹੋਵੇ ਜਾਂ ਧਮਣੀਆਂ ਦੀ ਬਲਾਕੇਜ਼। ਐੱਚ. ਬੀ. ਓ. ਟੀ ਥੈਰੇਪੀ ਦੁਆਰਾ ਦਿੱਤੀ ਆਕਸੀਜਨ ਖ਼ੂਨ ਸੰਚਾਰ ਸਿਸਟਮ ਵਿਚ ਆਕਸੀਜਨ ਦਾ ਹੜ੍ਹ ਲਿਆ ਦਿੰਦੀ ਹੈ ਜੋ ਕਿ ਸਰੀਰ ਦੇ ਕੁਦਰਤੀ ਰੋਗ ਨਿਰੋਧਕ ਸਿਸਟਮ ਨੂੰ ਹਲੂਣ ਕੇ ਇਨਫਲੇਮੇਸ਼ਨ ਨੂੰ ਘੱਟ ਕਰਦੀ ਹੈ ਅਤੇ ਸੈੱਲਾਂ ਦੀ ਮੌਤ ਨੂੰ ਰੋਕਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਅੱਚ. ਬੀ. ਓ. ਟੀ ਹੋਰ ਕਈ ਮਹੱਤਵਪੂਰਨ ਕੰਮ ਕਰਦੀ ਹੈ।

### ਖ਼ਤਰਨਾਕ ਬੈਕਟੀਰੀਆ

- ਸੈੱਲਾਂ ਦੀ ਭਾਰੀਆਂ ਧਾਤਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਸਰੀਰ ਚੋਂ ਨਿਸਕਾਸਨ ਕਰਨ ਵਿਚ ਸਹਾਈ ਹੋਣਾ।
- ਦਿਮਾਗ਼ੀ ਸੈੱਲਾਂ ਨੂੰ ਦੁਬਾਰਾ ਪੈਦਾ ਕਰਨਾ ਅਤੇ ਸੋਜਸ਼ ਨੂੰ ਘੱਟ ਕਰਨਾ।
- ਚਮੜੀ ਦਾ ਲਚਕੀਲਾਪਣ ਅਤੇ ਕੋਲਾਜੀਨ ਨੂੰ ਦੁਬਾਰਾ ਪੈਦਾ ਕਰਨਾ ਤਾਂ ਜੋ ਤੁਸੀਂ ਜਵਾਨ ਦਿਖਾਈ ਦੇਵੋਂ।
- ਵਿਕਿਰਨਾਂ ਦੇ ਖ਼ਤਰਨਾਕ ਅਸਰ ਨੂੰ ਘਟਾ ਕੇ ਨਰਮ ਟਿਸ਼ੂਆਂ ਦੀ ਰੱਖਿਆ ਕਰਨਾ।
- ਪੱਠਿਆਂ ਦੀ ਗਤੀਸ਼ੀਲਤਾ ਤੇ ਖ਼ੂਨ ਉਤਕਾਂ ਦੀ ਪੈਦਾਵਾਰ ਨੂੰ ਗਤੀਸ਼ੀਲ ਕਰਨਾ।

- ਉਪਰੋਕਤ ਥਰੈਪੀ ਤੋਂ ਇਲਾਵਾ ਵੀ ਆਕਸੀਜਨ ਦੀ ਜ਼ਰੂਰੀ ਮਾਤਰਾ ਸਰੀਰ ਨੂੰ ਦੇ ਕੇ ਇਹ ਸਾਰੇ ਲਾਭ ਲਏ ਜਾ ਸਕਦੇ ਹਨ ਜਿਵੇਂ ਕਿ ਆਪਣੇ ਫੇਫੜਿਆਂ ਦੀ ਸਮਰੱਥਾ ਵਧਾਉਣਾ। ਇਸ ਮੰਤਵ ਲਈ ਸਵੇਰ ਵੇਲੇ ਤਾਜ਼ੀ ਸ਼ੁੱਧ ਹਵਾ ਵਿਚ ਜਾ ਕੇ 15 ਤੋਂ 20 ਮਿੰਟ ਤਕ ਗਹਿਰੇ ਸਾਹ ਲਵੋ, ਯਾਦ ਰਹੇ ਸਾਹ ਪੂਰਾ ਪੇਟ ਤਕ ਹਵਾ ਭਰ ਕੇ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਆਕਸੀਜਨ ਸਰੀਰ ਦੇ ਸਾਰੇ ਸੈੱਲ਼ਾਂ ਤਕ ਪਹੁੰਚ ਕੇ ਲਾਭ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸਪਲੀਮੈਂਟ ਦੇ ਤੌਰ 'ਤੇ ਵੀ ਲਈ ਜਾ ਸਕਦੀ ਹੈ।
- ਆਕਸੀਜਨ ਨੂੰ ਹਰੇਕ ਸੈੱਲ ਤਕ ਪਹੁਚਾਉਣ ਲਈ ਓਮੇਗਾ-3 ਫੈਟੀ ਐਸਿਡ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਲਾਲ ਖ਼ੂਨ ਦੇ ਸੈੱਲਾਂ ਦੀ ਝਿੱਲੀ ਦੀ ਰੱਖਿਆ ਕਰਦਾ ਹੈ। ਇਹ ਸੈੱਲਾਂ ਨੂੰ ਲਚਕੀਲਾ ਬਣਾਉਂਦਾ ਹੈ ਜਿਸਦੇ ਫਲਸਰੂਪ ਉਹ ਅਸਾਨੀ ਨਾਲ ਕੋਸ਼ਿਕਾਵਾ ਵਿਚ ਪਹੁੰਚ ਕੇ ਉਥੋਂ ਕਾਰਬਨਡਾਈਆਕਸਾਈਡ ਨੂੰ ਬਾਹਰ ਕਰਕੇ ਆਕਸੀਜਨ ਦਾ ਸੰਚਾਰ ਕਰਦੇ ਹਨ। ਇਸ ਤੋ ਇਲਾਵਾ ਇਹ ਓਮੇਗਾ -3 ਫੇਫੜਿਆਂ ਦੀਆਂ ਕੋਸ਼ਿਕਾਵਾਂ ਨੂੰ ਸਥਿਰ ਕਰਦਾ ਹੈ ਉਹ ਜ਼ਿਆਦਾ ਆਕਸੀਜਨ ਲੈ ਪਾਉਂਦੇ ਹਨ। • 98148-13674

# ਅੱਜ ਦੇ ਸਮੇਂ ਵਿੱਚ ਲੜਕੀਆਂ ਅਤੇ ਔਰਤਾਂ ਨੂੰ ਆਪਣੀ ਆਤਮ ਰੱਖਿਆ ਦੀ ਟ੍ਰੇਨਿੰਗ ਲੈਣੀ ਬਹੁਤ ਜ਼ਰੂਰੀ : ਡੀ ਐਸ ਪੀ ਨੇਹਾ ਅਗਰਵਾਲ



**ਪਟਿਆਲਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਿਊ ਪਾਵਰ ਹਾਊਸ ਕਲੋਨੀ ਵਿਖੇ ਕੁਰਾਸ਼ ਜੂਡੋ ਟ੍ਰੇਨਿੰਗ ਸੈਂਟਰ ਸਾਹਿਬ ਨਗਰ ਥੇੜੀ,ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਤੰਦਰੁਸਤ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਿਟੀ ਅਫੇਅਰ ਗੁਰਪ੍ਰੀਤ ਕੌਰ ਦਿਉ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ,ਐਸ ਪੀ ਹੈਡਕੁਆਰਟਰ-ਕਮ ਜ਼ਿਲਾ ਕਮਾਊ ?ਨਟੀ ਅਫੇਅਰ ਅਫ਼ਸਰ ਵੈਭਵ ਚੌਧਰੀ ਦੀ ਅਗਵਾਈ ਹੇਠ ਲੜਕੀਆਂ ਨੂੰ ਆਤਮ ਰੱਖਿਆ ਲਈ ਪ੍ਰੇਰਿਤ ਕਰਨ ਲਈ ਸੈਲਫ ਡਿਫੈਂਸ ਦੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਮੁੱਖ ਮਹਿਮਾਨ ਡੀ ਐਸ ਪੀ ਹੈਡਕੁਆਰਟਰ ਨੇਹਾ ਅਗਰਵਾਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਵਰਿੰਦਰ ਸਿੰਘ ਇੰਚਾਰਜ ਸੋਸ਼ਲ ਮੀਡੀਆ ਸੈਲ ਪਟਿਆਲਾ ਪੁਲਿਸ ਨੇ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕਾਲੋਜਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਇਸ ਮੌਕੇ ਪ੍ਰਿੰਸੀਪਲ ਸਤੀਸ਼ ਕੁਮਾਰ ਗੋਇਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ।ਵਿਸ਼ੇਸ਼ ਤੌਰ ਤੇ ਸੁਰਿੰਦਰ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਪਟਿਆਲਾ ਅਤੇ ਨਾਭਾ,ਵਰਿੰਦਰ ਸਿੰਘ ਖਰੋੜ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨਲ ਸੁਸਾਇਟੀ, ਮੈਡਮ ਈਦੂ ਬਾਲਾ,ਮੱਧੂ ਮਾਲਤੀ,ਇੰਦਰ ਸਿੰਘ,ਅਜੀਤ ਵਾਲੀਆ ਤੋਂ ਇਲਾਵਾ ਕੁਰਾਸ਼ ਜੂਡੋ ਟ੍ਰੇਨਿੰਗ ਸੈਂਟਰ ਸਾਹਿਬ ਨਗਰ ਥੇੜੀ ਦੇ ਕੋਚ ਸੁਰਜੀਤ ਸਿੰਘ ਵਾਲੀਆ ਦੀ ਦੇਖ ਰੇਖ ਹੇਠ ਵੀਰ ਦਵਿੰਦਰ ਸਿੰਘ ਅੰਤਰਰਾਸ਼ਟਰੀ ਮੈਡਲਿਸਟ,ਟੀਨਾ ਅੰਤਰਰਾਸ਼ਟਰੀ ਖਿਡਾਰੀ, ਹਰਨੂਰ ਨਾਗਰਾ ਅੰਤਰਰਾਸ਼ਟਰੀ ਖਿਡਾਰੀ,ਨੀਲਮ ਅੰਤਰਰਾਸ਼ਟਰੀ ਮੈਡਲਿਸਟ, ਰਜਨੀ ਅੰਤਰਰਾਸ਼ਟਰੀ ਮੈਡਲਿਸਟ, ਈਸ਼ਾ ਬਰਾਲਾ ਨੈਸ਼ਨਲ ਮੈਡਲਿਸਟ,ਜੈ ਪਾਲ ਬਰਾਲਾ ਨੈਸ਼ਨਲ ਮੈਡਲਿਸਟ, ਵਰਦਾਨ, ਅਭਿਜੀਤ, ਸਾਰੇ ਨੈਸ਼ਨਲ ਮੈਡਲਿਸਟ, ਡਾਕਿਵਾ, ਰੀਤਮਾਨ,ਰਮਨੀਤ ਸਟੇਟ ਮੈਡਲਿਸਟ,ਸਿਮਰਨ,ਕਰਮਨ ਇੰਟਰਨੈਸ਼ਨਲ ਮੈਡਲਿਸਟ ਕੁਰਾਸ਼,ਸੁਭਦੀਪ ਆਨੰਦ,ਮਨਸੀਰਤ, ਦਰੁਵੀ,ਕੁਸਮ ਸਾਰੇ ਸਟੇਟ ਮੈਡਲਿਸਟ ਜੂਡੋ ਵੱਲੋਂ ਵਿਦਿਆਰਥਣਾਂ ਨੂੰ ਸੈਲਫ ਡਿਫੈਂਸ ਦੀ ਟ੍ਰੇਨਿੰਗ ਦਿੱਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਡੀ ਐਸ ਪੀ ਹੈਡਕੁਆਰਟਰ ਨੇਹਾ ਅਗਰਵਾਲ ਨੇ ਕਿਹਾ ਅੱਜ ਦੇ ਸਮੇਂ ਵਿੱਚ ਲੜਕੀਆਂ ਨੂੰ ਆਤਮ ਰੱਖਿਆ ਲਈ ਸੈਲਫ ਡਿਫੈਂਸ ਦੀ ਟ੍ਰੇਨਿੰਗ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਹਰ ਦਿਨ ਔਰਤਾਂ ਅਤੇ ਲੜਕੀਆਂ ਨਾਲ ਛੇੜਖਾਨੀ,ਸੈਨਚਿੰਗ ਦਾ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜੇਕਰ ਲੜਕੀਆਂ ਅਤੇ ਔਰਤਾਂ ਨੂੰ ਆਪਣੀ ਆਤਮ ਰੱਖਿਆ ਕਰਨੀ ਆਉਂਦੀ ਹੋਵੇਗੀ ਤਾਂ ਸਾਹਮਣੇ ਵਾਲਾ ਤੁਹਾਡੇ ਤੇ ਵਾਰ ਨਹੀਂ ਕਰ ਸਕਦਾ। ਉਹਨਾਂ ਲੜਕੀਆਂ ਨੂੰ ਵੱਧ ਤੋਂ ਵੱਧ ਸੈਲਫ ਡਿਫੈਂਸ ਦੀ ਟ੍ਰੇਨਿੰਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਹਨਾਂ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਵਿਦਿਆਰਥੀਆਂ, ਨੌਜਵਾਨਾਂ ਅਤੇ ਪਬਲਿਕ ਨੂੰ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਜੋ ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112,181,1091 ਨੰਬਰਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਦੌਰਾਨ ਵਿੱਚ ਹਰ ਤਰ੍ਹਾਂ ਤੋਂ ਉੱਪਰ ਲੜਕੀਆਂ ਨੇ ਸ਼ਮੂਲੀਅਤ ਕੀਤੀ ਅਤੇ ਸੈਲਫ ਡਿਫੈਂਸ ਦੀ ਟ੍ਰੇਨਿੰਗ ਲਈ।

# ਆਤਮਕ ਜੀਵਨ ਤੋਂ ਬਿਨਾਂ ਮਨੁੱਖੀ ਜੀਵਨ ਬੇਅਰਥ ਬਣ ਜਾਂਦਾ ਹੈ : ਸੰਤ ਬਾਬਾ ਅਮੀਰ ਸਿੰਘ



**ਲੁਧਿਆਣਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਬਾਣੀ, ਸਿੱਖ ਇਤਿਹਾਸ, ਸਿੱਖ ਸਿਧਾਂਤ-ਪ੍ਰੰਪਰਾਵਾਂ ਦੇ ਪ੍ਰਚਾਰ-ਪ੍ਰਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਕਰਵਾਇਆ ਗਿਆ।

ਸਮਾਗਮ ਦੀ ਸ਼ੁਰੂਆਤ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਨਾਲ ਕੀਤੀ ਗਈ।

ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਟਕਸਾਲ ਦੇ ਮੁਖੀ ਮਹਾਂਪੁਰਸ਼ ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿ ਹਾ ਕਿ ਮਨੁੱਖੀ ਜੀਵਨ ਪ੍ਰਾਪਤ ਕਰਕੇ ਵੀ ਜੇਕਰ ਮਨੁੱਖ ਆਤਮਕ ਜੀਵਨ ਦੇ ਰਾਹ ‘ਤੇ ਨਹੀਂ ਤੁਰਦਾ ਤਾਂ ਉਸ ਦਾ ਜੀਵਨ ਬੇਅਰਥ ਬੀਤ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖ ਰਤਨ ਤੇ ਜਵਾਹਰ ਖਰੀਦਣ ਲਈ ਤਾਂ ਆਉਂਦਾ ਹੈ ਪਰ ਅਕਸਰ ਕੱਲਰ ਲੱਦ ਕੇ ਲੈ ਜਾਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਜੋ ਮਨੁੱਖ ਪਰਮਾਤਮਾ ਦੀ ਸਿਫਤ-ਸਲਾਹ ਕਰਦੇ ਹਨ, ਆਪਣੇ ਹਿਰਦੇ ਵਿੱਚ ਪ੍ਰਭੂ ਦਾ ਨਾਮ ਵਸਾਉਂਦੇ ਹਨ ਅਤੇ ਕਿਸੇ ਹੋਰ ਆਸਰੇ ਦੀ ਭਾਲ ਨਹੀਂ ਕਰਦੇ, ਉਹ ਪ੍ਰਭੂ ਪ੍ਰੇਮ ਵਿੱਚ ਰੰਗੇ ਹੋਏ ਨਿਰਮਲ ਜੀਵਨ ਵਾਲੇ ਬਣ ਕੇ ਸੱਚਾ ਆਤਮਕ ਜੀਵਨ ਪ੍ਰਾਪਤ ਕਰ ਲੈਂਦੇ ਹਨ।

ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿਹਾ ਕਿ ਆਤਮਿਕ ਜੀਵਨ ਤੋਂ ਬਿਨਾਂ ਮਨੁੱਖ ਦੀ ਘਾਲ-ਕਮਾਈ ਸਫਲ ਨਹੀਂ ਹੁੰਦੀ ਅਤੇ ਉਹ ਮਾਇਆ ਦੇ ਤਿੰਨ ਗੁਣਾਂ ਵਿੱਚ ਫਸ ਕੇ ਭਟਕਦਾ ਰਹਿੰਦਾ ਹੈ। ਅਜਿਹਾ ਮਨੁੱਖ ਵਿਕਾਰਾਂ, ਮਾਣ-ਮੋਹ ਅਤੇ ਹੰਕਾਰ ਵਿੱਚ ਲਿਪਤ ਰਹਿ ਕੇ ਦੁਖੀ ਅਤੇ ਅਸ਼ਾਂਤ ਜੀਵਨ ਬਤੀਤ ਕਰਦਾ ਹੈ।

ਉਨ੍ਹਾਂ ਨੇ ਕਿਹਾ ਕਿ ਜਿਸ ਮਨੁੱਖ ਨੇ ਆਪਾ-ਭਾਵ ਤਿਆਗ ਕੇ ਆਤਮਕ ਜੀਵਨ ਦੇ ਰਾਹ ‘ਤੇ ਕਦਮ ਰੱਖ ਲਿਆ, ਉਹ ਮਾਨੋ ਸੁੱਤਾ ਹੋਇਆ ਜਾਗ ਪੈਂਦਾ ਹੈ ਅਤੇ ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਜਿਸ ਪ੍ਰਭੂ ਨੇ ਉਸ ਨੂੰ ਪੈਦਾ ਕੀਤਾ ਹੈ, ਉਹੀ ਉਸ ਦਾ ਸੱਚਾ ਰਖਵਾਲਾ ਹੈ।

# ਸੀ.ਈ.ਓ. ਪੰਜਾਬ ਵੱਲੋਂ ਵੋਟਾਂ ਦੀ ਗਿਣਤੀ ਸਬੰਧੀ ਪ੍ਰਣਾਲੀ ਦੀ ਮਜ਼ਬੂਤੀ ਬਾਰੇ ਵਰਕਸ਼ਾਪ




**ਚੰਡੀਗੜ੍ਹ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਅੱਜ ਇੱਥੇ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕ੍ਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ ਦੇ ਸਹਿਯੋਗ ਨਾਲ ਵੋਟਾਂ ਦੀ ਗਿਣਤੀ ਸਬੰਧੀ ਪ੍ਰਣਾਲੀ ਦੀ ਮਜ਼ਬੂਤੀ (ਰੋਬਸਟਨੈਸ ਆਫ਼ ਵੋਟ ਕਾਊਂਟਿੰਗ ਪ੍ਰੋਸੈਸ) ਸਬੰਧੀ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਅਤੇ ਹਰਿਆਣੇ ਦੇ ਚੋਣ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ। ਵਰਕਸ਼ਾਪ ਦੇ ਉਦਘਾਟਨ ਮੌਕੇ ਬੋਲਦਿਆਂ ਮੁੱਖ ਚੋਣ ਅਫ਼ਸਰ, ਪੰਜਾਬ ਸ੍ਰੀਮਤੀ ਅਨਿੰਦਿਤਾ ਮਿਤਰਾ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਦੇ ਦਫ਼ਤਰ ਮੁੱਖ ਚੋਣ ਅਫ਼ਸਰ ਨੂੰ ਵੋਟਾਂ ਦੀ ਗਿਣਤੀ ਸਬੰਧੀ ਪ੍ਰਣਾਲੀ ਦੀ ਮਜ਼ਬੂਤੀ ਬਾਰੇ ਅਧਿਐਨ ਕਰਨ ਲਈ ਜ਼ਿੰਮੇਵਾਰੀ ਸੌਂਪੀ ਸੀ ਜਿਸ ਨੂੰ ਅਸੀਂ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਹੈ। ਉਨ੍ਹਾਂ ਦੱਸਿਆ ਕਿ ਇਸ ਅਧਿਐਨ ਦੌਰਾਨ ਅਸੀਂ ਦੁਨੀਆਂ ਦੇ 48 ਲੋਕਤੰਤਰਿਕ ਦੇਸ਼ਾਂ ਦੀ ਵੋਟਾਂ ਦੀ ਗਿਣਤੀ ਸਬੰਧੀ ਪ੍ਰਣਾਲੀ ਦਾ ਅਧਿਐਨ ਕੀਤਾ ਅਤੇ ਪਾਇਆ ਕਿ ਭਾਰਤ ਵਿੱਚ ਵੋਟਾਂ ਦੀ ਗਿਣਤੀ ਸਬੰਧੀ ਲਾਗੂ ਪ੍ਰਣਾਲੀ ਬਹੁਤ ਬਿਹਤਰੀਨ ਢੰਗ ਨਾਲ ਕੰਮ ਕਰ ਰਹੀ ਹੈ।

ਇਸ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਅਧਿਐਨ ਟੀਮ ਦੇ ਮੈਂਬਰ ਡਾ. ਅਭਿਨੰਦਨ ਬਸੀ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਪੈਦਾ ਹੋਣ ਵਾਲੇ ਮਸਲਿਆਂ ਨੂੰ ਆਧਾਰ ਬਣਾ ਕੇ ਇਹ ਅਧਿਐਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੂਰੀ ਦੁਨੀਆਂ ਵਿੱਚ ਚੋਣਾਂ ਸਬੰਧੀ ਲੋਕ-ਭਾਵਨਾਵਾਂ ਹਨ ਉਨ੍ਹਾਂ ਨੂੰ ਖ਼ਿਆਲ ਵਿੱਚ ਰੱਖਿਆ ਗਿਆ ਅਤੇ ਦੇਖਿਆ ਗਿਆ ਕਿ ਵੋਟਾਂ ਦੀ ਗਿਣਤੀ ਕਿਵੇਂ ਹੋਵੇਗੀ ਤੋਂ ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਨੂੰ ਭਰੋਸੇਯੋਗ ਕਿਵੇਂ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਗਿਣਤੀ ਤੋਂ ਪਹਿਲਾਂ ਈ.ਵੀ.ਐਮ. ਦੀ ਸੀਲਿੰਗ, ਟਰਾਂਸਪੋਰਟ ਅਤੇ ਸਟੋਰੇਜ ਤੋਂ ਲੈ ਕੇ ਨਤੀਜਿਆਂ ਦੇ ਐਲਾਨ ਤੱਕ ਦੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਜਿੰਨਾ ਬਿਹਤਰ ਤਰੀਕੇ ਨਾਲ ਲਾਗੂ ਕਰਾਂਗੇ ਓਨਾ ਜ਼ਿਆਦਾ ਚੋਣ ਪ੍ਰਕਿਰਿਆ ਬਿਹਤਰ ਢੰਗ ਨਾਲ ਨੇਪਰੇ ਚੜ੍ਹੇਗੀ।

ਇਸ ਮੌਕੇ ਉਨ੍ਹਾਂ ਈ.ਵੀ.ਐਮ., ਬੈਲਟ ਪੇਪਰ ਅਤੇ ਹਾਈਬ੍ਰਿਡ ਵਿਧੀ ਰਾਹੀਂ ਚੋਣ ਪ੍ਰਕਿਰਿਆ ਕਰਨ ਵਾਲੇ ਦੇਸ਼ਾਂ ਦੀ ਅਧਿਐਨ ਰਿਪੋਰਟ ਵੀ ਪੇਸ਼ ਕੀਤੀ ਅਤੇ ਦੱਸਿਆ ਕਿ ਕਿਵੇਂ ਈ.ਵੀ.ਐਮ. ਰਾਹੀਂ ਸਭ ਤੋਂ ਬਿਹਤਰ ਢੰਗ ਨਾਲ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

ਇਸ ਮੌਕੇ ਅਭਿਜੀਤ ਕਪਲਿਸ਼, ਆਈ.ਏ.ਐਸ. ਨੇ ਵੋਟਾਂ ਦੀ ਗਿਣਤੀ ਸਬੰਧੀ ਦੱਖਣੀ ਅਫਰੀਕਾ ਅਤੇ ਭਾਰਤ ਦੀ ਪ੍ਰਕਿਰਿਆ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਭਾਰਤੀ ਲੋਕ ਪ੍ਰਤੀਨਿਧੀ ਐਕਟ ਸਾਨੂੰ ਆਪਣੇ ਪ੍ਰਤੀਨਿਧੀ ਚੁਣਨ ਲਈ ਅਧਿਕਾਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਇਸ ਸਮੇਂ ਦੁਨੀਆਂ ਵਿੱਚ ਚੋਣ ਪ੍ਰਕਿਰਿਆ ਦੌਰਾਨ ਤਕਨਾਲੋਜੀ ਦੀ ਵਰਤੋਂ ਕਰਨ ਵਿੱਚ ਮੋਹਰੀ ਦੇਸ਼ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਭਾਰਤ ਵਿੱਚ ਚੋਣ ਪ੍ਰਕਿਰਿਆ ਨੂੰ ਬਹੁਤ ਜ਼ਿਆਦਾ ਪਾਰਦਰਸ਼ਤਾ ਅਤੇ ਰਫ਼ਤਾਰ ਨਾਲ ਨੇਪਰੇ ਚਾੜ੍ਹਿਆ ਜਾਂਦਾ ਹੈ।

ਜੁਆਇੰਟ ਸੀ.ਈ.ਓ. ਨਵਨੀਤ ਕੌਰ ਬੱਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਦੀ ਅਖੰਡਤਾ ਅਤੇ ਚੋਣ ਨਤੀਜਿਆਂ ਦੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸਾਨੂੰ ਹੋਰ ਮਿਹਨਤ ਨਾਲ ਕੰਮ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਭਾਰਤੀ ਚੋਣ ਪ੍ਰਕਿਰਿਆ ਵਿੱਚ ਲੋਕਾਂ ਦੀ ਆਸਥਾ ਨੂੰ ਹੋਰ ਮਜ਼ਬੂਤ ਕਰ ਸਕੀਏ।

# ਬਲੱਡ ਪ੍ਰੈਸ਼ਰ ਦੀ ਕਰਵਾਈ ਜਾਵੇ ਨਿਯਮਤ ਜਾਂਚ : ਡਾ. ਸ਼ੈਲੀ ਜੇਤਲੀ



**ਪਟਿਆਲਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ.ਸ਼ੈਲੀ ਜੇਤਲੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਟਿਆਲਾ ਜਿਲ੍ਹੇ ਦੇ ਸਮੂਹ ਪੀਐਚਸੀਜ ਅਧੀਨ ਆਉਂਦੇ ਸਿਹਤ ਕੇਂਦਰਾਂ ਵਿੱਚ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ ਗਿਆ। ਇਸ ਸਬੰਧ ਵਿੱਚ ਅਵੇਅਰਨੈਸ ਸੈਸ਼ਨ ਲਗਾ ਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਸਿਵਲ ਸਰਜਨ ਨੇ ਦੱਸਿਆ ਕਿ ਹਾਈਪਰਟੈਂਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਹੈ ਜਿਵੇਂ ਕਿ ਸਟਰੋਕ, ਦਿਲ ਦੇ ਦੌਰੇ, ਗੁਰਦੇ ਦੀ ਬਿਮਾਰੀ, ਦਿਮਾਗੀ ਕਮਜ਼ੋਰੀ ਜਾਂ ਨਿਗ੍ਹਾ ਦਾ ਧੁੰਧਲਾ ਹੋਣਾ ਆਦਿ। ਬਹੁਤ ਸਾਰੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਹਾਈਪਰਟੈਂਸ਼ਨ ਬਿਮਾਰੀ ਤੋਂ ਪੀੜਤ ਹਨ, ਕਿਉਂਕਿ ਇਸ ਦਾ ਕੋਈ ਲੱਛਣ ਪਰਤੱਖ ਤੌਰ ਤੇ ਦਿਖਾਈ ਨਹੀਂ ਦਿੰਦਾ। ਸਿਰਫ ਦੌਰਾ ਪੈਣ ਤੋਂ ਬਾਅਦ ਹੀ ਪਤਾ ਲੱਗਦਾ ਹੈ, ਕਿ ਬੀਪੀ ਵੱਧਿਆ ਹੋਇਆ ਸੀ। ਇਸ ਕਰਕੇ 30 ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ ਬੀਪੀ ਦੀ ਨਿਯਮਤ ਜਾਂਚ ਕਰਵਾਉਣੀ ਚਾਹੀਦੀ ਹੈ। ਬੀਪੀ ਵਧਣ ਤੇ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸੇਵਨ ਕਰਨਾ ਜ਼ਰੂਰੀ ਹੈ। ਤਣਾਅ ਰਹਿਤ ਰਹਿਣ ਲਈ ਮੈਡੀਟੇਸ਼ਨ ਅਤੇ ਯੋਗਾ ਕਰਨਾ ਚਾਹੀਦਾ ਹੈ। ਤਲੀਆਂ ਹੋਈਆਂ ਚੀਜ਼ਾਂ ਅਤੇ ਜੰਕ ਫੂਡ ਤੋਂ ਪਰਹੇਜ਼ ਕਰਨਾ ਜਰੂਰੀ ਹੈ। ਸੰਤੁਲਿਤ ਭੋਜਨ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਬੀਪੀ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ।

# ਵਣ ਵਿਭਾਗ ਦੇ ਕਿਰਤੀ ਕਾਮਿਆਂ ਦੀਆਂ ਮੁਸ਼ਕਲਾਂ ਬਾਰੇ ਮੀਟਿੰਗ ਆਯੋਜਿਤ



**ਪਟਿਆਲਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਵਿਚ ਲਗਾਤਾਰ ਕੰਮ ਕਰਦੇ ਦਿਹਾੜੀਦਾਰ ਮਜ਼ਦੂਰ ਮੁਲਾਜ਼ਮਾਂ ਦੀਆਂ ਗੰਭੀਰ ਮੁਸ਼ਕਿਲਾਂ ਬਾਰੇ ਸੂਬੇ ਦੀ ਵਣ ਵਿਭਾਗ ਵਰਕਰਜ ਯੂਨੀਅਨ ਰਜਿ ਦੇ ਸੂਬਾ ਜਨਰਲ ਸਕੱਤਰ ਸ੍ਰੀ ਵੀਰਪਾਲ ਸਿੰਘ ਬ੍ਰਮੰਣਾ ਅਤੇ ਬਲਵੀਰ ਸਿੰਘ ਮੰਡੌਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਰਾਹੀਂ ਗਠਿਤ ਕੀਤੀ ਗਈ ਸਬ ਕਮੇਟੀ ਮਾਨਯੋਗ ਵਿੱਤ ਯੋਜਨਾਂ ਕਾਰ ਮੰਤਰੀ ਪੰਜਾਬ ਸਰਕਾਰ ਸ੍ਰ ਹਰਪਾਲ ਸਿੰਘ ਚੀਮਾ, ਸਨਅਤ ਤੇ ਉਦਯੋਗਿਕ ਮੰਤਰੀ,ਆਪ ਪ੍ਰਧਾਨ ਅਮਨ ਅਰੋੜਾ ਜੀ, ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ,ਸਮਾਜ ਭਲਾਈ ਮੰਤਰੀ, ਬਲਜੀਤ ਕੌਰ, ਦੇ ਨਾਲ ਸਿਵਲ ਸਕੱਤਰੇਤ੧ ਚੰਡੀਗੜ੍ਹ ਵਿਖੇ ਮੀਟਿੰਗ ਹੋਣ ਜਾ ਰਹੀ ਹੈ। ਲੁੰਬਾ ਨੇ ਪੰਜਾਬ ਸਰਕਾਰ ਤੈ ਟਿੱਪਣੀ ਕਰਦਿਆਂ ਜ਼ਿਕਰ ਕੀਤਾ ਕਿ ਕੀਤੀਆਂ ਜਾ ਰਹੀਆਂ ਅਨੇਕਾਂ ਬਾਰ ਮੀਟਿੰਗਾਂ ਨੂੰ ਜਦੋਂ ਠੰਢੇ ਬਸਤੇ ਪਾਇਆਂ ਜਾਂਦਾ ਹੈ। ਫਿਰ ਜੱਥੇਬੰਦੀ ਰੋਸ ਪ੍ਰਦਰਸ਼ਨ ਰੈਲੀਆਂ ਲਈ ਮੁਜ਼ਾਹਰਾ ਕਰਨ ਦਾ ਐਲਾਨ ਕਰਦੀ ਹੈ।ਪਰ ਸਰਕਾਰ ਮੀਟਿੰਗ ਲਈ ਸਮਾਂ ਦੇ ਕੇ ਯੂਨੀਅਨਾ ਨੂੰ ਸੱਦ ਲੈਂਦੀ ਹੈ। ਪ੍ਰੰਤੂ ਕਦੇ ਸਬ ਕਮੇਟੀ ਨੇ ਇਹ ਪੁੱਛਿਆ ਵੀ ਜਿਹੜੀਆਂ ਮੀਟਿੰਗਾਂ ਕੀਮਤੀ ਸਮਾਂ ਕੱਢਕੇ ਪਹਿਲਾਂ ਕੀਤੀਆਂ ਜਾ ਚੁੱਕੀਆਂ ਹਨ। ਉਹਨਾਂ ਨੂੰ ਕੋਈ ਬੂਰ ਪਾਇਆ ਹੈ। ਜੱਥੇਬੰਦੀ ਨੇ ਮੰਗ ਕੀਤੀ ਸੀ ਜੰਗਲਾਤ ਵਿਭਾਗ ਦੇ ਦਿਹਾੜੀਦਾਰ ਕਾਮਿਆਂ ਨੂੰ ਸਰਕਾਰ ਆਪਣੀ ਪੋਲਿਸੀ ਤਿਆਰ ਕਰ ਕੇ ਤਿੰਨ ਸਾਲ ਤੱਕ ਕੰਮ ਕਰਨ ਵਾਲੇ ਕਿਰਤੀ ਕਾਮਿਆਂ ਨੂੰ ਪੱਕਾ ਰੋਜ਼ਗਾਰ ਦੇਵੇ। ਜਿਹੜੇ ਕਿਰਤੀ ਲਗਾਤਾਰ ਵਿਭਾਗ ਦੇ ਅੰਦਰ 20-20ਸਾਲਾ ਤੇ ਦਹਾਕਿਆਂ ਤੋਂ ਸੇਵਾਵਾਂ ਨਿਰਵਿਘਨ ਕਰਦੇ ਆ ਰਹੇ ਸਨ।ਪਰ ਵਣ ਵਿਭਾਗ ਨੇ ਗੈਰ ਕਾਨੂੰਨੀ ਸਿਧਾਤਕ ਤੌਰ ਬਹੁਤ ਅਯੋਗ ਵਰਕਰਾਂ ਨੂੰ ਪੰਜਾਬ ਸਰਕਾਰ ਦੀ ਪੋਲਿਸੀ ਦੇ ਲਾਭ ਮੁਹੱਈਆ ਕੀਤੇ ਜਾ ਚੁੱਕੇ ਹਨ। ਯੋਗ ਕਾਮਿਆਂ ਨਾਲ ਵਿਤਕਰਾ ਕੀਤਾ ਹੈ।ਜਿੰਨੇ ਕਾਮੇ ਪੰਜਾਬ ਸਰਕਾਰ ਦੀ ਈਪੋਟਰਲ ਤੇ ਰਜਿਸਟਰ ਹੋ ਚੁੱਕੇ ਹਨ।ਸਰਿਆ ਲਾਭ ਦੇ ਢੇਰ ਯਕੀਨੀ ਬਣਾਇਆ ਜਾਵੇ।

ਅਗਰ ਸਰਕਾਰ ਨੇ ਕੋਈ ਪੈਨਸ਼ਨ ਸਕੀਮ ਕਿਰਤੀ ਕਾਮਿਆਂ ਨੂੰ ਨਹੀਂ ਦੇਣੀ ਤਾਂ ਜਦੋਂ ਤੱਕ ਕੰਮ ਕਰਨ ਦੇ ਯੋਗ ਹੈ ਕਿਰਤੀ ਤਦ ਲਗਾਤਰ ਕੰਮ ਕਿਉਂ ਨਹੀ ਉਸ 70ਸਾਲ ਤੱਕ ਕੰਮ ਦਿੱਤਾ ਜਾਵੇ॥ ਵਣ ਵਿਭਾਗ ਪੰਜਾਬ ਸਰਕਾਰ ਦੀ ਸਰਕੀਨਿੰਗ ਰਿਵਿਊ ਕਮੇਟੀ ਰਾਹੀਂ ਜੋ ਦਿਹਾੜੀਦਾਰ ਕਾਮਿਆਂ ਦੀ ਸੀਨੀਆਰਤਾ ਲਿਸਟ ਤਿਆਰ ਕੀਤੀ ਗਈ ਹੈ। ਮਿਤੀ 31/3/2023ਦੀ ਹੈ।ਉਸ ਅਨੁਸਾਰ ਸਾਰੇ ਮੇਹਨਤਕਸ਼ ਯੋਗ ਦਰਜ ਕਿਰਤੀ ਕਾਮਿਆਂ ਨੂੰ ਵਿਭਾਗ ਅੰਦਰ ਕੰਮ ਦੇਣਾ ਯਕੀਨੀ ਬਣਾਉਣਾ। ਅਤੇ ਠੇਕੇਦਾਰੀ ਪ੍ਰਥਾ ਸਿਸਟਮ ਤੇ ਪੂਰਨ ਤੌਰ ਤੌਰ ਪਾਬੰਦੀ ਲਾਈ ਜਾਵੇ। ਜੰਗਲਾਤ ਵਿਭਾਗ ਅੰਦਰ ਜੋ ਕਿਰਤੀ ਕਾਮਿਆਂ ਦਾ ਘਾਣ ਪਿਛਲੀਆਂ ਸਰਕਾਰਾਂ ਦੇ ਵਿਚ ਹੁੰਦਾ ਸੀ ਉਹ ਜਿਉ ਦਾ ਤਿਉ ਹੈ ਰਿਹਾ ਹੈ।

# ਬਲਾਕ ਪੱਧਰੀ ਬੈਂਕਰਜ਼ ਕਮੇਟੀ ਦੀਆਂ ਮੀਟਿੰਗਾਂ ਦੌਰਾਨ ਬੈਂਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ

**ਜਲੰਧਰ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਤੀ ਵਰ੍ਹੇ 2025-2026 ਦੀ ਚੌਥੀ ਤਿਮਾਹੀ ਦੀ ਸਮੀਖਿਆ ਕਰਨ ਲਈ ਬਲਾਕ ਪੱਧਰੀ ਬੈਂਕਰਜ਼ ਕਮੇਟੀ ਦੀਆਂ ਮੀਟਿੰਗਾਂ ਦਾ ਸਿਲਸਿਲਾ ਅੱਜ ਮੁਕੰਮਲ ਹੋ ਗਿਆ।

ਐਲ.ਡੀ.ਐਮ. ਜਲੰਧਰ, ਐੱਮ.ਐੱਸ.ਮੋਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 7 ਮਈ 2026 ਨੂੰ ਲੋਹੀਆਂ ਖ਼ਾਸ ਅਤੇ ਸ਼ਾਹਕੋਟ ਦੋ ਬਲਾਕਾਂ ਵਿੱਚ ਮੀਟਿੰਗਾਂ ਨਾਲ ਇਹ ਸਿਲਸਿਲਾ ਸ਼ੁਰੂ ਹੋਇਆ ਸੀ, ਜੋ ਕਿ ਅੱਜ ਜਲੰਧਰ ਪੂਰਬੀ ਅਤੇ ਪੱਛਮੀ ਬਲਾਕਾਂ ਵਿੱਚ ਮੀਟਿੰਗ ਕਰਨ ਉਪਰੰਤ ਪੂਰਾ ਹੋ ਗਿਆ। ਜ਼ਿਲ੍ਹੇ ਦੇ ਵੱਖ-ਵੱਖ 11 ਬਲਾਕਾਂ ਵਿੱਚ ਮੀਟਿੰਗਾਂ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ ) ਦਫ਼ਤਰ ਤੋਂ ਆਜੀਵਕਾ ਮਿਸ਼ਨ ਦੇ ਨੁਮਾਇੰਦੇ, ਨਾਬਾਰਡ ਦੇ ਅਧਿਕਾਰੀ , ਰੂਡਸੈਟ ਇੰਸਟੀਚਿਊਟ ਦੇ ਨੁਮਾਇੰਦੇ , ਕਰਿਸਲ ਤੇ ਅਰੋਹ ਫਾਊਂਡੇਸ਼ਨਾਂ ਅਤੇ ਬੈਂਕ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗਾਂ ਵਿੱਚ ਚੌਥੀ ਤਿਮਾਹੀ ਦੌਰਾਨ (01.01.2026 ਤੋਂ 31.03.2026 ਤੱਕ) ਬੈਂਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਦੇ ਨਾਲ-ਨਾਲ ਪਿਛਲੇ ਆਰਥਿਕ ਵਰ੍ਹੇ ਲਈ ਮਿੱਥੇ ਗਏ ਟੀਚਿਆਂ ਅਤੇ ਨਤੀਜਿਆਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਨ੍ਹਾਂ ਮੀਟਿੰਗਾਂ ਵਿੱਚ ਐਲ.ਡੀ.ਐੱਮ. ਵੱਲੋਂ ਵੱਖ-ਵੱਖ ਸਰਕਾਰੀ ਸਕੀਮਾਂ ਤਹਿਤ ਬਕਾਇਆ ਕਰਜ਼ਾ ਅਰਜ਼ੀਆਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਦੀ ਹਦਾਇਤ ਕੀਤੀ ਗਈ।

ਮੀਟਿੰਗਾਂ ਵਿੱਚ ਬੈਂਕ ਅਧਿਕਾਰੀਆਂ ਵੱਲੋਂ 31 ਮਾਰਚ, 2026 ਨੂੰ ਸਮਾਪਤ ਹੋਈ ਤਿਮਾਹੀ ਦੌਰਾਨ ਆਪਣੇ-ਆਪਣੇ ਬੈਂਕ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹੇ ਦੀ ਜਮ੍ਹਾ-ਕਰਜ਼ ਅਨੁਪਾਤ (ਸੀ. ਡੀ. ਰੇਸ਼ੋ) ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਬੈਂਕਾਂ ਨੂੰ ਇਸ ਵਿੱਚ ਹੋਰ ਸੁਧਾਰ ਕਰਨ ਲਈ ਵੱਧ ਤੋਂ ਵੱਧ ਕਰਜ਼ੇ ਮਨਜ਼ੂਰ ਕਰਨ ਲਈ ਕਿਹਾ ਗਿਆ।

# ਹਿਊਮਨ ਰਾਈਟ ਕੌਂਸਲ ਵੱਲੋਂ ਪੰਜਾਬ ਦਾ ਪਹਿਲਾ ਵਿਸ਼ਾਲ ਜਨਤਾ ਦਰਬਾਰ ਆਯੋਜਿਤ




**ਲੁਧਿਆਣਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਊਮਨ ਰਾਈਟ ਕੌਂਸਲ ਵੱਲੋਂ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ, ਮਾਡਲ ਟਾਊਨ ਐਕਸਟੈਂਸ਼ਨ ਵਿਖੇ ਪੰਜਾਬ ਦਾ ਪਹਿਲਾ ਵਿਸ਼ਾਲ ਜਨਤਾ ਦਰਬਾਰ ਲਗਾਇਆ ਗਿਆ, ਜਿਸ ਵਿੱਚ ਤਕਰੀਬਨ 60 ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ। ਕਈ ਮਾਮਲਿਆਂ ਦਾ ਮੌਕੇ ‘ਤੇ ਹੀ ਨਿਪਟਾਰਾ ਕੀਤਾ ਗਿਆ, ਜਦਕਿ ਬਾਕੀ ਸ਼ਿਕਾਇਤਾਂ ਸਬੰਧਤ ਵਿਭਾਗਾਂ ਨੂੰ ਭੇਜੀਆਂ ਗਈਆਂ।

ਇਸ ਮੌਕੇ ਹਿਊਮਨ ਰਾਈਟ ਕੌਂਸਲ ਦੀ ਨੈਸ਼ਨਲ ਪ੍ਰੈਜ਼ੀਡੈਂਟ ਆਰਤੀ ਰਾਜਪੂਤ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ।

ਜਨਤਾ ਦਰਬਾਰ ਨੈਸ਼ਨਲ ਵਾਈਸ ਪ੍ਰੈਜ਼ੀਡੈਂਟ ਸਰਦਾਰ ਸਤਵਿੰਦਰ ਸਿੰਘ ਮਠਾੜੂ, ਜਨਰਲ ਸਕੱਤਰ ਪੰਜਾਬ ਮਨਜੀਤ ਸਿੰਘ ਅਰੋੜਾ ਅਤੇ ਲੁਧਿਆਣਾ ਪ੍ਰਧਾਨ ਵਿਵੇਕ ਬਕਸ਼ੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸੰਦੀਪ ਗਗਨ, ਅਸ਼ਵਨੀ ਕੁਮਾਰ, ਰਿਪੇਸ਼ ਧਵਨ, ਰਜਤ ਖਤਰੀ, ਵੀਮਲ ਤਾਇਲ ਸਮੇਤ ਕੌਂਸਲ ਦੇ ਕਈ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਰਹੇ। ਕੌਂਸਲ ਆਗੂਆਂ ਨੇ ਕਿਹਾ ਕਿ ਸੰਸਥਾ ਦਾ ਮਕਸਦ ਲੋਕਾਂ ਨੂੰ ਇਨਸਾਫ ਦਿਵਾਉਣਾ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਕਰਨਾ ਹੈ।

# ਤੰਬਾਕੂ ਵਿਰੋਧੀ ਮੁਹਿੰਮ ਦੌਰਾਨ 10 ਚਲਾਨ ਕੱਟੇ, 1200 ਰੁਪਏ ਜੁਰਮਾਨਾ ਵਸੂਲੇ



**ਪਟਿਆਲਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਤੰਬਾਕੂ ਨਿਯੰਤਰਣ ਪ੍ਰੋਗਰਾਮ (ਐਨ ਟੀ ਸੀ ਪੀ ) ਅਧੀਨ ਸਿਹਤ ਵਿਭਾਗ ਪਟਿਆਲਾ ਵੱਲੋਂ ਤੰਬਾਕੂ ਵਿਰੋਧੀ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਰਕਾਰੀ ਮੈਡੀਕਲ ਕਾਲਜ ਪਟਿਆਲਾ, ਰਾਜਿੰਦਰਾ ਹਸਪਤਾਲ ਅਤੇ ਮਾਤਾ ਸਾਹਿਬ ਕੌਰ ਕਾਲਜ ਦੇ ਆਲੇ-ਦੁਆਲੇ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਦਿਆਂ ਕੁੱਲ 10 ਚਲਾਨ ਕੱਟੇ ਗਏ ਅਤੇ 1200 ਰੁਪਏ ਜੁਰਮਾਨਾ ਵਸੂਲ ਕੀਤਾ ਗਿਆ।

ਇਸ ਕਾਰਵਾਈ ਦੀ ਅਗਵਾਈ ਏ ਐੱਚ ਓ ਡਾ. ਇੰਦਰਪ੍ਰੀਤ ਰੰਧਾਵਾ ਵੱਲੋਂ ਕੀਤੀ ਗਈ। ਉਨ੍ਹਾਂ ਨਾਲ ਟੀਮ ਮੈਂਬਰ ਪਰਮਜੀਤ ਅਤੇ ਖੁਸ਼ਵੀਰ ਵੀ ਮੌਜੂਦ ਸਨ। ਡਾ. ਰੰਧਾਵਾ ਨੇ ਦੱਸਿਆ ਕਿ ਜਨਤਕ ਥਾਵਾਂ ‘ਤੇ ਤੰਬਾਕੂ ਉਤਪਾਦਾਂ ਦੀ ਵਰਤੋਂ ਨਾ ਸਿਰਫ਼ ਕਾਨੂੰਨੀ ਉਲੰਘਣਾ ਹੈ, ਸਗੋਂ ਲੋਕਾਂ ਦੀ ਸਿਹਤ ਲਈ ਵੀ ਗੰਭੀਰ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਤੰਬਾਕੂ ਦੀ ਲਤ ਤੋਂ ਬਚਾਉਣ ਲਈ ਅਜਿਹੀਆਂ ਚੈਕਿੰਗ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ।

ਏ ਐੱਚ ਓ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਤੰਬਾਕੂ ਰਹਿਤ ਸਮਾਜ ਦੀ ਸਿਰਜਣਾ ਲਈ ਸਹਿਯੋਗ ਕੀਤਾ ਜਾਵੇ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

# ਗਿਆਨਦੀਪ ਮੰਚ ਵੱਲੋਂ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ




**ਪਟਿਆਲਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਮਹੀਨਾਵਾਰ ਇੱਕ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਮਿਤੀ 17/05/2026 ਨੂੰ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੇ ਸਾਰੇ ਸਾਹਿਤਕਾਰਾਂ ਦਾ ਸਵਾਗਤ ਕਰਦਿਆਂ ਕਵੀਆਂ ਨੂੰ ਆਪਣੀ ਰਚਨਾ ਪੇਸ਼ ਕਰਨ ਦਾ ਸੱਦਾ ਦਿੱਤਾ।ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਕਵੀ ਸਮਾਜ ਨੂੰ ਬਦਲਣ ਦੀ ਤਾਕਤ ਰੱਖਦੇ ਹਨ।ਸਾਡੀ ਅਸਲ ਤਾਕਤ ਸਾਡੀ ਕਲਮ ਹੈ।ਸਮਾਗਮ ਦੌਰਾਨ ਪੰਜਾਬੀ ਮੈਗਜ਼ੀਨ ‘ਗੁਸਈਆਂ’ ਦਾ ਮਈ ਅੰਕ ਲੋਕ ਅਰਪਣ ਕੀਤਾ ਗਿਆ। ਮੈਗਜ਼ੀਨ ਦੇ ਮੁੱਖ ਸੰਪਾਦਕ ਕੁਲਵੰਤ ਸਿੰਘ ਨਾਰੀਕੇ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਮੈਗਜ਼ੀਨ ਆਪ ਸਭ ਦੇ ਸਹਿਯੋਗ ਨਾਲ ਨਿਰੰਤਰ ਉੱਨੀ ਸਾਲ ਤੋਂ ਛਪ ਰਿਹਾ ਹੈ ਅਤੇ ਪੰਜਾਬੀ ਬੋਲੀ ਦੀ ਸੇਵਾ ਕਰ ਰਿਹਾ ਹੈ।

ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਪਰਵਿੰਦਰ ਸ਼ੋਖ,ਸੁਖਵਿੰਦਰ ਸੇਖੋਂ,ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ ,ਗੁਰਦਰਸ਼ਨ ਗੁਸੀਲ,ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ,ਅਵਤਾਰਜੀਤ,ਅੰਗਰੇਜ਼ ਵਿਰਕ,ਇੰਦਰਪਾਲ ਸਿੰਘ,ਜਸਵਿੰਦਰ ਖਾਰਾ,ਸੰਤ ਸਿੰਘ ਸੋਹਲ,ਜਸਵਿੰਦਰ ਕੌਰ, ਕੁਲਦੀਪ ਕੌਰ ਧੰਜੂ,ਬਲਬੀਰ ਸਿੰਘ ਦਿਲਦਾਰ,ਮੰਗਤ ਖਾਨ,ਗੁਰਚਰਨ ਸਿੰਘ ਧੰਜੂ,ਕ੍ਰਿਸ਼ਨ ਲਾਲ ਧੀਮਾਨ,ਰਾਮ ਸਿੰਘ ਬੰਗ,ਸਰੂਪ ਸਿੰਘ ਚੌਧਰੀ ਮਾਜਰਾ,ਅਮਨਦੀਪ ਸਿੰਘ ਪਟਿਆਲਾ, ਤਰਨ ਪਟਿਆਲ਼ਵੀ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਨੈਬ ਸਿੰਘ ਅਤੇ ਗੁਰਦੀਪ ਸਿੰਘ ਸੱਗੂ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ।ਫੋਟੋਗ੍ਰਾਫੀ ਦੇ ਫਰਜ਼ ਦਰਸ਼ਨ ਸਿੰਘ ਦਰਸ਼ ਪਸਿਆਣਾ ਵੱਲੋਂ ਬਾਖੂਬੀ ਨਿਭਾਏ ਗਏ।

# ਮੌਤ ਦੇ 4 ਮਹੀਨੇ ਬਾਅਦ ਮ੍ਰਿਤਕ ਨੇ ਦਰਜ ਕਰਵਾਏ ਬਿਆਨ; ਝੂਠੇ ਸਬੂਤ ਘੜਨ ਵਾਲੇ ਪੁਲਸੀਆਂ ’ਤੇ ਡਿੱਗੀ ਕੋਰਟ ਦੀ ਗਾਜ

## ਅਮਰੀਕੀ ਮਹਿਲਾ ਦੇ ਕਤਲ ਕੇਸ ’ਚ ਝੂਠੇ ਸਬੂਤ ਘੜਨ ਦਾ ਮਾਮਲਾ ਆਇਆ ਸਾਹਮਣੇ



**ਲੁਧਿਆਣਾ, 22 ਮਈ-**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਲ੍ਹਾ ਰਾਇਪੁਰ ਵਿਖੇ ਇੱਕ ਅਮਰੀਕੀ ਮਹਿਲਾ ਦੇ ਕਤਲ ਦੇ ਸਬੰਧ ਵਿੱਚ ਇੱਕ ਮ੍ਰਿਤਕ ਵਿਅਕਤੀ ਦਾ ਬਿਆਨ ਪੇਸ਼ ਕਰਨਾ ਤਤਕਾਲੀ ਐੱਸ ਐੱਚ ਓ ਡੇਹਲੋਂ ਸੁਖਜਿੰਦਰ ਸਿੰਘ ਅਤੇ ਐੱਚ ਸੀ ਸੰਜੀਵ ਕੁਮਾਰ ਦੇ ਕਰੀਅਰ ’ਤੇ ਭਾਰੀ ਪੈ ਗਿਆ ਹੈ। ਦੋਵਾਂ ਖ਼ਿਲਾਫ਼ ਕਥਿਤ ਤੌਰ ’ਤੇ ਝੂਠੇ ਸਬੂਤ ਘੜਨ ਅਤੇ ਬੇਈਮਾਨੀ ਨਾਲ ਜਾਅਲੀ ਦਸਤਾਵੇਜ਼ ਦੀ ਵਰਤੋਂ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਦੋਵਾਂ ਵਿਰੁੱਧ ਅਗਲੀ ਕਾਰਵਾਈ ਉਨ੍ਹਾਂ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ ਜਿੱਥੇ ਇਹ ਦਸਤਾਵੇਜ਼ ਪੇਸ਼ ਕੀਤੇ ਗਏ ਸਨ।

ਸਹਾਇਕ ਪੁਲੀਸ ਕਮਿਸ਼ਨਰ (ਏ.ਸੀ.ਪੀ.) ਅੰਗਰੇਜ਼ ਸਿੰਘ ਨੇ ਕਿਹਾ, ਅਸੀਂ ਉਪਰੋਕਤ ਬਿਆਨ ਦੇ ਸਬੰਧ ਵਿੱਚ ਵਿਸ਼ੇਸ਼ ਜਾਂਚ ਟੀਮ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਦੇ ਅਧਾਰ ’ਤੇ ਪੁਲੀਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਹੈ, ਪਰ ਅਗਲੀ ਕਾਰਵਾਈ ਕਾਨੂੰਨ ਦੀਆਂ ਉਨ੍ਹਾਂ ਅਦਾਲਤਾਂ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ ਜਿੱਥੇ ਮਾਮਲਾ ਲੰਬਿਤ ਹੈ।

ਪੁਲੀਸ ਦੇ ਦਾਅਵੇ ਅਤੇ ਰਿਕਾਰਡ ਅਨੁਸਾਰ ਕਿਲ੍ਹਾ ਰਾਇਪੁਰ ਦੇ ਗੁਰਪ੍ਰੀਤ ਸਿੰਘ, ਜਿਸ ਦੀ ਮੌਤ 29 ਮਈ 2025 ਨੂੰ ਹੋ ਗਈ ਸੀ, ਨੇ ਐਨ.ਆਰ.ਆਈ. ਮਹਿਲਾ ਰੁਪਿੰਦਰ ਕੌਰ ਦੇ ਸਨਸਨੀਖੇਜ਼ ਕਤਲ ਦੇ ਸਬੰਧ ਵਿੱਚ ਤਤਕਾਲੀ ਐੱਸ ਐੱਚ ਓ ਡੇਹਲੋਂ ਸੁਖਜਿੰਦਰ ਸਿੰਘ ਕੋਲ ਆਪਣੀ ਮੌਤ ਤੋਂ ਕਈ ਮਹੀਨੇ ਬਾਅਦ 19 ਸਤੰਬਰ ਨੂੰ ਆਪਣਾ ਬਿਆਨ ਦਰਜ ਕਰਵਾਇਆ ਸੀ। ਜਿਸ ਦੇ ਬਿਆਨ ਅਨੁਸਾਰ ਰੁਪਿੰਦਰ ਕੌਰ ਨੂੰ ਆਖਰੀ ਵਾਰ 12 ਜੁਲਾਈ 2025 ਨੂੰ ਕਿਲ੍ਹਾ ਰਾਇਪੁਰ ਦੇ ਇੱਕ ਘਰ ਵਿੱਚ ਦੇਖਿਆ ਗਿਆ ਸੀ, ਉਹ ਵੀ ਬਿਆਨਕਰਤਾ ਦੀ ਮੌਤ ਤੋਂ ਬਾਅਦ।

ਉਪਰੋਕਤ ਬਿਆਨ ਦੀ ਬਾਰੀਕੀ ਨਾਲ ਕੀਤੀ ਗਈ ਜਾਂਚ ਤੋਂ ਪਤਾ ਲੱਗਿਆ ਹੈ ਕਿ ਗੁਰਪ੍ਰੀਤ ਸਿੰਘ ਜੂਨ 2025 ਦੇ ਮਹੀਨੇ ਵਿੱਚ ਰੁਪਿੰਦਰ ਕੌਰ ਨੂੰ ਮਿਲਦਾ ਰਿਹਾ ਸੀ, ਉਸ ਨੇ 12 ਜੁਲਾਈ ਨੂੰ ਮੁੱਖ ਦੋਸ਼ੀ ਸੁਖਜੀਤ ਸਿੰਘ ਦੇ ਘਰ ਉਸ ਨੂੰ ਦੇਖਿਆ ਸੀ, ਉਸੇ ਦਿਨ ਰਾਤ 8 ਵਜੇ ਦੇ ਕਰੀਬ ਉਸਦੇ ਘਰੋਂ ਧੂੰਆਂ ਨਿਕਲਦਾ ਦੇਖਿਆ ਸੀ ਅਤੇ ਅਗਲੇ ਦਿਨ ਉਸ ਨੂੰ ਮੋਟਰਸਾਈਕਲ ’ਤੇ ਜੂਟ ਦਾ ਬੈਗ (ਜਿਸ ਵਿੱਚ ਕੌਰ ਦੀ ਦੇਹ ਸੀ) ਲਿਜਾਂਦੇ ਹੋਏ ਦੇਖਿਆ ਸੀ।

ਜਾਂਚ ਕਰ ਰਹੀ ਪੁਲੀਸ ਉਸ ਵੇਲੇ ਕਟਹਿਰੇ ਵਿੱਚ ਆ ਗਈ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮੁੱਦੇ ’ਤੇ ਅੱਜ 22 ਮਈ- 2026 ਤੱਕ ਸਪਸ਼ਟੀਕਰਨ ਮੰਗਿਆ ਸੀ, ਜਦੋਂ ਕਿਲ੍ਹਾ ਰਾਇਪੁਰ ਦੇ ਇੱਕ ਦੋਸ਼ੀ ਮਨਵੀਰ ਸਿੰਘ ਦੁਆਰਾ ਦਾਇਰ ਕੀਤੀ ਗਈ ਸੀ.ਆਰ.ਐਮ. ਅਗਲੀ ਸੁਣਵਾਈ ਲਈ ਸੂਚੀਬੱਧ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸੁਮੀਤ ਗੋਇਲ ਨੇ ਇਸ ਤੋਂ ਪਹਿਲਾਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲੀਸ (ਕਾਨੂੰਨ ਅਤੇ ਵਿਵਸਥਾ), ਪੰਜਾਬ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਅਦਾਲਤ ਵਿੱਚ ਹਲਫ਼ਨਾਮੇ ਰਾਹੀਂ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਦੇ ਨਿਰਦੇਸ਼ਾਂ ਤੋਂ ਬਾਅਦ ਹੀ ਐਸ.ਆਈ.ਟੀ. ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਤਤਕਾਲੀ ਐਸ.ਐਚ.ਓ. ਡੇਹਲੋਂ ਸੁਖਜਿੰਦਰ ਸਿੰਘ ਨੂੰ ਇਨ੍ਹਾਂ ਬੇਨਿਯਮੀਆਂ ਲਈ ਜ਼ਿੰਮੇਵਾਰ ਪਾਇਆ ਗਿਆ।

ਜਾਂਚ ਦੌਰਾਨ ਸੁਖਜਿੰਦਰ ਸਿੰਘ ਨੇ ਬਿਆਨ ਦਰਜ ਕਰਨ ਅਤੇ ਆਪਣੇ ਦਸਤਖ਼ਤ ਕਰਨ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ 4 ਅਕਤੂਬਰ 2025 ਨੂੰ ਉਨ੍ਹਾਂ ਦੇ ਤਬਾਦਲੇ ਤੋਂ ਬਾਅਦ ਫਾਈਲ ਐੱਚ ਸੀ ਸੰਜੀਵ ਕੁਮਾਰ ਕੋਲ ਰਹੀ ਸੀ। ਜ਼ਿਕਰਯੋਗ ਹੈ ਕਿ ਡੇਹਲੋਂ ਪੁਲੀਸ ਇੱਕ ਐੱਨ ਆਰ ਆਈ ਮਹਿਲਾ ਰੁਪਿੰਦਰ ਕੌਰ ਦੇ ਕਤਲ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ, ਜੋ ਜੁਲਾਈ 2025 ਦੇ ਮਹੀਨੇ ਵਿੱਚ ਕਿਲ੍ਹਾ ਰਾਇਪੁਰ ਦੇ ਸੁਖਜੀਤ ਸਿੰਘ ਅਤੇ ਮਨਵੀਰ ਸਿੰਘ ਦੇ ਘਰ ਰਹਿਣ ਦੌਰਾਨ ਲਾਪਤਾ ਹੋ ਗਈ ਸੀ। ਮਨਵੀਰ ਸਿੰਘ, ਜੋ ਕਿ ਸ਼ੱਕੀਆਂ ਵਿੱਚੋਂ ਇੱਕ ਹੈ, ਨੇ ਇੱਕ ਮ੍ਰਿਤਕ ਵਿਅਕਤੀ ਦੇ ਬਿਆਨ ਨੂੰ ਚੁਣੌਤੀ ਦਿੱਤੀ ਸੀ ਜੋ ਅਦਾਲਤ ਵਿੱਚ ਪੇਸ਼ ਕੀਤੀ ਗਈ ਚਾਰਜਸ਼ੀਟ ਦੇ ਨਾਲ ਨੱਥੀ ਹੈ।

# ਤੁਹਾਡੀ ਰਸੋਈ



## ਪਨੀਰ ਮੱਖਣੀ



ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

1 ਚਮਚ ਮੱਖਣ
ਚੁਟਕੀ ਇੱਕ ਜੀਰਾ
ਟਮਾਟਰ ਦੀ ਪਿਊਰੀ
ਤਾਜਾ ਕ੍ਰੀਮ 3/4 ਕੱਪ
ਨਮਕ ਸੁਆਦ ਮੁਤਾਬਕ
ਟਮਾਟਰ ਦੀ ਸਾਓਸ 2 ਚਮਚ
ਕਸ਼ਮੀਰੀ ਮਿਰਚ ਪਾਊਡਰ 1 ਚਮਚ
ਪਨੀਰ ਮਸਾਲਾ ਪਾਊਡਰ 1 ਚਮਚ
ਪਨੀਰ ਕੱਟਿਆ ਹੋਇਆ 200 ਗ੍ਰਾਮ
ਪਿਸੀ ਹੋਈ ਚੀਨੀ 1 ਚਮਚ
ਕਸੂਰੀ ਮੇਥੀ 1 ਚਮੱਚ

ਬਣਾਉਣ ਦੀ ਵਿਧੀ

ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।
ਮੱਖਣ ਪਿਘਲ ਜਾਣ 'ਤੇ ਉਸ ਵਿੱਚ ਜੀਰਾ ਪਾਓ
ਜੀਰੇ ਦੇ ਚਟਕਣ 'ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਟਮਾਟਰ ਪਿਊਰੀ ਵਿੱਚ ਉਬਾਲ ਆਉਣ 'ਤੇ ਤਾਜ਼ਾ ਕ੍ਰੀਮ ਮਿਲਾਓ।
ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।
ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ। ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।
ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।
ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

## ਚਟਪਟੀ ਫ਼ਰੂਟ ਚਾਟ



ਸਮੱਗਰੀ

150 ਗ੍ਰਾਮ ਉਬਲੇ ਆਲੂ
100 ਗ੍ਰਾਮ ਕੇਲਾ
150 ਗ੍ਰਾਮ ਸੇਬ
120 ਗ੍ਰਾਮ ਖੀਰਾ
50 ਗ੍ਰਾਮ ਲੋਬਿਆ ਉਬਲਿਆ ਹੋਇਆ
150 ਗ੍ਰਾਮ ਪਪੀਤਾ
1 ਚਮਚ ਲਾਲ ਮਿਰਚ
1 ਚਮਚ ਜੀਰਾ ਪਾਊਡਰ
1 ਚਮਚ ਹਰੀ ਮਿਰਚ
1 ਚਮਚ ਨਿੰਬੂ ਦਾ ਰਸ
3 ਚਮਚ ਇਮਲੀ ਦਾ ਪਲਪ
3 ਚਮਚ ਇਮਲੀ ਦੀ ਚਟਨੀ

ਬਣਾਉਣ ਦੀ ਵਿਧੀ

ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੋਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ।
ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ।
ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

## ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ

4-5 ਸਟ੍ਰਾਬਰੀ
11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ
1/4 ਕੱਪ ਮੈਪਲ ਸਿਰਪ
150 ਗ੍ਰਾਮ ਕੋਕੋਨਟ ਕ੍ਰੀਮ
2 ਚਮਚ ਕੋਕੋਨਟ ਤੇਲ
1 ਚਮਚ ਵਨੀਲਾ ਅਕਸਟ੍ਰੈਕਟ
200 ਗ੍ਰਾਮ ਡਾਰਕ ਚਾਕਲੇਟ



ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਸਟ੍ਰਾਬਰੀ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਉਹ ਸਖਤ ਹੋ ਜਾਵੇ। ਫ਼ਿਰ ਇਨ੍ਹਾਂ ਨੂੰ ਕੱਢ ਕੇ ਪੀਸ ਲਓ ਅਤੇ ਪਾਊਡਰ ਬਣਾ ਲਓ।
ਇੱਕ ਦੂਜੇ ਕਟੋਰੇ ਵਿੱਚ ਨਾਰੀਅਲ, ਮੈਪਲ ਸਿਰਪ, ਕੋਕੋਨਟ ਕ੍ਰੀਮ, ਵਨੀਲਾ ਅਕਸਟ੍ਰੈਕਟ ਅਤੇ ਕੋਕੋਨਟ ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ। ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।
ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।
ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ।
ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

# ਖ਼ੁਦ ਨਾਲ ਵੀ ਕਰੀਏ ਗੁ.ਫਤਗੂ

➢ ਦੀਪਤੀ ਬਬੂਟਾ



ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ 'ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ।

ਸਬੰਧਾਂ ਦੀ ਸਾਂਝ ਬਚਾਉਣ ਲਈ ਜੇਕਰ ਸਮੇਂ-ਸਮੇਂ 'ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗੁਫ਼ਤਗੂ ਕਰਨ ਲਈ ਆਪੇ 'ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ ਆਪੇ ਨਾਲ ਗੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ 'ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ 'ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ।



ਅੱਖਾਂ ਖੋਲ੍ਹ ਕੇ ਬਿਸਤਰੇ 'ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ। ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ ? ਮੈਂ ਕੀ ਹਾਂ ? ਮੈਂ ਕਿਉਂ ਹਾਂ ? ਮੈਂ ਕਿੱਥੇ ਹਾਂ ? ਮੈਂ ਕਿਸ ਲਈ ਹਾਂ ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ ? ਮਕਸਦ ਕੀ ਹੈ ?

ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ। ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੇਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫ਼ਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋਂ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ 'ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

**ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।**

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ। 98146-70707

# ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ



ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, 'ਉਸਤਤਿ ਅਤੇ ਤਾਅਰੀਫ਼' ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ। ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ 'ਚ ਰੱਖ ਕੇ ਵੀ ਆਨੰਦ ਲੈ ਸਕਦੇ ਹੋ, ਪਰ ਜੇ ਤੁਸੀਂ ਬੋਲ ਕੇ, ਸ਼ਬਦਾਂ ਰਾਹੀਂ ਲਿਖ ਕੇ, ਇਸ਼ਾਰਿਆਂ ਰਾਹੀਂ ਜਾਂ ਨਜ਼ਰਾਂ ਰਾਹੀਂ ਦੂਸਰਿਆਂ ਤਕ ਆਪਣੀ ਖ਼ੁਸ਼ੀ ਦਿਖਾ ਦਿੰਦੇ ਹੋ, ਇਹ ਅਜਿਹੀ ਪ੍ਰਸ਼ੰਸਾ ਹੈ, ਜਿਸ ਨਾਲ ਦੂਸਰੇ ਨੂੰ ਵੀ ਖ਼ੁਸ਼ੀ ਮਿਲਦੀ ਹੈ। ਇਹ ਖ਼ੁਸ਼ੀ ਦਾ ਪਸਾਰ-ਦੂਹਰਾ ਹੋ ਜਾਂਦਾ ਹੈ। ਤੁਹਾਨੂੰ ਖ਼ੁਸ਼ੀ ਮਿਲੀ ਹੈ ਅਤੇ ਜਿਸ ਦੀ ਤਾਰੀਫ਼ ਕੀਤੀ ਹੈ, ਉਸ ਨੂੰ ਤਾਂ ਮਿਲਣੀ ਹੀ ਹੈ।

ਸੱਚੀ ਪ੍ਰਸ਼ੰਸਾ ਉਹ ਹੈ ਜੋ ਦਿਲੋਂ ਕੀਤੀ ਜਾਵੇ, ਜਿਸ ਵਿੱਚ ਕੋਈ ਸੁਆਰਥ ਨਾ ਹੋਵੇ। ਜੋ ਪ੍ਰਸ਼ੰਸਾ ਆਪਣੇ ਲਾਭ ਅਤੇ ਸੁਆਰਥ ਲਈ ਕੀਤੀ ਜਾਵੇ, ਉਹ ਚਾਪਲੂਸੀ ਹੈ, ਚਮਚਾਗਿਰੀ ਹੈ ਜਾਂ ਫੂਕ ਦੇਣਾ ਕਹਿ ਸਕਦੇ ਹਾਂ। ਵਕਤੀ ਤੌਰ 'ਤੇ ਸ਼ਾਇਦ ਤੁਹਾਨੂੰ ਕੋਈ ਲਾਭ ਹੋ ਜਾਵੇ, ਪਰ ਦੂਸਰੇ ਵਾਸਤੇ ਤਾਂ ਮਗਰੋਂ ਹਾਨੀ ਅਤੇ ਪਛਤਾਵਾ ਹੀ ਹੈ। ਕਾਂ ਅਤੇ ਲੂੰਬੜੀ ਦੀ ਕਹਾਣੀ ਇਸ ਗੱਲ ਦਾ ਸਦੀਆਂ ਪੁਰਾਣਾ ਤੱਤ ਹੈ। ਲੂੰਬੜੀ ਜਾਣਦੀ ਸੀ ਕਿ ਕਾਂ ਦੀ ਕਾਂ-ਕਾਂ ਕਿੰਨੀ ਖਰਵੀ ਹੈ, ਪਰ ਮੂਰਖ ਕਾਂ ਉਸ ਦੀਆਂ ਮਿੱਠੀਆਂ ਗੱਲਾਂ ਵਿੱਚ ਫਸ ਗਿਆ। ਲੂੰਬੜੀ ਨੇ ਕਾਂ ਦੀ ਪ੍ਰਸ਼ੰਸਾ ਕੀਤੀ ? ਨਹੀਂ, ਚਾਪਲੂਸੀ ਕੀਤੀ। ਆਪਣਾ ਲਾਭ ਅਤੇ ਕਾਂ ਦਾ ਪਛਤਾਵਾ।

ਗੱਲ ਪੱਚੀ ਕੁ ਸਾਲ ਪੁਰਾਣੀ ਹੈ। ਮੇਰਾ ਪੋਤਰਾ ਜੁਗਨੂੰ ਫਰਸ਼ 'ਤੇ ਬੈਠਾ ਫੱਟੀ ਲਿਖਦਾ ਸੀ। ਲਿਖਾਈ ਠੀਕ-ਠਾਕ ਹੀ ਸੀ। ਮੈਂ ਅੱਖਾਂ ਦੇ ਇਸ਼ਾਰੇ ਨਾਲ ਦੱਸਿਆ ਕਿ ਲਿਖਾਈ ਵਧੀਆ ਹੈ। ਨਾਲ ਹੀ ਹਲਕਾ ਜਿਹਾ ਗਾ ਕੇ ਕਿਹਾ:

ਤੇਰੇ ਨਿੱਕੇ ਨਿੱਕੇ ਹੱਥਾਂ ਦੀ ਲਿਖਾਈ ਬੇਲੀਆ,
ਛਾਪੇ ਖਾਨੇ ਦੀ ਹੈ ਜਾਪਦੀ ਛਪਾਈ ਬੇਲੀਆ।

ਉਹ ਮੁਸਕਰਾਇਆ ਅਤੇ ਹੋਰ ਸੁਆਰ-ਸੁਆਰ ਕੇ ਲਿਖਣ ਲੱਗਾ। ਮੈਂ ਇਹ ਦੋ ਸਤਰਾਂ ਲਿਖ ਕੇ ਸਾਹਮਣੇ ਲਟਕਾ ਦਿੱਤੀਆਂ, ਜਿੱਥੇ ਬੈਠ ਕੇ ਉਹ ਲਿਖਦਾ ਸੀ। ਜਦ ਉਹ ਲਿਖਦਾ ਮੈਂ ਉਸ ਕਾਗ਼ਜ਼ ਵੱਲ ਇਸ਼ਾਰਾ ਕਰ ਦਿੰਦਾ, ਅੱਜ ਉਹ ਬਹੁਤ ਵਧੀਆ ਲਿਖਾਈ ਵਾਲਾ ਅਫ਼ਸਰ ਮੰਨਿਆ ਜਾਂਦਾ ਹੈ।

ਮੈਂ ਸੀਨੀਅਰ ਸਿਟੀਜਨ ਦਾ ਟੋਕਨ ਕਟਾ ਕੇ ਬੈਂਕ ਦੇ ਕਾਊਂਟਰ 'ਤੇ ਗਿਆ। ਬਾਬੂ ਬਹੁਤ ਰੁੱਝਿਆ ਹੋਇਆ, ਖਿਝਿਆ ਹੋਇਆ ਜਾਂ ਪਤਾ ਨਹੀਂ ਕੀ ਗੱਲ ਸੀ। ਮੇਰੇ ਵੱਲ ਦੇਖਿਆ, ਪਰ ਕੋਈ ਧਿਆਨ ਨਾ ਦਿੱਤਾ। ਮੈਂ ਦਸ ਕੁ ਮਿੰਟ ਖੜ੍ਹਾ ਰਿਹਾ। ਨਾਲ ਦੇ ਕਾਊਂਟਰ 'ਤੇ ਇੱਕ ਬੀਬੀ ਨੇ ਕੁਝ ਸੋਚਿਆ ਹੋਵੇਗਾ, ਮੈਨੂੰ ਇਸ਼ਾਰੇ ਨਾਲ ਬੁਲਾ ਲਿਆ। ਦੋ ਮਿੰਟ ਵਿੱਚ ਹੀ ਮੇਰਾ ਕੰਮ ਹੋ ਗਿਆ। ਮੈਂ ਇੱਕੋ ਵਾਕ ਬੋਲ ਕੇ ਉਸ ਦਾ ਧੰਨਵਾਦ ਕੀਤਾ, "ਬੇਟੀ, ਤੁਹਾਡੇ ਵਰਗੀਆਂ ਕੁੜੀਆਂ ਦੀ ਹਰ ਬੈਂਕ ਨੂੰ ਲੋੜ ਹੈ।" ਉਸ ਨੂੰ ਜ਼ਰੂਰ ਖ਼ੁਸ਼ੀ ਹੋਈ ਹੋਵੇਗੀ। ਹੁਣ ਵੀ ਮੇਰਾ ਕੰਮ ਖ਼ੁਸ਼ੀ-ਖ਼ੁਸ਼ੀ ਖਿੜੇ-ਮੱਥੇ ਅਤੇ ਛੇਤੀ ਹੋ ਜਾਂਦਾ ਹੈ, ਪਰ ਵਾਰੀ ਸਿਰ। ਸ਼ਾਇਦ ਪ੍ਰਸ਼ੰਸਾ ਕਾਰਨ।

ਮੈਂ ਦੇਖਦਾ ਸੀ ਕਿ ਇੱਕ ਵਿਦਿਆਰਥੀ ਮੇਰੇ ਘਰ ਅੱਗੋਂ ਦੀ ਲੰਘਦਾ ਸੀ। ਰੰਗ ਤਾਂ ਉਸ ਦਾ ਪੱਕਾ ਸੀ, ਪਰ ਪਗੜੀ ਬੜੀ ਵਧੀਆ ਹੁੰਦੀ ਸੀ। ਸਾਫ-ਸੁਥਰੀ, ਪੋਚਵੀਂ ਚਿਣਵੇਂ ਲੜ। ਮੈਨੂੰ ਚੰਗਾ ਲੱਗਾ। ਮੈਂ ਇੱਕ ਦਿਨ ਉਸ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ। ਉਸ ਦੀ ਪਗੜੀ ਬਾਰੇ ਪੁੱਛਿਆ, ਕਿਸ ਤੋਂ ਬੰਨ੍ਹਣੀ ਸਿੱਖੀ ? ਕਿੰਨਾ ਚਿਰ ਲੱਗਦਾ ਹੈ ? ਕਿੰਨੀਆਂ ਪੱਗਾਂ ਹਨ ? ਉਸ ਨੂੰ ਦੱਸਿਆ ਕਿ ਉਸ ਦੀ ਪੱਗ ਬਹੁਤ ਵਧੀਆ ਹੈ, ਬਹੁਤ ਫਬਦੀ ਹੈ। ਉਸ ਨੇ ਕਿਹਾ ਕੁਝ ਨਹੀਂ, ਪਰ ਉਹ ਬੜਾ ਖ਼ੁਸ਼ ਸੀ। ਹਫ਼ਤੇ ਕੁ ਮਗਰੋਂ ਫਿਰ ਮਿਲਿਆ, ਹੁਣ ਉਸ ਦੇ ਨਾਲ ਤਿੰਨ ਮੁੰਡੇ ਹੋਰ ਸਨ, ਵਧੀਆ ਪੱਗਾਂ ਵਾਲੇ।

**ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ।**

ਉਸ ਨੇ ਮੈਨੂੰ ਕਿਹਾ, "ਸਰ ਜੀ, ਇਨ੍ਹਾਂ ਨੂੰ ਵੀ ਮੈਂ ਵਧੀਆਂ ਪੱਗ ਬੰਨ੍ਹਣੀ ਸਿਖਾਈ ਹੈ।" ਅੱਜ ਉਹ ਹੋਰ ਵੀ ਖ਼ੁਸ਼ ਸੀ। ਬੇਸ਼ੱਕ ਤਿੰਨੇ ਗੱਲਾਂ ਆਮ ਅਤੇ ਛੋਟੀਆਂ ਹਨ, ਪਰ ਅੰਤਰੀਵ ਭਾਵ ਸ਼ਾਇਦ ਵੱਡਾ ਹੈ।

ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ। ਗੁਆਂਢੀ ਨੇ ਗਲੀ ਦੀ ਵਧੀਆ ਸਫ਼ਾਈ ਕਰਾਈ ਹੈ ਤਾਂ ਧੰਨਵਾਦੀ ਹੋਵੋ। ਆਪਣੇ ਬੱਚੇ ਦੇ ਚੰਗੇ ਅਧਿਆਪਕਾਂ ਨੂੰ ਸ਼ਬਦਾਂ ਰਾਹੀਂ ਮਾਣ ਅਤੇ ਖ਼ੁਸ਼ੀ ਦੇਵੋ, ਲਾਭ ਹੋਵੇਗਾ। ਆਪਣੇ ਸਾਥੀ ਦਾ ਨਵਾਂ ਘਰ ਦੇਖ ਕੇ ਖ਼ੁਸ਼ੀ ਪਰਗਟ ਕਰੋ ਅਤੇ ਸਜਾਵਟ ਦੀ ਤਾਰੀਫ਼ ਕਰੋ। ਮੈਂ ਤਾਂ ਕਹਿੰਦਾ ਹਾਂ ਜੇ ਗੋਲਗੱਪਿਆਂ ਵਾਲੇ ਦੀ ਰੇਹੜੀ, ਬਰਤਨ, ਪਾਣੀ, ਹੱਥ ਕੱਪੜਾ ਸਾਫ਼-ਸੁਥਰਾ ਹੈ ਤਾਂ ਉਹ ਵੀ ਪ੍ਰਸ਼ੰਸਾ ਦਾ ਹੱਕਦਾਰ ਹੈ। ਉਹ ਹੋਰ ਵੱਧ ਸਫ਼ਾਈ ਰੱਖੇਗਾ। ਤੁਸੀਂ ਸੋਚਦੇ ਹੋਵੋਗੇ ਇਹ ਕੀ ਛੋਟੀਆਂ-ਛੋਟੀਆਂ ਗੱਲਾਂ ਹਨ, ਪਰ ਇਹ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਹਨ। ਪ੍ਰਸ਼ੰਸਾ ਦੇ ਮੌਕੇ ਰੋਜ਼ ਆਉਂਦੇ ਹਨ, ਕਰ ਕੇ ਤਾਂ ਦੇਖੋ।

ਸੰਪਰਕ: 85668-54081

# ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾਓ

-ਡਾ: ਨਿਸ਼ਾਨ ਸਿੰਘ ਰਾਠੌਰ

ਮੌਜੂਦਾ ਦੌਰ ਵਿਚ ਸਕੂਲੀ ਬੱਚੇ ਕਈ ਪ੍ਰਕਾਰ ਦੇ ਮਨੋਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਬੱਚਿਆਂ ਵਿਚ ਤਣਾਓ ਵਧ ਰਿਹਾ ਹੈ। ਉਹ ਚਾਹੇ ਪੜ੍ਹਾਈ ਦਾ ਤਣਾਓ ਹੋਵੇ, ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਹੋਵੇ ਜਾਂ ਸਰੀਰ ਵਿਚ ਹੋ ਰਹੇ ਪਰਿਵਰਤਨ ਦਾ ਹੋਵੇ। ਅਜੋਕੇ ਸਮੇਂ 5 ਤੋਂ 15 ਸਾਲ ਤੱਕ ਉਮਰ ਦੇ ਬੱਚੇ ਤਣਾਓ ਦਾ ਸ਼ਿਕਾਰ ਜ਼ਿਆਦਾ ਗਿਣਤੀ ਵਿਚ ਹੋ ਰਹੇ ਹਨ। ਇਸ ਤਣਾਓ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚਿਆਂ ਵਿਚ ਆਤਮ-ਵਿਸ਼ਵਾਦ ਦੀ ਕਮੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਆਤਮ-ਵਿਸ਼ਵਾਸ ਦੀ ਕਮੀ ਕਾਰਨ ਬੱਚਿਆਂ ਵਿਚ ਹੀਣ ਭਾਵਨਾ ਘਰ ਕਰ ਗਈ ਹੈ। ਇਸ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾ ਸਕਦੇ ਹਨ ?

ਬੱਚਿਆਂ ਦੇ ਮਾਤਾ-ਪਿਤਾ ਅਕਸਰ ਹੀ ਮਨੋਵਿਗਿਆਨੀਆਂ ਤੋਂ ਸਲਾਹ ਲੈਂਦੇ ਰਹਿੰਦੇ ਹਨ ਕਿ ਕਿਸ ਪ੍ਰਕਾਰ ਹੀਣ ਭਾਵਨਾ ਨਾਲ ਗ੍ਰਸਤ ਬੱਚੇ ਦਾ ਆਤਮ-ਵਿਸ਼ਵਾਸ ਮੁੜ ਤੋਂ ਵਧਾਇਆ ਜਾ ਸਕਦਾ ਹੈ ? ਕਿਵੇਂ ਬੱਚੇ ਦੇ ਮਨ 'ਚੋਂ ਡਰ ਅਤੇ ਹੀਣ ਭਾਵਨਾ ਕੱਢੀ ਜਾਵੇ ? ਅਜੋਕੇ ਸਮੇਂ ਵਿਚ ਜੇਕਰ ਮਾਤਾ-ਪਿਤਾ ਹੇਠ ਲਿਖੇ ਕੁਝ ਨਿਯਮਾਂ ਦਾ ਪਾਲਣ ਕਰਨ ਤਾਂ ਹੀਣ ਭਾਵਨਾ ਨਾਲ ਗ੍ਰਸਤ ਸਕੂਲੀ ਬੱਚਿਆਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਮੁੜ ਤੋਂ ਪੈਦਾ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਹ ਪਛਾਣ ਕਿਸ ਤਰ੍ਹਾਂ ਹੋਵੇ ਕਿ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਹੋ ਗਿਆ ਹੈ ਅਤੇ ਉਸ ਵਿਚ ਆਤਮ-ਵਿਸ਼ਵਾਸ ਦੀ ਕਮੀ ਹੈ। ਇਸ ਪਛਾਣ ਦੇ ਕੁਝ ਲੱਛਣ ਇਸ ਪ੍ਰਕਾਰ ਹਨ-

× ਬੱਚਾ ਘੱਟ ਬੋਲਣ ਲਗਦਾ ਹੈ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ ਅਤੇ ਆਪਣੇ ਮਨ ਦੀ ਗੱਲ ਦੱਸਣ ਤੋਂ ਸੰਕੋਚ ਕਰਦਾ ਹੈ। × ਪੜ੍ਹਾਈ ਵਿਚ ਧਿਆਨ ਨਹੀਂ ਦੇਵੇਗਾ। × ਹੀਣ ਭਾਵਨਾ ਨਾਲ ਗ੍ਰਸਤ ਬੱਚਾ ਇਕੱਲਾ ਬੈਠਣਾ ਪਸੰਦ ਕਰੇਗਾ, ਜਿੱਥੇ ਪਰਿਵਾਰ ਦੇ ਮੈਂਬਰ ਬੈਠਣਗੇ, ਉਹ ਉਸ ਜਗ੍ਹਾ ਤੋਂ ਦੂਰ ਜਾਵੇਗਾ। × ਆਪਣੇ ਕੱਪੜਿਆਂ ਦੀ ਸਾਫ਼-ਸਫ਼ਾਈ ਵੱਲ ਬਹੁਤਾ ਧਿਆਨ ਨਹੀਂ ਦੇਵੇਗਾ ਅਤੇ ਗੰਦੇ ਕੱਪੜੇ/ਬੂਟ ਆਦਿ ਪਾ ਕੇ ਰੱਖੇਗਾ।× ਉਹ ਆਪਣੇ ਕਮਰੇ ਵਿਚ ਹੀ ਬੈਠਣਾ ਪਸੰਦ ਕਰੇਗਾ, ਬਾਹਰ ਦੋਸਤਾਂ ਨਾਲ ਘੁੰਮਣ-ਫਿਰਨ ਤੋਂ ਗੁਰੇਜ਼ ਕਰੇਗਾ। × ਅਜਿਹੇ ਬੱਚੇ ਜ਼ਿੱਦੀ ਸੁਭਾਅ ਦੇ ਹੋ ਜਾਂਦੇ ਹਨ। ਜੇਕਰ ਮਾਤਾ-ਪਿਤਾ ਕਿਸੇ ਕੰਮ ਤੋਂ ਮਨ੍ਹਾਂ ਕਰਦੇ ਹਨ ਤਾਂ ਇਹ ਉਸ ਕੰਮ ਨੂੰ ਕਰਦੇ ਹਨ, ਜਿਹੜਾ ਮਾਤਾ-ਪਿਤਾ ਨੇ ਮਨ੍ਹਾਂ ਕੀਤਾ ਹੁੰਦਾ ਹੈ।

ਆਤਮ-ਵਿਸ਼ਵਾਸ ਕਿਵੇਂ ਦਿਵਾਈਏ ?

× ਬੱਚੇ ਵਿਚ ਹੀਣ ਭਾਵਨਾ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਕਰਨ ਦੀ ਕੋਸ਼ਿਸ਼ ਕਰੋ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਚੰਗੇ ਮਨੋਵਿਗਿਆਨੀ ਨਾਲ ਗੱਲਬਾਤ ਕਰੋ।
× ਬੱਚੇ ਨਾਲ ਦੋਸਤਾਂ ਵਾਂਗ ਪੇਸ਼ ਆਓ ਅਤੇ ਉਸ ਨਾਲ ਹਾਸਾ-ਮਜ਼ਾਕ ਕਰੋ, ਤਾਂ ਕਿ ਉਹ ਖੁਸ਼ ਹੋ ਸਕੇ।
× ਬੱਚੇ ਨਾਲ ਮਾਰ-ਕੁੱਟ ਜਾਂ ਗਾਲੀ-ਗਲੋਚ ਨਾ ਕਰੋ ਅਤੇ ਭੁੱਲ ਕੇ ਵੀ ਕਦੇ ਤਾਹਨੇ-ਮਿਹਣੇ ਨਾ ਮਾਰੋ। ਨਹੀਂ ਤਾਂ ਬੱਚਾ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਹੋ ਸਕਦਾ ਹੈ।
× ਬੱਚੇ ਨੂੰ ਖਾਣੇ ਵਿਚ ਉਸ ਦੀ ਪਸੰਦ ਪੁੱਛੋ ਅਤੇ ਉਸ ਲਈ ਵਿਸ਼ੇਸ਼ ਤੌਰ 'ਤੇ ਉਹ ਖਾਣਾ ਬਣਾਓ, ਜਿਹੜਾ ਉਸ ਨੂੰ ਪਸੰਦ ਹੈ।
× ਸਾਰੇ ਪਰਿਵਾਰਕ ਜੀਅ ਇਕੱਠੇ ਬੈਠ ਕੇ ਟੀ.ਵੀ. ਦੇਖੋ ਜਾਂ ਫ਼ਿਲਮ ਵਗੈਰਾ ਦੇਖੋ, ਤਾਂ ਕਿ ਉਹ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇ।
× ਬੱਚੇ ਨਾਲ ਬਾਹਰ ਘੁੰਮਣ ਲਈ ਨਿਕਲੋ ਅਤੇ ਉਸ ਦੇ ਦੋਸਤਾਂ-ਮਿੱਤਰਾਂ ਦੇ ਘਰ ਜਾਓ।
× ਬੱਚੇ ਨੂੰ ਪਿਆਰ ਨਾਲ ਸਕੂਲ ਦਾ ਕੰਮ ਕਰਵਾਓ। ਉਸ ਨੂੰ ਪੜ੍ਹਾਈ ਦੀ ਅਹਿਮੀਅਤ ਬਾਰੇ ਜਾਣਕਾਰੀ ਦਿਓ।
× ਬੱਚੇ ਦੀਆਂ ਕਮੀਆਂ ਉਸ ਦੇ ਯਾਰਾਂ-ਦੋਸਤਾਂ ਦੇ ਸਾਹਮਣੇ ਨਾ ਦੱਸੋ।
× ਆਪਣੇ ਬੱਚੇ ਦੀ ਤੁਲਨਾ ਦੂਜੇ ਬੱਚਿਆਂ ਨਾਲ ਨਾ ਕਰੋ, ਕਿਉਂਕਿ ਹਰ ਬੱਚੇ ਦੇ ਸੋਚਣ ਅਤੇ ਕੰਮ ਕਰਨ ਦੀ ਯੋਗਤਾ ਵੱਖਰੀ-ਵੱਖਰੀ ਹੁੰਦੀ ਹੈ।
× ਸਕੂਲ ਵਿਚ ਜਾ ਕੇ ਉਸ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਮਦਦ ਲਈ ਬੇਨਤੀ ਕਰੋ।
× ਬੱਚੇ ਸਾਹਮਣੇ ਆਪਣੇ ਪਤੀ/ਪਤਨੀ ਨਾਲ ਲੜਾਈ-ਝਗੜਾ ਨਾ ਕਰੋ, ਨਹੀਂ ਤਾਂ ਬੱਚੇ ਦੇ ਮਨ 'ਤੇ ਬੁਰਾ ਪ੍ਰਭਾਵ ਪੈਂਦਾ ਹੈ।
× ਬੱਚੇ ਨੂੰ ਉਸ ਦੀਆਂ ਪਸੰਦ ਦੀਆਂ ਵਸਤਾਂ ਜਿਵੇਂ ਕੱਪੜੇ, ਬੂਟ, ਖਿਡੌਣੇ ਅਤੇ ਮਨੋਰੰਜਨ ਦੀਆਂ ਚੀਜ਼ਾਂ ਲੈ ਕੇ ਦਿਓ।

# ਸਿੱਖ ਇਤਿਹਾਸ ਬਾਰੇ ਪੈਦਾ ਭੰਬਲਭੂਸਾ ਮੰਦਭਾਗਾ

## ਸਿਆਸੀ ਲਾਭ ਲਈ ਅਕਾਲੀ ਸਿਆਸਤਦਾਨ ਸਿਲੇਬਸ ਦੀ ਤਬਦੀਲੀ ਨੂੰ 'ਪੰਥਕ ਸੰਕਟ' ਦੱਸਣ ਲੱਗੇ, ਕਾਂਗਰਸੀਆਂ ਲੰਮੇਂ ਹੱਥੀਂ ਲਏ

ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ +1 ਅਤੇ +2 ਜਮਾਤਾਂ ਦੇ ਸਿਲੇਬਸ ਵਿਚੋਂ ਸਿੱਖ ਇਤਿਹਾਸ ਬਾਰੇ ਅਹਿਮ ਅਧਿਆਇ ਕੱਢਣਾ ਯਕੀਨੀ ਤੌਰ 'ਤੇ ਬੇਹੱਦ ਗੰਭੀਰ ਵਿਸ਼ਾ ਹੈ। ਇਸ ਮਾਮਲੇ ਨੂੰ ਕਦੇ ਵੀ ਅੱਖੋਂ ਪ੍ਰੋਖੇ ਨਹੀਂ ਕਰ ਸਕਦੇ। ਅਸਲ ਵਿਚ ਸਿਲੇਬਸ ਨਾਲ ਕਿਹੋ ਜਿਹੀ 'ਛੇੜਛਾੜ' ਕੀਤੀ ਗਈ ਹੈ, ਇਸ ਬਾਰੇ ਵੱਖੋ-ਵੱਖਰੀਆਂ ਧਾਰਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਕ ਧਿਰ ਦਾ ਕਹਿਣਾ ਹੈ ਕਿ ਕੁਝ ਪ੍ਰਕਾਸ਼ਕ ਜਾਣ-ਬੁੱਝ ਕੇ ਇਹ ਮਸਲਾ ਖੜ੍ਹਾ ਕਰ ਰਹੇ ਹਨ ਕਿਉਂਕਿ ਹੁਣ ਉਨ੍ਹਾਂ ਦੀਆਂ ਕਿਤਾਬਾਂ ਨਹੀਂ ਵਿਕਣਗੀਆਂ। ਇਸੇ ਲਈ ਵੀਰਵਾਰ ਨੂੰ ਪੰਜਾਬ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਗਾਈਡ ਜਾਂ ਸਹਾਇਕ ਪੁਸਤਕ 'ਤੇ ਪਾਬੰਦੀ ਲਾ ਦਿੱਤੀ ਹੈ। ਸਰਕਾਰ ਦਾ ਦਾਅਵਾ ਹੈ ਕਿ ਸਿਲੇਬਸ ਸਾਰਾ ਪਹਿਲਾਂ ਵਾਲਾ ਹੈ; ਉਸ ਨੂੰ ਸਿਰਫ਼ 9ਵੀਂ, 10ਵੀਂ ਤੇ 11ਵੀਂ ਜਮਾਤ ਦੇ ਸਿਲੇਬਸਾਂ ਵਿਚ ਵੰਡ ਦਿੱਤਾ ਗਿਆ ਹੈ। +2 ਦੀ ਪੁਰਾਣੀ ਕਿਤਾਬ ਦੀ ਤੁਲਨਾ 11ਵੀਂ ਦੀ ਨਵੀਂ ਕਿਤਾਬ ਨਾਲ ਕੀਤੀ ਗਈ ਹੈ। ਇੰਝ ਸਗੋਂ ਨਵਾਂ ਭੰਬਲਭੂਸਾ ਪੈਦਾ ਹੋ ਗਿਆ ਹੈ। ਇਤਿਹਾਸ ਰਚਣ ਵਾਲਿਆਂ ਨੂੰ ਹੀ ਇਤਿਹਾਸ ਵਿਚੋਂ ਖ਼ਾਰਜ ਕਰ ਦਿੱਤਾ ਗਿਆ ਹੈ। ਸੱਚਮੁਚ ਅਜਿਹਾ ਵਿਵਾਦ ਬੇਹੱਦ ਮੰਦਭਾਗਾ ਹੈ। ਸਰਕਾਰ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਤੋਂ ਸਾਫ਼ ਇਨਕਾਰ ਕੀਤਾ ਹੈ। ਪੰਜਾਬ ਵਿਚ ਇਹ ਵੇਲਾ ਅਜਿਹੇ ਭੰਬਲਭੂਸੇ ਤੇ ਭਰਮ-ਭੁਲੇਖੇ ਪੈਦਾ ਕਰਨ ਦਾ ਨਹੀਂ, ਸਗੋਂ ਖ਼ਾਲੀ ਖ਼ਜ਼ਾਨੇ ਭਰਨ ਦੇ ਨਵੇਂ ਤਰੀਕੇ ਲੱਭਣ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਕੇ ਪੰਜਾਬ ਨੂੰ ਤਰੱਕੀ ਦੇ ਨਵੇਂ ਰਾਹਾਂ 'ਤੇ ਤੋਰਨ ਦਾ ਹੈ। 'ਪੰਜਾਬੀ ਜਾਗਰਣ' ਨੇ ਇਸ ਸਾਰੇ ਵਿਸ਼ੇ 'ਤੇ ਧਿਆਨ ਕੇਂਦਰਤ ਕਰਨ ਦਾ ਜਤਨ ਕਰਦਿਆਂ ਆਪਣੇ ਪਾਠਕਾਂ ਸਾਹਮਣੇ ਪੂਰੀ ਤੇ ਸਹੀ-ਸਹੀ ਜਾਣਕਾਰੀ ਰੱਖਣ ਦਾ ਜਤਨ ਕੀਤਾ ਹੈ। ਪੇਸ਼ ਹੈ ਇਸ ਬਾਰੇ ਖ਼ਾਸ ਰਿਪੋਰਟ:



ਸਿੱਖ ਜਰਨੈਲ ਬੰਦਾ ਸਿੰਘ ਬਹਾਦਰ ਦਾ ਚਿੱਤਰ।

### ਸਿੱਖ ਇਤਿਹਾਸ ਨਾਲ ਸਬੰਧਤ ਇਹ ਅਧਿਆਇ ਕੱਢੇ ਗਏ ਸਿਲੇਬਸ 'ਚੋਂ

ਪੰਜਾਬ ਦੀਆਂ ਭੂਗੋਲਕ ਵਿਸ਼ੇਸ਼ਤਾਵਾਂ ਤੇ ਇਸ ਦਾ ਇਤਿਹਾਸ 'ਤੇ ਪ੍ਰਭਾਵ ਸਬੰਧਤ ਅਧਿਆਇ, 16ਵੀਂ ਸਦੀ ਦੇ ਅੰਰਭ ਵਿਚ ਪੰਜਾਬ ਦੀ ਸਿਆਸੀ, ਸਮਾਜਕ ਤੇ ਆਰਥਿਕ ਦਸ਼ਾ ਨਾਲ ਸਬੰਧਤ ਅਧਿਆਇ, ਗੁਰੂ ਅਰਜਨ ਦੇਵ ਸਾਹਿਬ ਜੀ ਤੇ ਉਨ੍ਹਾਂ ਦੀ ਸ਼ਹੀਦੀ ਨਾਲ ਸਬੰਧਤ ਅਧਿਆਇ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਸਬੰਧਤ ਅਧਿਆਇ, ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਅਧਿਆਇ, ਅਬਦੁਸ ਸਮਦ ਖ਼ਾਂ, ਮੀਰ ਮੰਨੂੰ ਦਾ ਸਿੱਖਾਂ ਨਾਲ ਸਬੰਧਤ ਅਧਿਆਇ, ਦਲ ਖ਼ਾਲਸਾ ਨਾਲ ਸਬੰਧਤ ਅਧਿਆਇ, ਮੁਗ਼ਲਾਂ ਅਧੀਨ ਪੰਜਾਬ ਦੀ ਸਮਾਜਕ ਤੇ ਆਰਥਿਕ ਦਸ਼ਾ ਸਬੰਧੀ ਅਧਿਆਇ, ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਤੇ ਪੰਜਾਬ ਵਿਚ ਮੁਗ਼ਲ ਸ਼ਾਸਨ ਦਾ ਪਤਨ ਸਬੰਧੀ ਅਧਿਆਇ, ਸਿੱਖ ਮਿਸਲਾਂ ਦੀ ਉੱਤਪਤੀ ਤੇ ਵਿਕਾਸ ਅਤੇ ਉਨ੍ਹਾਂ ਦਾ ਸਰੂਪ ਅਤੇ ਸੰਗਠਨ ਨਾਲ ਸਬੰਧਤ ਅਧਿਆਇ, ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੇ ਜਿੱਤਾਂ ਸਬੰਧੀ ਅਧਿਆਇ, ਅੰਗਰੇਜ਼-ਸਿੱਖਾ ਸਬੰਧ 1800-1839 ਨਾਲ ਸਬੰਧਤ ਅਧਿਆਇ, ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਿਸਤਾਨ ਨਾਲ ਸਬੰਧ ਅਤੇ ਉਸ ਦੀ ਉੱਤਰ-ਪੱਛਮੀ ਸੀਮਾ ਸਬੰਧੀ ਨੀਤੀ ਨਾਲ ਸਬੰਧਤ ਅਧਿਆਇ, ਮਹਾਰਾਜਾ ਰਣਜੀਤ ਸਿੰਘ ਦਾ ਸਿਵਲ ਤੇ ਫ਼ੌਜੀ ਸ਼ਾਸਨ ਪ੍ਰਬੰਧ ਨਾਲ ਸਬੰਧਤ ਅਧਿਆਇ, ਮਹਾਰਾਜਾ ਰਣਜੀਤ ਸਿੰਘ ਦਾ ਚਰਿੱਤਰ ਅਤੇ ਸ਼ਖ਼ਸੀਅਤ ਸਬੰਧੀ ਅਧਿਆਇ, ਪਹਿਲਾ ਐਂਗਲੋ-ਸਿੱਖ ਯੁੱਧ - ਕਾਰਨ ਅਤੇ ਸਿੱਟੇ ਨਾਲ ਸਬੰਧਤ ਅਧਿਆਇ, ਦੂਜਾ ਐਂਗਲੋ-ਸਿੱਖ ਯੁੱਧ - ਕਾਰਨ ਅਤੇ ਸਿੱਟੇ; ਪੰਜਾਬ ਨੂੰ ਮਿਲਾਉਣ ਨਾਲ ਸਬੰਧਤ ਅਧਿਆਇ ਹੁਣ ਸਿਲੇਬਸ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਦੀ ਥਾਂ 'ਤੇ ਵਿਸ਼ਵ ਇਤਿਹਾਸ ਨਾਲ ਸਬੰਧਤ ਹੇਠ ਲਿਖੇ ਅਧਿਆਇ ਜੋੜ ਦਿੱਤੇ ਗਏ ਹਨ।

### ਹੁਣ ਕੀ ਹੈ +2 ਦੇ ਸਿਲੇਬਸ ਵਿਚ

ਹੁਣ ਪੰਜਾਬ ਦੇ ਇਤਿਹਾਸ ਨੂੰ +2 ਜਮਾਤ ਦੇ ਸਿਲੇਬਸ ਵਿਚੋਂ ਕੱਢ ਕੇ +1 ਜਮਾਤ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ਭਾਗ-1 'ਚ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਸਿਰਫ਼ ਛੇ ਅਧਿਆਇ ਹੀ ਸ਼ਾਮਲ ਕੀਤੇ ਗਏ ਹਨ।

ਭਾਗ-1 (ਪੰਜਾਬ ਦਾ ਇਤਿਹਾਸ)

1. ਪੰਜਾਬ ਦੇ ਇਤਿਹਾਸ ਦੇ ਸਰੋਤ: ਗੁਰੂ ਕਾਲ ਦੇ ਸੰਦਰਭ ਵਿਚ
2. ਗੁਰੂ ਨਾਨਕ ਸਾਹਿਬ ਯਾਤਰਾਵਾਂ ਤੇ ਸਿੱਖਿਆਵਾਂ
3. ਸਿੱਖ ਧਰਮ ਦਾ ਵਿਕਾਸ ਤੇ ਸਿੱਖ ਗੁਰੂਆਂ ਦਾ ਯੋਗਦਾਨ
4. ਸਿੱਖ ਧਰਮ ਦਾ ਰੂਪਾਂਤਰਨ
5. ਖ਼ਾਲਸਾ ਪੰਥ ਦੀ ਸਥਾਪਨਾ
6. ਚਾਰ ਸਾਹਿਬਜ਼ਾਦੇ

ਭਾਗ-2 (ਵਿਸ਼ਵ ਦਾ ਇਤਿਹਾਸ)

1. ਬਦਲਦੀਆਂ ਹੋਈਆਂ ਪਰੰਪਰਾਵਾਂ ਤੇ ਨਵੇਂ ਸਭਿਆਚਾਰ ਦਾ ਅੰਰਭ
2. ਉਦਯੋਗਿਕ ਕ੍ਰਾਂਤੀ
3. ਬਸਤੀਵਾਦ
4. ਪੂਰਬੀ ਏਸ਼ੀਆ ਵਿਚ ਰਾਸ਼ਟਰਵਾਦ ਦਾ ਉਭਾਰ
5. ਬਸਤੀਵਾਦ ਵਿਚ ਰਾਸ਼ਟਰੀ ਆਜ਼ਾਦੀ ਅੰਦੋਲਨ

### +1 ਤੇ +2 ਦੇ ਸਿਲੇਬਸ 'ਚ ਇੰਝ ਹੋਈ ਗੜਬੜ

ਪੰਜਾਬ ਸਕੂਲ ਸਿੱਖਿਆ ਬੋਰਡ ਦੇ +2 ਦੇ ਵਿਦਿਆਰਥੀ ਪਿਛਲੇ 30 ਵਰ੍ਹਿਆਂ ਤੋਂ ਪੰਜਾਬ ਦਾ ਇਤਿਹਾਸ ਪੜ੍ਹਦੇ ਆ ਰਹੇ ਹਨ, ਜਿਸ ਵਿਚ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਭਾਗ-ੳ ਵਿਚ 10 ਅਧਿਆਇ ਸਨ, ਜਿਨ੍ਹਾਂ ਦਾ ਵੇਰਵਾ ਇਹ ਹੈ:

1. ਪੰਜਾਬ ਦੀਆਂ ਭੂਗੋਲਕ ਖ਼ੂਬੀਆਂ ਤੇ ਉਨ੍ਹਾਂ ਦਾ ਇਸ ਦੇ ਇਤਿਹਾਸ 'ਤੇ ਪ੍ਰਭਾਵ
2. ਪੰਜਾਬ ਦੇ ਇਤਿਹਾਸ ਦੇ ਸੋਮੇ
3. 16ਵੀਂ ਸਦੀ ਦੇ ਅੰਰਭ ਵਿਚ ਪੰਜਾਬ ਦੀ ਸਿਆਸੀ, ਸਮਾਜਕ ਤੇ ਆਰਥਿਕ ਦਸ਼ਾ
4. ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਸਿੱਖਿਆਵਾਂ
5. ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਅਧੀਨ ਸਿੱਖ ਧਰਮ ਦਾ ਵਿਕਾਸ
6. ਗੁਰੂ ਅਰਜਨ ਦੇਵ ਸਾਹਿਬ ਤੇ ਉਨ੍ਹਾਂ ਦੀ ਸ਼ਹੀਦਤ
7. ਗੁਰੂ ਹਰਗੋਬਿੰਦ ਸਾਹਿਬ ਤੇ ਸਿੱਖ ਧਰਮ ਦਾ ਰੂਪਾਂਤਰਨ
8. ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਦੀ ਸ਼ਹੀਦੀ
9. ਗੁਰੂ ਗੋਬਿੰਦ ਸਿੰਘ ਜੀ, ਖ਼ਾਲਸਾ ਪੰਥ ਦੀ ਸਿਰਜਣਾ, ਉਨ੍ਹਾਂ ਦੀਆਂ ਲੜਾਈਆਂ ਤੇ ਸ਼ਖ਼ਸੀਅਤ
10. ਬਾਬਾ ਬੰਦਾ ਸਿੰਘ ਬਹਾਦਰ

ਭਾਗ-ਅ 'ਚ ਹੇਠ ਲਿਖੇ 12 ਅਧਿਆਇ ਸ਼ਾਮਲ ਸਨ:

1. ਅਬਦੁਸ ਸਮਦ ਖ਼ਾਂ, ਜ਼ਕਰੀਆ ਖ਼ਾਂ ਤੇ ਮੀਰ ਮੰਨੂੰ; ਉਨ੍ਹਾਂ ਦੇ ਸਿੱਖਾਂ ਨਾਲ ਸਬੰਧ (ਇਸ ਅਧਿ ਆਇ ਵਿਚ ਭਾਈ ਮਨੀ ਸਿੰਘ ਦੀ ਸ਼ਹੀਦਤ, ਭਾਈ ਬੋਤਾ ਸਿੰਘ ਸੰਧੂ ਦੀ ਸ਼ਹੀਦੀ, ਭਾਈ ਮਹਿਤਾਬ ਸਿੰਘ ਦੀ ਸ਼ਹੀਦੀ ਤੇ ਭਾਈ ਸੁੱਖਾ ਸਿੰਘ ਦੀ ਸ਼ਹੀਦੀ, ਭਾਈ ਹਕੀਕਤ ਰਾਏ ਦੀ ਸ਼ਹੀਦੀ ਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੇ ਛੋਟੇ ਘੱਲੂਘਾਰੇ ਬਾਰੇ ਜਾਣਕਾਰੀ ਮਿਲਦੀ ਹੈ)।
2. ਦਲ ਖ਼ਾਲਸਾ ਦਾ ਚੜ੍ਹਤ ਤੇ ਇਸ ਦੀ ਯੁੱਧ ਪ੍ਰਣਾਲੀ
3. ਮੁਗ਼ਲਾਂ ਅਧੀਨ ਪੰਜਾਬ ਦੀ ਸਮਾਜਕ ਤੇ ਆਰਥਿਕ ਹਾਲਤ
4. ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿਚ ਮੁਗ਼ਲ ਹਕੂਮਤ ਦਾ ਪਤਨ (ਪਾਨੀਪਤ ਦੀ ਤੀਜੀ ਲੜਾਈ ਤੇ ਵੱਡੇ ਘੱਲੂਘਾਰੇ ਬਾਰੇ ਵਿਸਥਾਰਤ ਜਾਣਕਾਰੀ ਮਿਲਦੀ ਹੈ)
5. ਸਿੱਖ ਮਿਸਲਾਂ ਦੀ ਉਤਪਤੀ ਤੇ ਵਿਕਾਸ ਅਤੇ ਉਨ੍ਹਾਂ ਦਾ ਸਰੂਪ ਤੇ ਸੰਗਠਨ
6. ਰਣਜੀਤ ਸਿੰਘ ਦਾ ਜੀਵਨ ਤੇ ਜਿੱਤਾਂ
7. ਅੰਗਰੇਜ਼-ਸਿੱਖ ਸਬੰਧ, 1800-1803 ਈ.
8. ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਿਸਤਾਨ ਨਾਲ ਸਬੰਧ ਤੇ ਉਸ ਦੀ ਉੱਤਰ-ਪੱਛਮੀ ਸਰਹੱਦੀ ਬਾਰੇ ਨੀਤੀ
9. ਰਣਜੀਤ ਸਿੰਘ ਦਾ ਸਿਵਲ ਤੇ ਫ਼ੌਜੀ ਸ਼ਾਸਨ ਪ੍ਰਬੰਧ
10. ਮਹਾਰਾਜਾ ਰਣਜੀਤ ਸਿੰਘ ਦਾ ਕਿਰਦਾਰ ਤੇ ਸ਼ਖ਼ਸੀਅਤ
11. ਪਹਿਲਾ ਐਂਗਲੋ-ਸਿੱਖ ਯੁੱਧ - ਕਾਰਨ ਤੇ ਸਿੱਟੇ
12. ਦੂਜਾ ਐਂਗਲੋ-ਸਿੱਖ ਯੁੱਧ - ਕਾਰਨ ਤੇ ਸਿੱਟੇ; ਪੰਜਾਬ ਦਾ ਮਿਲਾਉਣਾ

### ਨਵੇਂ ਸਿਲੇਬਸ 'ਚ ਇਹ ਅਹਿਮ ਤੱਥ ਕੀਤੇ ਗਏ ਅੱਖੋਂ ਪ੍ਰੋਖੇ

ਪੰਜਾਬ ਦੇ ਇਤਿਹਾਸ ਨਾਲ ਸਬੰਧਤ ਉਪਰੋਕਤ ਸਿਲੇਬਸ 'ਚੋਂ ਬਾਹਰ ਕੱਢੇ ਗਏ ਅਧਿਆਇਵਾਂ ਦੇ ਵਿਸਥਾਰਤ ਅਧਿਐਨ ਨਾਲ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਸੀ। ਬੋਰਡ ਵੱਲੋਂ ਨੈੱਟ 'ਤੇ ਜਾਰੀ ਪੁਸਤਕ ਵਿਚ ਇਤਿਹਾਸ ਦੇ ਇਨ੍ਹਾਂ ਕਈ ਵਡਮੁੱਲੇ ਤੱਥਾਂ ਨੂੰ ਅੱਖੋਂ ਪ੍ਰੋਖੇ ਕੀਤਾ ਗਿਆ ਹੈ:



ਮਹਾਰਾਜਾ ਰਣਜੀਤ ਸਿੰਘ।

**1** ਜ਼ਕਰੀਆ ਖ਼ਾਂ ਦੇ ਸਮੇਂ ਅੱਗੇ ਲਿਖੇ ਪ੍ਰਮੁੱਖ ਸਿੱਖਾਂ ਦੀ ਸ਼ਹੀਦੀ ਦਾ ਕੋਈ ਜ਼ਿਕਰ ਨਹੀਂ ਹੈ - ਭਾਈ ਮਨੀ ਸਿੰਘ ਦੀ ਸ਼ਹੀਦੀ, ਭਾਈ ਬੋਤਾ ਸਿੰਘ ਸੰਧੂ ਤੇ ਭਾਈ ਗਰਜਾ ਸਿੰਘ ਰੰਗਰੇਟਾ, ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ, ਭਾਈ ਹਕੀਕਤ ਰਾਏ ਤੇ ਭਾਈ ਤਾਰੂ ਸਿੰਘ ਦੀਆਂ ਸ਼ਹਾਦਤਾਂ ਅਤੇ ਉਨ੍ਹਾਂ ਦੇ ਬਹਾਦਰੀ ਦੇ ਕਾਰਨਾਮਿਆਂ ਦਾ ਕੋਈ ਵਰਨਣ ਨਹੀਂ ਹੈ।

**2** ਅਧਿਆਇ 9 ਵਿਚ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਦਲ ਖ਼ਾਲਸਾ, ਮਿਸਲਾਂ, ਗੁਰਮਤਾ, ਮਹਾਰਾਜਾ ਰਣਜੀਤ ਸਿੰਘ ਬਾਰੇ ਇਤਿਹਾਸਕ ਜਾਣਕਾਰੀ ਸਿਰਫ਼ 20 ਪੰਨਿਆਂ ਵਿਚ ਦਿੱਤੀ ਗਈ ਹੈ। ਕਈ ਅਹਿਮ ਇਤਿਹਾਸਕ ਤੱਥਾਂ ਨੂੰ ਅੱਖੋਂ ਪ੍ਰੋਖੇ ਕੀਤਾ ਗਿਆ ਹੈ, ਜਿਵੇਂ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਕੋਈ ਜ਼ਿਕਰ ਨਹੀਂ ਹੈ। ਕਈ ਅਜਿਹੀਆਂ ਜਾਣਕਾਰੀਆਂ, ਜਿਨ੍ਹਾਂ ਦੀ ਕੋਈ ਜ਼ਿਆਦਾ ਇਤਿਹਾਸਕ ਅਹਿਮੀਅਤ ਨਹੀਂ ਹੈ, 'ਤੇ ਲੋੜ ਤੋਂ ਵੱਧ ਜ਼ੋਰ ਦਿੱਤਾ ਗਿਆ ਹੈ; ਉਦਾਹਰਣ ਵਜੋਂ ਪੰਨਾ ਨੰ. 158 'ਤੇ ਕੋਹਿਨੂਰ ਹੀਰੇ ਬਾਰੇ ਪੂਰੇ ਪੰਨੇ ਦਾ ਵਰਨਣ ਕੀਤਾ ਗਿਆ ਹੈ, ਜਦ ਕਿ ਪੰਨਾ ਨੰ. 151 ਤੇ 152 'ਤੇ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਬਾਰੇ ਜਾਣਕਾਰੀ ਸਿਰਫ਼ ਇਕ-ਇਕ ਪੈਰੇ ਵਿਚ ਸਮੇਟੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਤੇ ਜਿੱਤਾਂ, ਉਨ੍ਹਾਂ ਦੇ ਪ੍ਰਸ਼ਾਸਨ, ਉਨ੍ਹਾਂ ਦੇ ਚਰਿੱਤਰ ਤੇ ਸ਼ਖ਼ਸੀਅਤ ਬਾਰੇ, ਉਨ੍ਹਾਂ ਦੇ ਅੰਗ੍ਰੇਜ਼ਾਂ ਨਾਲ ਸਬੰਧ ਬਾਰੇ ਜਾਣਕਾਰੀ ਹੈ ਤੇ ਕਈ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।



ਸਿੱਖ ਜਰਨੈਲ ਹਰੀ ਸਿੰਘ ਨਲੂਆ ਦਾ ਚਿੱਤਰ।

- ਸਿਲੇਬਸ ਨੂੰ ਬਦਲਣ ਲਈ ਪਹਿਲਾਂ +1 ਜਮਾਤ ਦਾ ਸਿਲੇਬਸ ਬਦਲਣ ਦੀ ਲੋੜ ਸੀ ਤੇ ਫਿਰ +2 ਜਮਾਤ ਦਾ ਬਦਲਣਾ ਚਾਹੀਦਾ ਸੀ, ਤਾਂ ਜੋ ਪਹਿਲਾਂ ਜਿਹੜੇ ਵਿਦਿਆਰਥੀਆਂ ਨੇ ਪੰਜਾਬ ਦਾ ਇਤਿਹਾਸ ਨਹੀਂ ਪੜ੍ਹਿਆ, ਉਹ +2 ਜਮਾਤ ਵਿਚ ਪੰਜਾਬ ਦਾ ਇਤਿਹਾਸ ਪੜ੍ਹ ਸਕਦੇ। ਇਹ ਸਿਲੇਬਸ ਨਾਲ ਸਬੰਧ ਵੱਡੀ ਗ਼ਲਤੀ ਹੈ, ਜਿਸ ਨੂੰ ਠੀਕ ਕਰਨ ਦੀ ਜ਼ਰੂਰਤ ਹੈ।
- ਪੁਸਤਕ ਲਿਖਣ ਦੀ ਸ਼ੈਲੀ ਸੀਬੀਐੱਸਈ ਪੈਟਰਨ ਵਾਲੀ ਹੈ, ਜਦ ਕਿ ਅਜਿਹਾ ਕੋਈ ਪੈਟਰਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦੂਜੇ ਵਿਸ਼ਿਆਂ 'ਚ ਨਹੀਂ ਹੈ। ਉਦਾਹਰਣ ਵਜੋਂ ਕਿਤਾਬ ਦੇ ਹਰੇਕ ਅਧਿਆਇ ਵਿਚ ਥਾਂ-ਥਾਂ 'ਤੇ ਸਰਗਰਮੀਆਂ ਕਰਨ ਦਾ ਵਰਨਣ ਹੈ, ਜਿਹੜਾ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਗਏ ਦੂਜੇ ਵਿਸ਼ਿਆਂ ਦੇ ਪ੍ਰਸ਼ਨ-ਪੱਤਰ ਦੀ ਬਣਤਰ ਨਾਲ ਮੇਲ ਨਹੀਂ ਖਾਂਦਾ।

### ਕਿਵੇਂ ਠੀਕ ਹੋ ਸਕਦੀ ਹੈ ਗ਼ਲਤੀ?

- ਇੰਟਰਨੈੱਟ 'ਤੇ 11ਵੀਂ ਜਮਾਤ ਦੇ ਸਿਲੇਬਸ ਦਾ ਕੋਈ ਵਿਸਥਾਰਤ ਵਰਨਣ ਨਹੀਂ ਕੀਤਾ ਗਿਆ। ਸੂਬੇ ਦੇ ਇਤਿਹਾਸ ਨਾਲ ਸਬੰਧਤ ਸਿਰਫ਼ ਛੇ ਅਧਿਆਇਵਾਂ ਦਾ ਵਰਨਣ ਹੈ। ਬੋਰਡ ਤੋਂ ਮਿਲੀ ਜਾਣਕਾਰੀ ਮੁਤਾਬਕ ਹਾਲੇ ਕਿਤਾਬ ਲਿਖਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਸਬੰਧੀ ਬੋਰਡ ਵੱਲੋਂ ਲਿਖੀ ਜਾ ਰਹੀ ਕਿਤਾਬ ਨੂੰ ਵੇਖਣਾ ਬਹੁਤ ਜ਼ਰੂਰੀ ਹੈ ਕਿ ਗੁਰੂ-ਕਾਲ ਨਾਲ ਸਬੰਧਤ ਕਿਹੜੇ-ਕਿਹੜੇ ਇਤਿਹਾਸਕ ਤੱਥਾਂ ਨੂੰ ਕਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਤਾਂ ਜੋ ਕਈ ਵੱਡੀ ਭੁੱਲ ਤੋਂ ਬਚਿਆ ਜਾ ਸਕੇ।
- ਹਰੇਕ ਅਧਿਆਇ ਦੇ ਅੰਤ ਵਿਚ ਦਿੱਤੇ ਗਏ ਪ੍ਰਸ਼ਨਾਂ ਦੀ ਸ਼ੈਲੀ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦੂਜੇ ਵਿਸ਼ਿਆਂ ਦੀ ਸ਼ੈਲੀ ਨਾਲ ਮੇਲ ਨਹੀਂ ਖਾਂਦੀ। ਮਿਸਾਲ ਵਜੋਂ ਇਕ ਪ੍ਰਸ਼ਨ 'ਕੰਪਰੀਹੈਂਸ਼ਨ' 'ਤੇ ਅਧਾਰਤ ਹੈ, ਜੋ ਹੋਰ ਕਿਸੇ ਵਿਸ਼ੇ ਵਿਚ ਨਹੀਂ ਦਿੱਤਾ ਗਿਆ। ਪ੍ਰਸ਼ਨ ਪੱਤਰਾਂ ਦੀ ਰੂਪ-ਰੇਖਾ ਇਕੋ ਜਿਹੀ ਹੋਣੀ ਚਾਹੀਦੀ ਹੈ ਤਾਂ ਜੋ ਇਤਿਹਾਸ ਦੇ ਵਿਦਿਆਰਥੀ ਦੂਜੇ ਵਿਸ਼ਿਆਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਘਾਟੇ ਵਿਚ ਨਾ ਰਹਿਣ।
- ਕਿਤਾਬ ਲਿਖਣ ਵਿਚ ਕਾਫ਼ੀ ਕਾਹਲ਼ ਕੀਤੀ ਗਈ ਲੱਗਦੀ ਹੈ। ਪੁਸਤਕ ਦੇ ਅੰਰਭ ਵਿਚ ਸਿਲੇਬਸ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਸਿਲੇਬਸ ਤੋਂ ਬਗ਼ੈਰ ਕਿਤਾਬ ਲਿਖਣਾ ਆਪਣੇ-ਆਪ ਵਿਚ ਇਕ ਵੱਡੀ ਕਮੀ ਹੈ।
- ਪੁਸਤਕ ਦੀ ਵਿਸ਼ਾ-ਸਮੱਗਰੀ ਨੂੰ ਦੋਬਾਰਾ ਤੋਂ ਰੀਵਿਊ ਕੀਤੇ ਜਾਣ ਦੀ ਖ਼ਾਸੀ ਲੋੜ ਹੈ ਅਤੇ ਇਸ ਸਬੰਧੀ ਸੁਝਾਅ ਪੰਜਾਬ ਦੇ ਇਤਿਹਾਸ ਨੂੰ ਪੜ੍ਹਾਉਣ ਵਾਲੇ ਲੈਕਚਰਾਰਾਂ ਤੋਂ ਲਏ ਜਾਣ।

### ਸਿੱਖ ਇਤਿਹਾਸ

ਨੂੰ ਸਿਲੇਬਸ 'ਚੋਂ ਬਾਹਰ ਕੱਢਣ ਨਾਲ ਸਬੰਧਤ

#### ਕੁਝ ਅਹਿਮ ਤੇ ਭਖਦੇ ਮੁੱਦੇ

- ਪੰਜਾਬ ਦੇ ਇਨ੍ਹਾਂ ਅਧਿਆਇਵਾਂ ਨੂੰ ਸਿਲੇਬਸ 'ਚੋਂ ਕਿਉਂ ਬਾਹਰ ਕੱਢਿਆ ਗਿਆ, ਇਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਦੋਸ਼ ਇਹ ਲਾਇਆ ਜਾ ਰਿਹਾ ਹੈ ਕਿ ਇਹ ਸਭ ਕਿਸੇ ਸਾਜ਼ਿਸ਼ ਅਧੀਨ ਕੀਤਾ ਗਿਆ ਹੈ। ਇਸ ਬਾਰੇ ਕਿਹੜੀ ਵਾਜਿਬ ਕਾਰਵਾਈ ਕਰਨ ਦੀ ਲੋੜ ਹੈ, ਤਾਂ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇੰਝ ਕਰਨ ਤੋਂ ਰੋਕਿਆ ਜਾ ਸਕੇ - ਇਸ ਵੇਲੇ ਇਹ ਵੱਡਾ ਸੁਆਲ ਆਮ ਪੰਜਾਬੀਆਂ ਤੇ ਸਰਕਾਰ ਸਾਹਵੇਂ ਹੈ।
- ਸੂਬੇ ਦੇ ਇਤਿਹਾਸ ਨਾਲ ਸਬੰਧਤ ਬੇਹੱਦ ਅਹਿਮ ਅਧਿਆਇ ਪਹਿਲਾ ਐਂਗਲੋ-ਸਿੱਖ ਯੁੱਧ ਅਤੇ ਦੂਜੇ ਐਂਗਲੋ-ਸਿੱਖ ਯੁੱਧ ਬਾਰੇ ਕੋਈ ਵਿਸਥਾਰਤ ਜਾਣਕਾਰੀ ਨਹੀਂ ਦਿੱਤੀ ਗਈ। ਸਫ਼ਾ 165 'ਤੇ ਪਹਿਲੇ ਐਂਗਲੋ-ਸਿੱਖ ਯੁੱਧ ਬਾਰੇ ਸਿਰਫ਼ ਇਕ ਸਤਰ ਵਿਚ ਜ਼ਿਕਰ ਹੈ ਅਤੇ ਦੂਜੇ ਐਂਗਲੋ-ਸਿੱਖ ਯੁੱਧ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ। ਇਹ ਆਪਣੇ ਆਪ ਵਿਚ ਇਤਿਹਾਸਕ ਤੱਥਾਂ ਨਾਲ ਕੀਤੀ ਗਈ 'ਛੇੜਛਾੜ' ਦੀ ਵੱਡੀ ਉਦਾਹਰਨ ਹੈ।
- ਕੋਈ ਇਤਿਹਾਸਕ ਕਿਤਾਬ ਲਿਖਣ ਸਮੇਂ ਕਾਲਕ੍ਰਮ ਦੀ ਖ਼ਾਸ ਅਹਿਮੀਅਤ ਹੁੰਦੀ ਹੈ। ਇਸ ਕਿਤਾਬ ਵਿਚ ਵਿਸ਼ਾ ਮਾਹਿਰ ਨੇ ਇਸ ਸਬੰਧੀ ਕੁਝ ਵੱਡੀਆਂ ਗ਼ਲਤੀਆਂ ਕੀਤੀਆਂ ਹਨ। ਉਦਾਹਰਣ ਵਜੋਂ ਅਧਿਆਇ 9 ਵਿਚ 'ਆਜ਼ਾਦੀ ਵੱਲ ਭਾਰਤ' ਤਾਂ ਪਹਿਲਾਂ ਦਿੱਤਾ ਹੈ ਤੇ ਬਾਅਦ ਵਿਚ ਅਧਿਆਇ 10 'ਸਿੱਖ ਰਾਜ ਵੱਲ' ਦਿੱਤਾ ਗਿਆ ਹੈ - ਇਹ ਕਾਲਕ੍ਰਮ ਬਿਲਕੁਲ ਮੇਲ ਨਹੀਂ ਖਾਂਦਾ।
- +1 ਜਮਾਤ ਦੇ ਜਿਹੜੇ ਲੱਖਾਂ ਵਿਦਿਆਰਥੀਆਂ ਨੇ ਪਹਿਲਾਂ ਤੋਂ ਮੁਲਕ ਦਾ ਇਤਿਹਾਸ ਪੜ੍ਹਿਆ ਹੈ, ਉਨ੍ਹਾਂ ਨੂੰ ਮੁੜ ਤੋਂ ਉਹੀ ਸਿਲੇਬਸ +2 ਵਿਚ ਦੁਹਰਾਇਆ ਜਾ ਰਿਹਾ ਹੈ। ਇਨ੍ਹਾਂ ਲੱਖਾਂ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ ਨੂੰ ਪੜ੍ਹਨ ਤੋਂ ਵਾਂਝਾ ਕੀਤਾ ਜਾ ਰਿਹਾ ਹੈ।
- +1 ਅਤੇ +2 ਜਮਾਤ ਦੇ ਇਤਿਹਾਸ ਨਾਲ ਸਬੰਧਤ ਜਿਹੜਾ ਸਿਲੇਬਸ ਹੁਣ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤਾ ਗਿਆ ਹੈ, ਉਸ ਵਿਚ ਸਿਰਫ਼ ਅਧਿਆਇਵਾਂ ਦਾ ਵਰਨਣ ਕੀਤਾ ਗਿਆ ਹੈ ਤੇ ਉਨ੍ਹਾਂ ਦਾ ਅੱਗੋਂ ਉੱਪ-ਭਾਗ ਦਾ ਕੋਈ ਵਰਨਣ ਨਹੀਂ ਕੀਤਾ ਗਿਆ; ਜਿਵੇਂ ਵੱਖੋ-ਵੱਖਰੇ ਅਧਿਆਇ ਨਾਲ ਸਬੰਧਤ ਕਿਹੜੀ ਵਿਸ਼ਾ ਸਮੱਗਰੀ ਵਿਦਿਆਰਥੀਆਂ ਨੇ ਪੜ੍ਹਨੀ ਹੈ। ਪ੍ਰਸ਼ਨ ਪੱਤਰ ਦੀ ਰੂਪ ਰੇਖਾ ਦਾ ਕੋਈ ਜ਼ਿਕਰ ਨਹੀਂ ਹੈ। ਇਹ ਸਭ ਜਲਦਬਾਜ਼ੀ ਵਿਚ ਕੀਤਾ ਗਿਆ ਲੱਗਦਾ ਹੈ, ਦੀ ਘੋਖ ਜ਼ਰੂਰੀ ਹੈ।
- ਕਿਤਾਬ ਦੇ ਅੰਰਭ 'ਤੇ ਕੇਵਲ ਇਤਿਹਾਸ ਲਿਖਿਆ ਗਿਆ ਹੈ, ਕਿਸ ਦਾ ਇਤਿਹਾਸ ਹੈ - ਇਸ ਬਾਰੇ ਕੋਈ ਵਰਨਣ ਨਹੀਂ।
- ਪੁਸਤਕ ਦੇ ਲਿਖਾਰੀ ਬਾਰੇ ਕੁਝ ਪਤਾ ਨਹੀਂ ਲੱਗਦਾ, ਸਿਰਫ਼ 'ਵਿਕਾਸ ਕਮੇਟੀ' ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਦੇ ਸਾਰੇ ਮੈਂਬਰ ਪੰਜਾਬ ਤੇ ਦਿੱਲੀ ਯੂਨੀਵਰਸਿਟੀ ਨਾਲ ਸਬੰਧਤ ਹਨ। ਇਸ ਕਿਤਾਬ ਵਿਚ ਦਿੱਤੀ ਗਈ ਵਿਸ਼ਾ-ਸਮੱਗਰੀ ਦਾ ਵੇਰਵਾ ਬਹੁਤ ਔਖੇ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਜੋ ਆਮ ਵਿਦਿਆਰਥੀ ਦੀ ਸਮਝ ਵਿਚ ਨਹੀਂ ਆ ਸਕਦਾ।

# ਪ੍ਰੀਖਿਆ ਦੇਣ ਆਇਆਂ ਨੂੰ ਕੱਢਿਆ ਬਾਹਰ

ਸ਼ਾਮ ਸਿੰਘ ਘੁੰਮਣ, ਦੀਨਾਨਗਰ

ਪੀਟੀਯੂ ਕੈਂਪਸ ਦੋਦਵਾਂ ਦੇ ਬੀਟੈੱਕ ਕੰਪਿਊਟਰ ਸਾਇੰਸ ਚੌਥੇ ਸਮੈਸਟਰ ਦੇ ਡੇਢ ਦਰਜਨ ਵਿਦਿਆਰਥੀਆਂ ਨੂੰ ਇਮਤਿਹਾਨ ਨਹੀਂ ਦੇਣ ਦਿੱਤਾ। ਕਾਲਜ ਪ੍ਰਬੰਧਕਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਵਿਦਿਆਰਥੀਆਂ ਦੀ ਲਾਪਰਵਾਹੀ ਕਾਰਨ ਐਡਮਿਟ ਕਾਰਡ ਬਣਾਉਣ ਵਿਚ ਹੋਈ ਦੇਰੀ ਕਾਰਨ ਇਹ ਪੇਪਰ ਰੱਦ ਕੀਤਾ ਗਿਆ ਹੈ ਜਿਸ ਦੀ ਤਰੀਕ ਦੁਬਾਰਾ ਨਿਸ਼ਚਿਤ ਕੀਤੀ ਜਾਵੇਗੀ। ਵੀਰਵਾਰ ਨੂੰ ਕਾਲਜ ਦੇ ਬੀਟੈੱਕ ਕੰਪਿਊਟਰ ਸਾਇੰਸ ਚੌਥੇ ਭਾਗ ਦਾ ਇਮਤਿਹਾਨ ਦੇਣ ਲਈ ਕਾਲਜ ਪਹੁੰਚੇ ਵਿਦਿਆਰਥੀਆਂ ਸ਼ਸ਼ੀ ਦੇਵ, ਰੁਪਿੰਦਰ ਕੌਰ, ਨਵਪ੍ਰੀਤ ਕੌਰ, ਅੰਜਲੀ, ਸੁਨੀਤਾ, ਨਵਨੀਤ ਕੁਮਾਰੀ, ਵੈਸ਼ਾਲੀ, ਸੁਖਵਿੰਦਰ ਕੌਰ, ਪੂਨਮ ਬਾਲਾ, ਰਾਕੇਸ਼ ਕੁਮਾਰ, ਸੰਦੀਪ ਕੁਮਾਰ, ਅਭਿਸ਼ੇਕ ਸ਼ਰਮਾ, ਰਮੇਸ਼ ਕੁਮਾਰ, ਪੂਨਮ ਕੁਮਾਰੀ ਅਤੇ ਰਾਕੇਸ਼ ਸੈਣੀ ਨੇ ਦੱਸਿਆ ਕਿ ਅੱਜ ਉਨ੍ਹਾਂ ਦਾ ਵਿਸ਼ੇ ਦਾ ਫਾਈਨਲ ਇਮਤਿਹਾਨ ਸੀ। ਉਨ੍ਹਾਂ ਦੱਸਿਆ ਕਿ ਉਹ ਸਵੇਰੇ ਸਮੇਂ ਸਿਰ ਪੇਪਰ ਹਾਲ ਵਿਚ ਪਹੁੰਚ ਗਏ ਸਨ ਪਰ ਕੁਝ ਦੇਰ ਮਗਰੋਂ ਉਨ੍ਹਾਂ ਨੂੰ ਇਹ ਕਹਿੰਦਿਆਂ ਪੇਪਰ ਹਾਲ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਕਿ ਤੁਹਾਡੀ ਹਾਜ਼ਰੀ ਪੂਰੀ ਨਹੀਂ ਹੈ, ਇਸ ਲਈ ਤੁਸੀਂ ਪੇਪਰ ਨਹੀਂ ਦੇ ਸਕਦੇ। ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਤੋਂ ਪਹਿਲਾਂ ਕਦੇ ਵੀ ਨੋਟਿਸ ਬੋਰਡ ਰਾਹੀਂ ਘੱਟ ਹਾਜ਼ਰੀ ਸਬੰਧੀ ਸੂਚਿਤ ਨਹੀਂ ਕੀਤਾ ਗਿਆ ਜਦੋਂਕਿ ਉਨ੍ਹਾਂ ਦੀ ਹਾਜ਼ਰੀ ਪੂਰੀ ਹੈ ਜਿਸ ਦੀ ਤਸਦੀਕ ਬਾਇਓਮੀਟਰਕ ਮਸ਼ੀਨ 'ਤੇ ਕੀਤੀ ਜਾ ਸਕਦੀ ਹੈ।

ਵਿਦਿਆਰਥੀਆਂ ਨੇ ਪੀਟੀਯੂ ਮੈਨੇਜਮੈਂਟ ਅਤੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਵਿਦਿਆਰਥੀਆਂ ਨੇ ਕਿਹਾ ਕਿ ਕੈਂਪਸ ਮੈਨੇਜਮੈਂਟ ਵੱਲੋਂ ਜਾਣਬੁੱਝ ਕੇ ਉਨ੍ਹਾਂ ਦੇ ਐਡਮਿਟ ਕਾਰਡ ਦੇਰੀ ਨਾਲ ਤਿਆਰ ਕੀਤੇ ਗਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਪਰੇਸ਼ਾਨ ਕੀਤਾ ਜਾ ਸਕੇ।



ਇਮਤਿਹਾਨ ਤੋਂ ਬਾਹਰ ਕੱਢੇ ਗਏ ਪੀਟੀਯੂ ਦੋਦਵਾਂ ਕੈਂਪਸ ਦੇ ਵਿਦਿਆਰਥੀ।

#### ਪ੍ਰੀਖਿਆਰਥੀ ਪਰੇਸ਼ਾਨ

- ਪ੍ਰਸ਼ਾਸਨਿਕ ਲਾਪਰਵਾਹੀ ਦਾ ਖਮਿਆਜ਼ਾ ਭੁਗਤਣਾ ਪਿਆ
- ਪ੍ਰਬੰਧਕਾਂ ਨੇ ਵਿਦਿਆਰਥੀਆਂ ਸਿਰ ਭੰਨਿਆ ਭਾਂਡਾ

#### ਆਪਣੇ ਤੌਰ 'ਤੇ ਇਮਤਿਹਾਨ ਰੱਦ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ : ਵੀਸੀ

ਜਦੋਂ ਇਸ ਸਬੰਧੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਜੇ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਮਾਮਲੇ ਪ੍ਰਤੀ ਅਗਿਆਨਤਾ ਪ੍ਰਗਟ ਕਰਦਿਆਂ ਕਿਹਾ ਕਿ ਕਿਸੇ ਵੀ ਕੰਟਰੋਲਰ ਨੂੰ ਇਮਤਿਹਾਨ ਰੱਦ ਕਰਨ ਦਾ ਅਧਿਕਾਰ ਨਹੀਂ ਹੈ। ਬਾਕੀ ਉਹ ਮਾਮਲੇ ਦੀ ਜਾਂਚ ਕਰਵਾਉਣ ਉਪਰੰਤ ਹੀ ਕੁਝ ਦੱਸ ਸਕਣਗੇ।

## ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

ਪ੍ਰਤਾਪ ਸਿੰਘ, ਤਰਨਤਾਰਨ : ਐੱਸਟੀਐੱਫ ਦੀ ਪੁਲਿਸ ਨੇ ਦੋ ਲੋਕਾਂ ਨੂੰ 150 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਐੱਸਟੀਐੱਫ ਦੇ ਇੰਚਾਰਜ ਸੁਖਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਕਿ ਦੋ ਵਿਅਕਤੀ ਕਸ਼ਮੀਰ ਤੋਂ ਹੈਰੋਇਨ ਲਿਆ ਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਸਪਲਾਈ ਕਰਦੇ ਹਨ। ਸੂਚਨਾ 'ਤੇ ਸਬ ਇੰਸਪੈਕਟਰ ਰਣਜੀਤ ਸਿੰਘ ਨੇ ਪੁਲਿਸ ਪਾਰਟੀ ਸਮੇਤ ਜੀਟੀ ਰੋਡ ਮੋੜ ਆਫੀਸਰ ਐਵਨਿਊ ਕਾਲੋਨੀ ਤਰਨਤਾਰਨ ਕੋਲ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਫੜੇ ਗਏ ਵਿਅਕਤੀਆਂ ਦੀ ਪਛਾਣ ਅਬਦਲ ਕਉਮ ਖੁਆਜਾ ਪੁੱਤਰ ਯੂਸਫ ਖੁਆਜਾ ਵਾਸੀ ਕੁੱਪਵਾੜਾ ਕਸ਼ਮੀਰ ਤੇ ਲਤੀਫ ਮੁੱਗਲ ਵਾਸੀ ਆਵਰਾਂ ਜ਼ਿਲ੍ਹਾ ਕੁੱਪਵਾੜਾ ਕਸ਼ਮੀਰ ਵਜੋਂ ਹੋਈ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ 75-75 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਰੰਧਾਵਾ ਨੇ ਦੱਸਿਆ ਕਿ ਫੜੇ ਗਏ ਉਕਤ ਮੁਲਜ਼ਮ ਸਾਲਾਂ ਤੋਂ ਕੰਮ ਕਰਦੇ ਆ ਰਹੇ ਸਨ। ਉਹ ਕਸ਼ਮੀਰ 'ਚੋਂ ਹੈਰੋਇਨ ਲਿਆ ਕੇ ਤਰਨਤਾਰਨ, ਹਰੀਕੇ, ਫਿਰੋਜ਼ਪੁਰ ਤੇ ਜਲਾਲਾਬਾਦ ਏਰੀਏ ਵਿਚ ਹੈਰੋਇਨ ਵੇਚਦੇ ਸਨ।

# ਸਿੱਖ ਇਤਿਹਾਸ ਨਾਲ ਨਾ ਕਰੋ ਛੇੜਛਾੜ

ਨਿਰਮਲ ਸਿੰਘ ਮਾਨਸ਼ਾਹੀਆ, ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਸਕੂਲ ਸਿੱਖਿਆ ਬੋਰਡ ਦੀਆਂ ਕਿਤਾਬਾਂ 'ਚੋਂ ਸਿੱਖ ਇਤਿਹਾਸ ਹਟਾਉਣ ਦੇ ਮਾਮਲੇ ਵਿਚ ਘੇਰਨ ਦੀ ਰਣਨੀਤੀ ਉਲੀਕੀ ਹੈ। ਪਾਰਟੀ ਦੀ ਵੀਰਵਾਰ ਨੂੰ ਹੋਈ ਕੋਰ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਅਕਾਲੀ-ਭਾਜਪਾ ਦੇ ਸੀਨੀਅਰ ਲੀਡਰਾਂ ਦਾ ਸਾਂਝਾ ਵਫ਼ਦ ਸੂਬੇ ਦੇ ਰਾਜਪਾਲ ਨੂੰ (ਅੱਜ) ਸ਼ੁੱਕਰਵਾਰ ਨੂੰ ਮਿਲੇਗਾ। ਅਕਾਲੀ ਲੀਡਰਸ਼ਿਪ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਕਿ ਇਤਿਹਾਸ ਨੂੰ ਸਕੂਲ ਸਿੱਖਿਆ ਬੋਰਡ ਦੀਆਂ ਕਿਤਾਬਾਂ ਵਿਚੋਂ ਖ਼ਤਮ ਕਰਨ ਦੀ ਸਾਜਿਸ਼ ਨੂੰ ਰੋਕਿਆ ਜਾਵੇ ਨਹੀਂ ਤਾਂ ਸੰਘਰਸ਼ ਕੀਤਾ ਜਾਵੇਗਾ। ਕੋਰ ਕਮੇਟੀ ਦੀ ਮੀਟਿੰਗ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ। ਮੀਟਿੰਗ ਦੇ ਏਜੰਡਿਆਂ ਸਬੰਧੀ ਮਿਲੀ ਜਾਣਕਾਰੀ ਮੁਤਾਬਕ ਅਕਾਲੀ-ਭਾਜਪਾ ਦਾ ਉੱਚ ਪੱਧਰੀ ਵਫ਼ਦ ਕੱਲ ਨੂੰ 11 ਵਜੇ ਪੰਜਾਬ ਦੇ ਰਾਜਪਾਲ ਨੂੰ ਮਿਲੇਗਾ ਅਤੇ ਉਨ੍ਹਾਂ ਨੂੰ ਇਸ ਮਾਮਲੇ ਵਿਚ ਨਿੱਜੀ ਦਖ਼ਲ ਦੇ ਕੇ ਇਹ ਯਕੀਨੀ ਬਣਾਉਣ ਦੀ ਬੇਨਤੀ ਕਰੇਗਾ ਕਿ 11ਵੀਂ ਤੇ 12ਵੀ ਕਲਾਸਾਂ ਦੇ ਵਿਦਿਆਰਥੀਆਂ ਨੂੰ ਉਹੀ ਇਤਿਹਾਸ ਪੜ੍ਹਾਇਆ ਜਾਵੇ। ਕੋਰ ਕਮੇਟੀ ਮੀਟਿੰਗ 'ਚ ਸੁਖਬੀਰ ਨੇ ਫੈਸਲਾ ਕੀਤਾ ਕਿ ਸਿਆਸੀ ਮਾਮਲਿਆਂ ਦੀ ਕਮੇਟੀ, ਵਰਕਿੰਗ ਕਮੇਟੀ, ਜਨਰਲ ਕੌਂਸਲ, ਸਾਰੇ ਸਿਆਸੀ ਸਲਾਹਕਾਰਾਂ ਤੇ ਪਾਰਟੀ ਦੇ ਸਾਰੇ ਜ਼ਿਲ੍ਹਾ ਅਤੇ ਸਰਕਲ ਜਥੇਦਾਰਾਂ ਦੀ ਹੰਗਾਮੀ ਮੀਟਿੰਗ 11 ਮਈ ਨੂੰ ਭਾਈ ਗੁਰਦਾਸ ਹਾਲ ਅੰਮ੍ਰਿਤਸਰ ਵਿਖੇ ਹੋਵੇਗੀ।

ਕੋਰ ਕਮੇਟੀ ਦੀ ਮੀਟਿੰਗ ਕਰੀਬ ਤਿੰਨ ਘੰਟੇ ਚੱਲੀ। ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਸੁਖਬੀਰ ਨੇ ਕਿਹਾ ਮੁੱਖ ਮੰਤਰੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਗੁਰੂ ਸਾਹਿਬਾਨ ਵੱਲੋਂ ਖਾਲਸਾ ਪੰਥ ਦੇ ਰੂਪ ਵਿਚ ਦਿੱਤੀ ਸਾਨੂੰ ਮਹਾਨ ਵਿਰਾਸਤ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਾਂਝੇ ਕਰਨ ਦੀ ਸਾਜ਼ਿਸ ਨੇ ਸਿੱਖ ਕੌਮ ਨੂੰ ਬੇਚੈਨ ਕਰ ਦਿੱਤਾ ਹੈ। ਕੋਰ ਕਮੇਟੀ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਗੋਬਿੰਦ ਸਿੰਘ ਲੌਂਗੋਵਾਲ, ਦਲਜੀਤ ਸਿੰਘ ਚੀਮਾ, ਬੀਬੀ ਜਗੀਰ ਕੌਰ, ਬੀਬੀ ਉਪਿੰਦਰਜੀਤ ਕੌਰ, ਗੁਲਜ਼ਾਰ ਸਿੰਘ ਰਣੀਕੇ ਤੇ ਬਿਕਰਮ ਸਿੰਘ ਮਜੀਠੀਆ ਹਾਜ਼ਿਰ ਸਨ।



ਕੋਰ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਸਿਆਸਤਦਾਨ।

# ਭਾਰਤ ਨੇ ਉੱਚ-ਜੋਖਮ ਵਾਲੇ ਅਫ਼ਰੀਕੀ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ Ebola ਐਡਵਾਈਜ਼ਰੀ ਜਾਰੀ ਕੀਤੀ



**ਨਵੀਂ ਦਿੱਲੀ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਇਬੋਲਾ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਜਾਂ ਉੱਥੋਂ ਲੰਘਣ (ਟ੍ਰਾਂਜ਼ਿਟ) ਵਾਲੇ ਯਾਤਰੀਆਂ ਲਈ ਇੱਕ ਸਿਹਤ ਐਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਲੱਛਣਾਂ ਜਾਂ ਸੰਪਰਕ ਦੇ ਇਤਿਹਾਸ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਕਲੀਅਰੈਂਸ ਤੋਂ ਪਹਿਲਾਂ ਤੁਰੰਤ ਹਵਾਈ ਅੱਡੇ ਦੇ ਸਿਹਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ ਹੈ। ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ ਦੁਆਰਾ ਜਾਰੀ ਕੀਤੀ ਗਈ ਐਡਵਾਈਜ਼ਰੀ ਵਿੱਚ ਵਿਸ਼ੇਸ਼ ਤੌਰ ’ਤੇ ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ, ਯੂਗਾਂਡਾ ਅਤੇ ਦੱਖਣੀ ਸੁਡਾਨ ਤੋਂ ਆਉਣ ਵਾਲੇ ਯਾਤਰੀਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਵਿਸ਼ਵ ਸਿਹਤ ਸੰਗਠਨ (WHO) ਵੱਲੋਂ ਉੱਚ-ਜੋਖਮ ਵਾਲੇ ਦੇਸ਼ਾਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਹ ਐਡਵਾਈਜ਼ਰੀ ਦਿੱਲੀ ਹਵਾਈ ਅੱਡੇ ’ਤੇ ਏਅਰਪੋਰਟ ਹੈਲਥ ਆਰਗੇਨਾਈਜ਼ੇਸ਼ਨ ਦੁਆਰਾ ਪ੍ਰਦਰਸ਼ਿਤ ਕੀਤੀ ਗਈ ਹੈ। ਇਹ ਯਾਤਰੀਆਂ ਨੂੰ ਬੁਖ਼ਾਰ, ਕਮਜ਼ੋਰੀ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਉਲਟੀਆਂ, ਦਸਤ, ਗਲੇ ਵਿੱਚ ਖ਼ਰਾਸ਼ ਅਤੇ ਬਿਨਾਂ ਕਿਸੇ ਕਾਰਨ ਦੇ ਖ਼ੂਨ ਵਹਿਣ ਵਰਗੇ ਲੱਛਣਾਂ ’ਤੇ ਨਜ਼ਰ ਰੱਖਣ ਦੀ ਸਲਾਹ ਦਿੰਦੀ ਹੈ।

ਇਹ ਉਨ੍ਹਾਂ ਯਾਤਰੀਆਂ ਨੂੰ ਵੀ, ਜੋ ਕਿਸੇ ਸ਼ੱਕੀ ਜਾਂ ਪੁਸ਼ਟੀ ਕੀਤੇ ਇਬੋਲਾ ਮਰੀਜ਼ ਦੇ ਖ਼ੂਨ ਜਾਂ ਸਰੀਰਕ ਤਰਲ ਪਦਾਰਥਾਂ (ਬਾਡੀ ਫਲੂਇਡਜ਼) ਦੇ ਸਿੱਧੇ ਸੰਪਰਕ ਵਿੱਚ ਆਏ ਸਨ, ਤੁਰੰਤ ਹਵਾਈ ਅੱਡੇ ਦੇ ਸਿਹਤ ਅਧਿਕਾਰੀ ਜਾਂ ਸਿਹਤ ਡੈਸਕ ਨੂੰ ਰਿਪੋਰਟ ਕਰਨ ਲਈ ਆਖਦੀ ਹੈ।

ਏਪੀਐਚਓ ਦੇ ਅਨੁਸਾਰ ਭਾਰਤ ਪਹੁੰਚਣ ਦੇ 21 ਦਿਨਾਂ ਦੇ ਅੰਦਰ ਲੱਛਣ ਵਿਕਸਿਤ ਹੋਣ ’ਤੇ ਕਿਸੇ ਵੀ ਯਾਤਰੀ ਨੂੰ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਅਤੇ ਅਧਿਕਾਰੀਆਂ ਨੂੰ ਆਪਣੇ ਯਾਤਰਾ ਦੇ ਇਤਿਹਾਸ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

ਆਗਮਨ ਤੋਂ ਪਹਿਲਾਂ (ਪ੍ਰੀ-ਅਰਾਈਵਲ) ਅਤੇ ਆਗਮਨ ਤੋਂ ਬਾਅਦ (ਪੋਸਟ-ਅਰਾਈਵਲ) ਦੀ ਸਕ੍ਰੀਨਿੰਗ, ਕੁਆਰੰਟੀਨ ਪ੍ਰੋਟੋਕੋਲ, ਕੇਸ ਪ੍ਰਬੰਧਨ, ਰੈਫਰਲ ਪ੍ਰਣਾਲੀ ਅਤੇ ਪ੍ਰਯੋਗਸ਼ਾਲਾ (ਲੈਬਾਰਟਰੀ) ਟੈਸਟਿੰਗ ਨੂੰ ਕਵਰ ਕਰਨ ਵਾਲੇ ਵਿਸਤ੍ਰਿਤ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ ਪਹਿਲਾਂ ਹੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸਾਂਝੇ ਕੀਤੇ ਜਾ ਚੁੱਕੇ ਹਨ। ਸੂਤਰਾਂ ਨੇ ਦੱਸਿਆ ਕਿ ਸਾਰੇ ਸਬੰਧਤ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਵੀ ਜਾਗਰੂਕ ਕੀਤਾ ਗਿਆ ਸੀ ਅਤੇ ਉਹ ਸਿਹਤ ਮੰਤਰਾਲੇ ਦੇ ਤਾਲਮੇਲ ਨਾਲ ਢੁਕਵੇਂ ਰੋਕਥਾਮ ਅਤੇ ਨਿਗਰਾਨੀ ਦੇ ਉਪਾਅ ਕਰ ਰਹੇ ਸਨ।

# ਆਪ ਆਗੂ ਨਹੀਂ ਦੇ ਰਿਹਾ ਆਪਣੇ ਮੋਬਾਈਲ ਫ਼ੋਨ ਦਾ ਪਾਸਵਰਡ: ED



**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ ਨੇ ਪੀਐਮਐਲਏ ਅਦਾਲਤ ਨੂੰ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ‘ਆਪ’ ਦੇ ਗੋਆ ਇੰਚਾਰਜ ਦੀਪਕ ਸਿੰਗਲਾ ਆਪਣੇ ਜ਼ਬਤ ਕੀਤੇ ਮੋਬਾਈਲ ਫ਼ੋਨ ਦਾ ਪਾਸਵਰਡ ਸਾਂਝਾ ਕਰਨ ਤੋਂ ਇਨਕਾਰ ਕਰ ਰਹੇ ਹਨ। ਈਡੀ ਮੁਤਾਬਕ 18 ਮਈ ਨੂੰ ਸਿੰਗਲਾ ਦੇ ਟਿਕਾਣਿਆਂ ਤੋਂ 25 ਲੱਖ ਰੁਪਏ ਦੀ ਬਿਨਾਂ ਹਿਸਾਬ-ਕਿਤਾਬ ਵਾਲੀ ਨਕਦੀ ਅਤੇ ਇੱਕ ਫ਼ੋਨ ਬਰਾਮਦ ਹੋਇਆ ਸੀ। ਏਜੰਸੀ ਦਾ ਮੰਨਣਾ ਹੈ ਕਿ ਇਸ ਫ਼ੋਨ ਵਿੱਚ ਕਰੋੜਾਂ ਰੁਪਏ ਦੇ ਬੈਂਕ ਘੁਟਾਲੇ ਅਤੇ ਅਪਰਾਧ ਦੀ ਕਮਾਈ ਦੇ ਲੈਣ-ਦੇਣ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਹੋ ਸਕਦੀ ਹੈ। ਅਦਾਲਤ ਨੇ ਸਿੰਗਲਾ ਨੂੰ 26 ਮਈ ਤੱਕ ਈਡੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਹ ਮਾਮਲਾ ਓਰੀਐਂਟਲ ਬੈਂਕ ਆਫ਼ ਕਾਮਰਸ (ਕਰਨਾਲ ਸ਼ਾਖਾ) ਅਤੇ ਹੋਰ ਬੈਂਕਾਂ ਨਾਲ ਹੋਈ 239.46 ਕਰੋੜ ਰੁਪਏ ਦੀ ਵੱਡੇ ਪੱਧਰ ਦੀ ਧੋਖਾਧੜੀ ਨਾਲ ਜੁੜਿਆ ਹੋਇਆ ਹੈ, ਜਿਸ ਦੀ ਸ਼ੁਰੂਆਤੀ ਜਾਂਚ ਸੀਬੀਆਈ ਨੇ ਕੀਤੀ ਸੀ। ਈਡੀ ਅਨੁਸਾਰ, ਦੀਪਕ ਸਿੰਗਲਾ ਦੇ ਮਾਮੇ ਅਸ਼ੋਕ ਮਿੱਤਲ ਦੀ ਕੰਪਨੀ ‘ਮੈਸਰਜ਼ ਮਹੇਸ਼ ਟਿੰਬਰ’ ਨੇ ਬੈਂਕਾਂ ਨਾਲ ਇਹ ਧੋਖਾਧੜੀ ਕੀਤੀ ਅਤੇ ਲੱਕੜ ਦੇ ਆਯਾਤ (ਇੰਪੋਰਟ) ਦੇ ਫਰਜ਼ੀ ਤੇ ਜਾਅਲੀ ਦਸਤਾਵੇਜ਼ ਦਿਖਾ ਕੇ ਸਿੰਗਲਾ ਅਤੇ ਉਸ ਦੇ ਭਰਾਵਾਂ ਦੀਆਂ ਫਰਮਾਂ ਰਾਹੀਂ ਪੈਸੇ ਦੀ ਹੇਰਾਫੇਰੀ ਕੀਤੀ।

ਦੂਜੇ ਪਾਸੇ, ਦੀਪਕ ਸਿੰਗਲਾ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਉਨ੍ਹਾਂ ਕੋਲ ਨਿੱਜਤਾ ਦਾ ਮੌਲਿਕ ਅਧਿਕਾਰ ਹੈ, ਇਸ ਲਈ ਉਨ੍ਹਾਂ ਨੂੰ ਫ਼ੋਨ ਦਾ ਪਾਸਵਰਡ ਦੱਸਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਨੂੰ ਗ੍ਰਿਫ਼ਤਾਰੀ ਦਾ ਅਧਾਰ ਬਣਾਇਆ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜਾਂਚ 2021 ਤੋਂ ਚੱਲ ਰਹੀ ਹੈ, ਪਰ ਇਸ ਅਧਾਰ ’ਤੇ ਗ੍ਰਿਫ਼ਤਾਰੀ ਨੂੰ ਗੈਰ-ਕਾਨੂੰਨੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਅਜੇ ਵੀ ਲਗਭਗ 143 ਕਰੋੜ ਰੁਪਏ ਦੀ ਬਰਾਮਦਗੀ ਹੋਣੀ ਬਾਕੀ ਹੈ।

# ਮਾਡਿਊਲ ਦੇ ਹੋਰ ਕਾਰਕੁੰਨਾਂ ਦੀ ਪਛਾਣ ਲਈ ਅਗਲੇਰੀ ਜਾਂਚ ਜਾਰੀ

**ਅੰਮ੍ਰਿਤਸਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਦੋ ਭਰਾਵਾਂ ਨੂੰ 5.5 ਕਿਲੋ ਹੈਰੋਇਨ,ਚਾਰ ਪਿਸਤੌਲਾਂ ਅਤੇ 10 ਜ਼ਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰਕੇ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬੌਬੀ ਸਿੰਘ ਅਤੇ ਹਰਜੀਤ ਸਿੰਘ ਦੋਵੇਂ ਵਾਸੀ ਪਿੰਡ ਰੋਖੇ, ਅਜਨਾਲਾ (ਅੰਮ੍ਰਿਤਸਰ),ਵਜੋਂ ਹੋਈ ਹੈ। ਨਸ਼ੀਲੇ ਪਦਾਰਥ ਤੇ ਹਥਿਆਰ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ 02 ਐਫ਼ਸੀ 8820) ਵੀ ਜ਼ਬਤ ਕੀਤਾ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦ ਪਾਰ ਦੇ ਤਸਕਰ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਨੂੰ ਹਥਿਆਰ/ਗੋਲਾ ਸਿੱਕੇ ਦੀਆਂ ਖੇਪਾਂ ਪ੍ਰਾਪਤ ਹੋਈਆਂ ਸਨ ਜੋ, ਸੂਬੇ ਵਿੱਚ ਅੱਗੇ ਡਿਲੀਵਰ ਕੀਤੀਆਂ ਜਾਣੀਆਂ ਸਨ ।

ਅਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਸੀ.ਆਈ. ਅੰਮ੍ਰਿਤਸਰ ਨੂੰ ਪੁਖ਼ਤਾ ਇਤਲਾਹ ਮਿਲੀ ਸੀ ਕਿ ਸ਼ੱਕੀ ਬੌਬੀ ਅਤੇ ਹਰਜੀਤ ਨੂੰ ਹਾਲ ਹੀ ਵਿੱਚ ਹਥਿਆਰ/ਗੋਲੀ ਸਿੱਕੇ ਦੀ ਖੇਪ ਪ੍ਰਾਪਤ ਹੋਈ ਹੈ, ਜਿਸਨੂੰ ਉਹ ਆਪਣੇ ਮੋਟਰਸਾਈਕਲ ’ਤੇ ਅੰਮ੍ਰਿਤਸਰ ਹਾਈਵੇਅ ਦੇ ਬਾਈਪਾਸ ’ਤੇ ਸਥਿਤ ਪਿੰਡ ਕਾਲੇ ਘਣੂਪੁਰ ਦੇ ਨੇੜੇ ਅੱਗੇ ਕਿਸੇ ਹੋਰ ਕਾਰਕੁੰਨ ਤੱਕ ਪਹੁੰਚਾਉਣ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਇਲਾਕੇ ਦੇ ਆਲੇ-ਦੁਆਲੇ ਨਾਕਾਬੰਦੀ ਕੀਤੀ ਅਤੇ ਪਿੰਡ ਕਾਲੇ ਘਣੂਪੁਰ ਨੇੜਲੇ ਬਾਈਪਾਸ ’ਤੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਤਲਾਸ਼ੀ ਦੌਰਾਨ ਪਹਿਲਾਂ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਪਿਸਤੌਲਾਂ ਸਮੇਤ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪਰ ਬਾਅਦ ਵਿੱਚ ਮੁਲਜ਼ਮ ਬੌਬੀ ਸਿੰਘ ਦੇ ਇਕਬਾਲੀਆ ਬਿਆਨ ’ਤੇ ਪਿੰਡ ਭਾਕਾ ਤਾਰਾ ਸਿੰਘ ਤੋਂ 5.5 ਕਿਲੋ ਹੈਰੋਇਨ ਹੋਰ ਬਰਾਮਦ ਕੀਤੀ ਗਈ।ਡੀਜੀਪੀ ਨੇ ਕਿਹਾ ਕਿ ਇਸ ਨੈੱਟਵਰਕ ਦੇ ਅਗਲੇ- ਪਿਛਲੇ ਸਬੰਧ ਸਥਾਪਤ ਕਰਨ ਅਤੇ ਮਾਡਿਊਲ ਦੇ ਹੋਰ ਕਾਰਕੁੰਨਾਂ ਦੀ ਪਛਾਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧ ਵਿੱਚ ਐਫਆਈਆਰ ਨੰਬਰ 35 17-05-2026 ਨੂੰ ਅਸਲਾ ਐਕਟ ਦੀ ਧਾਰਾ 25, 25(1)(ਏ) ਅਤੇ 25(8) ਅਤੇ ਬੀਐਨਐਸ ਦੀ ਧਾਰਾ 61(2) ਤਹਿਤ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਸੀ, ਅਤੇ ਬਾਅਦ ਵਿੱਚ ਐਨਡੀਪੀਐਸ ਐਕਟ ਦੀ ਧਾਰਾ 21 ਵੀ ਜੋੜ ਦਿੱਤੀ ਗਈ ਹੈ।

# 36 ਘੰਟਿਆ ਵਿੱਚ ਪਟਿਆਲਾ ਪੁਲਿਸ ਵੱਲੋਂ ਡਾਕਟਰ ਕਮਲਦੀਪ ਮਿੱਤਲ ਦੇ ਬੇਰਹਿਮੀ ਨਾਲ ਕੀਤੇ ਕਤਲ ਕੇਸ ਦਾ ਮੁੱਖ ਦੋਸ਼ੀ ਗ੍ਰਿਫ਼ਤਾਰ

**ਪਟਿਆਲਾ, 22 ਮਈ**
**ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**



ਵਰੁਣ ਸ਼ਰਮਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਝੀ ਕੀਤੀ ਕਿ ਪਟਿਆਲਾ ਪੁਲਿਸ ਨੂੰ ਮਿਤੀ 18.05.2026 ਨੂੰ ਵਕਤ ਕਰੀਬ 5.30 PM ਪਰ ਇਤਲਾਹ ਮੌਸੂਲ ਹੋਈ ਕਿ ਥਾਣਾ ਸਿਵਲ ਲਾਇਨ ਪਟਿਆਲਾ ਅਧੀਨ ਪੈਂਦੇ ਨਿਊ ਲਾਲ ਬਾਗ ਕਲੋਨੀ ਵਿਖੇ ਪੀ ਜੀ ਵਿੱਚ ਰਹਿਣ ਵਾਲੇ ਇਕ 24 ਸਾਲ ਦੇ ਵਿਦਿਆਰਥੀ ਕਮਲਦੀਪ ਮਿੱਤਲ ਵਾਸੀ ਵਾਰਡ ਨੰਬਰ 11 ਨੇੜੇ ਜੈਨ ਮੰਦਿਰ ਬਰੇਟਾ ਜਿਲ੍ਹਾ ਮਾਨਸਾ ਜੋ ਕਿ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ MBBS ਦੀ ਪੜਾਈ ਕਰ ਰਿਹਾ ਸੀ ਦਾ ਕਿਸੇ ਨਾ ਮਾਲੂਮ ਵਿਅਕਤੀ ਵੱਲੋਂ ਬਹੁਤ ਹੀ ਬੇਰਹਿਮੀ ਅਤੇ ਵੈਸ਼ੀਆਨਾ ਤਰੀਕੇ ਨਾਲ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ ਹੈ, ਜਿਸ ਸਬੰਧੀ ਮੌਕਾਂ ਪਰ ਸੀਨੀਅਰ ਅਫਸਰਾ ਵੱਲੋਂ ਪੁਹੰਚਕੇ ਘਟਨਾ ਸਥਾਨ ਦਾ ਜਾਇਜਾ ਲਿਆ ਗਿਆ ਅਤੇ ਪਟਿਆਲਾ ਪੁਲਿਸ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਜਿਸ ਵਿੱਚ ਗੁਰਬੰਸ ਸਿੰਘ ਬੈਸ ਐਸ ਪੀ ਇੰਨਵੈਸਟੀਗੇਸ਼ਨ, ਪਲਵਿੰਦਰ ਸਿੰਘ ਚੀਮਾ ਐਸ ਪੀ ਸਿਟੀ, ਡੀ ਐਸ ਪੀ ਸਿਟੀ 1 ਸੰਜੀਵ ਸਿੰਗਲਾ, ਡੀ ਐਸ ਪੀ ਇੰਨਵੈਸਟੀਗੇਸ਼ਨ ਸੁਖਅਮ੍ਰਿਤ ਰੰਧਾਵਾ ,ਇੰਸ: ਪ੍ਰਦੀਪ ਸਿੰਘ ਬਾਜਵਾ ਇੰਚਾਰਜ ਸੀ.ਆਈ.ਏ ਪਟਿਆਲਾ, ਇੰਸ: ਅੰਕੁਰਦੀਪ ਸਿੰਘ ਇੰਚਾਰਜ ਸੀ.ਆਈ.ਏ ਸਮਾਣਾ, ਐਸ.ਆਈ. ਮਨਪ੍ਰੀਤ ਸਿੰਘ ਇੰਚਾਰਜ ਸਪੈਸ਼ਲ ਸੈਲ ਰਾਜਪੁਰਾ, ਇੰਸ:ਅਮਨਦੀਪ ਸਿੰਘ ਬਰਾੜ ਮੁੱਖ ਅਫਸਰ ਥਾਣਾ ਸਿਵਲ ਲਾਇਨ ਪਟਿਆਲਾ, ਇੰਸ ਅਕਾਸਦੀਪ ਸਰਮਾ ਮੁੱਖ ਅਫਸਰ ਥਾਣਾ ਬਨੂੰੜ ਅਤੇ ਐਸ.ਆਈ.ਲਵਦੀਪ ਸਿੰਘ ਪੁਲਿਸ ਚੌਕੀ ਅਫਸਰ ਕਲੋਨੀ ਪਟਿਆਲਾ ਦੀਆਂ ਟੀਮਾਂ ਵੱਲੋਂ ਇਸ ਗੁੰਝਲਦਾਰ ਕਤਲ ਕੇਸ ਦੀ ਗੁੱਥੀ ਨੂੰ ਸੁਲਝਾ ਲਿਆ ਗਿਆ ਹੈ ਜਿਸ ਵਿੱਚ ਮੁੱਖ ਦੋਸ਼ੀ ਮੋਹਿਤ ਵਰਮਾ ਵਾਸੀ ਵਾਰਡ ਨੰਬਰ 11 ਨੇੜੇ ਦੁਰਗਾ ਮੰਦਿਰ, ਅਰੋੜਿਆਂ ਵਾਲੀ ਗਲੀ ਬਰੇਟਾ ਮੰਡੀ ਜਿਲ੍ਹਾ ਮਾਨਸਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਘਟਨਾ ਦਾ ਵੇਰਵਾ : ਸ੍ਰੀ ਵਰੁਣ ਸਰਮਾ ਜੀ ਨੇ ਦੱਸਿਆ ਕਿ ਮਿਤੀ 18.05.2026 ਨੂੰ ਸਾਮ ਦੇ ਵਕਤ ਕਮਲਦੀਪ ਮਿੱਤਲ ਉਕਤ ਦੀ ਭੇਦਭਰੇ ਹਾਲਾਤਾ ਵਿੱਚ ਲਾਸ਼ ਮਿਲਣ ਉਪਰੰਤ ਘਟਨਾਕ੍ਰਮ ਦਾ ਜਾਇਜਾ ਲਿਆ ਗਿਆ ਅਤੇ ਫੋਰੈਂਸਿਕ ਟੀਮਾਂ ਦੁਆਰਾ ਮੌਕਾ ਤੋ ਅਹਿਮ ਸਬੂਤ ਇੱਕਤਰ ਕੀਤੇ ਗਏ ਅਤੇ ਮ੍ਰਿਤਕ ਕਮਲਦੀਪ ਮਿੱਤਲ ਦੇ ਪਿਤਾ ਮਹਿੰਦਰਪਾਲ ਪੁੱਤਰ ਜਗਨ ਨਾਥ ਵਾਸੀ ਬਰੇਟਾ ਜਿਲ੍ਹਾ ਮਾਨਸਾ ਦੇ ਬਿਆਨਾ ਦੇ ਅਧਾਰ ਪਰ ਮੁਕੱਦਮਾ ਨੰਬਰ 129 ਮਿਤੀ 18.05.2026 ਅ/ਧ 103,3(5) ਬੀ.ਐਨ.ਐਸ, ਥਾਣਾ ਸਿਵਲ ਲਾਇਨ ਪਟਿਆਲਾ ਦਰਜ ਕਰਕੇ ਤਫਤੀਸ ਸੁਰੂ ਕੀਤੀ ਗਈ ਅਤੇ ਟੀਮਾਂ ਦਾ ਗਠਨ ਕੀਤਾ ਗਿਆ ।

ਕਤਲ ਕਰਨ ਦੀ ਵਜਾ ਰੰਜਸ : ਮੁੱਢਲੀ ਤਫਤੀਸ ਦੌਰਾਨ ਇਹ ਤੱਥ ਸਾਹਮਣੇ ਆਏ ਕਿ ਮ੍ਰਿਤਕ ਕਮਲਦੀਪ ਮਿੱਤਲ ਦਾ ਬਚਪਨ ਦਾ ਦੋਸਤ

ਮੋਹਿਤ ਵਰਮਾ ਵਾਸੀ ਵਾਰਡ ਨੰਬਰ 11 ਨੇੜੇ ਦੁਰਗਾ ਮੰਦਿਰ, ਅਰੋੜਿਆਂ ਵਾਲੀ ਗਲੀ ਬਰੇਟਾ ਮੰਡੀ ਜਿਲ੍ਹਾ ਮਾਨਸਾ ਜੋ ਕਿ ਉਸ ਨਾਲ ਮਾਨਸਾ ਵਿਖੇ ਗਰੀਨ ਲੈਂਡ ਡੇ-ਬੋਰਡਿੰਗ ਸਕੂਲ ਬਰੇਟਾ ਕੈਂਚੀਆਂ ਵਿਖੇ ਪਹਿਲੀ ਕਲਾਸ ਤੋ ਲੈਕੇ ਦਸਵੀਂ ਕਲਾਸ ਤੱਕ ਇਕੱਠੇ ਪੜਾਈ ਕਰਦਾ ਰਿਹਾ ਸੀ ਜੋ ਕਿ ਸਕੂਲ ਦੀ ਪੜਾਈ ਕਰਨ ਉਪਰੰਤ ਕਮਲਦੀਪ ਮਿੱਤਲ ਪੜਾਈ ਵਿੱਚ ਹੁਸ਼ਿਆਰ ਹੋਣ ਕਾਰਨ ਮੈਡੀਕਲ ਲਾਇਨ ਵਿੱਚ ਪੈ ਗਿਆ ਅਤੇ ਉਸ ਵੱਲੋਂ ਆਪਣੀ ਮਿਹਨਤ ਤੇ ਲਗਨ ਨਾਲ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਦਾਖਲਾ ਹਾਸਲ ਕਰ ਲਿਆ ਗਿਆ ਅਤੇ ਦੂਜੇ ਪਾਸੇ ਦੋਸੀ ਮੋਹਿਤ ਵਰਮਾ ਉਕਤ ਪ੍ਰਾਈਵੇਟ ਪੱਧਰ ਪਰ ਅਗਲੀ ਪੜਾਈ ਕਰਨ ਦੇ ਨਾਲ ਨਾਲ ਆਪਣੇ ਪਿਤਾ ਅਜੀਤ ਕੁਮਾਰ ਵਰਮਾ ਦੀ ਸੁਨਿਆਰੇ ਦੀ ਦੁਕਾਨ ਵਰਮਾ ਜਿਉਲਰਜ ਮੰਡੀ ਬਰੇਟਾ ਵਿਖੇ ਕੰਮ ਕਾਰ ਵਿੱਚ ਹੱਥ ਵਟਾਉਣ ਲੱਗ ਪਿਆ। ਮੋਹਿਤ ਵਰਮਾ ਅਤੇ ਕਮਲਦੀਪ ਮਿੱਤਲ ਆਪਸ ਵਿੱਚ ਗੱਲਬਾਤ ਕਰਦੇ ਰਹਿੰਦੇ ਅਤੇ ਕਮਲਦੀਪ ਮਿੱਤਲ ਨੂੰ ਮੋਹਿਤ ਵਰਮਾ ਨੇ ਸ਼ੇਅਰ ਮਾਰਕਿਟ ਅਤੇ ਪੈਸਿਆ ਦੀ ਆਨ-ਲਾਇਨ ਟਰੇਡਿੰਗ ਦੇ ਮੋਟੇ ਮੁਨਾਫੇ ਬਾਰੇ ਦੱਸਿਆ ਜਿਸ ਪਰ ਕਮਲਦੀਪ ਮਿੱਤਲ ਨੇ ਆਪਣੇ ਵਿਦੇਸ਼ ਅਸਟਰੇਲੀਆਂ ਵਿੱਚ ਰਹਿੰਦੇ ਆਪਣੇ ਮਾਮੇ ਦੇ ਲੜਕੇ ਲਕਸ਼ਦੀਪ ਸਿੰਗਲਾ ਤੋ ਪੈਸੇ ਮੰਗਵਾਕੇ ਮੋਹਿਤ ਵਰਮਾ ਦੇ ਕਹਿਣ ਪਰ ਸ਼ੇਅਰ ਮਾਰਕਿਟ ਅਤੇ ਪੈਸਿਆ ਦੀ ਆਨ-ਲਾਇਨ ਟਰੇਡਿੰਗ ਵਿੱਚ ਕਰੀਬ 35 ਲੱਖ ਰੁਪੈ ਨਿਵੇਸ ਲਈ ਲਗਵਾਏ ਸਨ । ਹੁਣ ਪਿਛਲੇ 3-4 ਮਹੀਨਿਆਂ ਤੋ ਮ੍ਰਿਤਕ ਕਮਲਦੀਪ ਮਿੱਤਲ ਜੋ ਕਿ ਦੋਸੀ ਮੋਹਿਤ ਵਰਮਾ ਉਕਤ ਪਾਸੋ ਆਪਣੇ ਦਿੱਤੇ ਹੋਏ ਪੈਸੇ ਵਾਪਸ ਮੰਗਦਾ ਸੀ ਤਾ ਦੋਸੀ ਮੋਹਿਤ ਵਰਮਾ ਨੇ ਉਸ ਨੂੰ ਦੱਸਿਆ ਕਿ ਇਹ ਪੈਸੇ ਉਹ ਆਨ ਲਾਇਨ ਗੇਮਿੰਗ ਐਪਲੀਕੇਸਨਾਂ ਵਿੱਚ ਸੱਟਾ ਆਦਿ ਖੇਡਕੇ ਹਾਰ ਗਿਆ ਹੈ । ਜਿਸ ਕਾਰਨ ਉਹ ਉਸ ਦੇ ਪੈਸੇ ਫੋਰੀ ਤੋਰ ਪਰ ਵਾਪਸ ਨਹੀ ਕਰ ਸਕਦਾ ਪ੍ਰੰਤੂ ਕਮਲਦੀਪ ਮਿੱਤਲ ਉਕਤ ਦੇ ਵਾਰ ਵਾਰ ਆਪਣੇ ਦਿੱਤੇ ਹੋਏ ਪੈਸੇ ਮੰਗਣ ਤੇ ਮੋਹਿਤ ਵਰਮਾ ਉਕਤ ਘਬਰਾ ਗਿਆ ਕਿਉਂਕਿ ਇਹ ਸਾਰੇ ਪੈਸੇ ਉਸ ਦੇ ਆਨ ਲਾਇਨ ਬੈਕ ਖਾਤਿਆਂ ਵਿੱਚ ਆਏ ਸਨ। ਜਿਸ ਕਾਰਨ ਕਮਲਦੀਪ ਮਿੱਤਲ ਨੇ ਉਸ ਦੀ ਪੁਲਿਸ ਅਤੇ ਘਰਦਿਆ ਪਾਸ ਸਿਕਾਇਤ ਕਰਨ ਦਾ ਇਰਾਦਾ ਬਣਾ ਲਿਆ ਸੀ। ਜਿਸ ਪਰ ਮੋਹਿਤ ਵਰਮਾ ਉਕਤ ਨੇ ਪੈਸਿਆ ਦੀ ਦੇਣਦਾਰੀ ਤੋ ਬੱਚਣ ਹਿੱਤ ਕਮਲਦੀਪ ਮਿੱਤਲ ਦਾ ਕਤਲ ਕਰਨ ਦੀ ਸਾਜਿਸ ਘੜ ਲਈ ਅਤੇ ਇਸੇ ਸਾਜਿਸ ਤਹਿਤ ਉਹ ਮਿਤੀ 17.05.2026 ਨੂੰ ਕਮਲਦੀਪ ਮਿੱਤਲ ਉਕਤ ਪਾਸ ਪਟਿਆਲਾ ਵਿਖੇ ਉਸ ਦੀ ♦7 ਰਿਹਇਸ ਪਰ ਆ ਗਿਆ ਜਿੱਥੇ ਸਾਮ ਦੇ ਵਕਤ ਦੋਵੇਂ ਦੋਸਤਾਂ ਨੇ ਮਿਲਕੇ ਪਹਿਲਾ ਇਕ ਪੰਜਾਬੀ ਫਿਲਮ ਸਿਨੇਮਾ ਵਿੱਚ ਜਾਕੇ ਦੇਖੀ ਅਤੇ ਬਾਅਦ ਵਿੱਚ ਕ੍ਰਿਕਟ ਦਾ ਮੈਚ ਵੇਖਿਆ ਸੀ ਅਤੇ ਰਾਤ ਨੂੰ ਦੋਵੇ ਦੋਸਤ ਇਕੋ ਪੀ.ਜੀ ਵਿੱਚ ਆਕੇ ਦੇਰ ਰਾਤ ਸੋ ਗਏ। ਸੁਬਾ 6-15 ਏ.ਐਮ ਪਰ ਉਠਕੇ ਕਮਲਦੀਪ ਮਿੱਤਲ ਉਕਤ ਨੇ ਪ੍ਰੀਵਾਰਕ ਮੈਬਰਾਂ ਨਾਲ ਗੱਲਬਾਤ ਕੀਤੀ ਅਤੇ ਕਾਲਜ ਜਾਣ ਲਈ ਬਾਥਰੂਮ ਵਿੱਚ ਤਿਆਰ ਹੋਣ ਲੱਗਾ ਤਾ ਇਤਨੇ ਵਿੱਚ ਮੌਕਾ ਦੇਖਕੇ ਮੋਹਿਤ ਵਰਮਾ ਨੇ ਜੋ ਤੇਜਧਾਰ ਹਥਿਆਰ ਚਾਕੂ ਇਸ ਨੇ ਆਪਣੇ ਕੱਪੜਿਆਂ ਵਾਲੇ ਬੈਗ ਲੁਕਾ ਛੁਪਾਕੇ ਰੱਖਿਆ ਹੋਇਆ ਸੀ ਉਸ ਨੂੰ ਕੱਢਕੇ ਘਾਤ ਲਗਾਕੇ ਬਾਥਰੂਮ ਦੇ ਦਰਵਾਜੇ ਪਾਸ ਤਿਆਰੀ ਨਾਲ ਖੜਾ ਹੋ ਗਿਆ ਜਦੋ ਕਮਲਦੀਪ ਮਿੱਤਲ ਬਾਥਰੂਮ ਵਿੱਚੋ ਬਾਹਰ ਆਇਆ ਤਾ ਉਸ ਨੇ ਝਟਕੇ ਨਾਲ ਪਹਿਲਾ ਵਾਰ ਉਸ ਦੀ ਪਿਛਲੇ ਪਾਸੋ ਗਰਦਨ ਪਰ ਕੀਤਾ ਜੋ ਕਿ ਮੌਕਾ ਪਰ ਨੀਚੇ ਡਿੱਗ ਪਿਆ ਤਾਂ ਮੋਹਿਤ ਵਰਮਾ ਨੇ ਬਿਨਾ ਰਕੇ ਬੜੀ ਹੀ ਬੇਰਹਿਮੀ ਨਾਲ ਆਪਣੇ ਬਚਪਨ ਦੇ ਦੋਸਤ ਕਮਲਦੀਪ ਮਿੱਤਲ ਪਰ ਅੰਨ੍ਹੇਵਾਹ ਚਾਕੂ ਨਾਲ ਕਈ ਵਾਰ ਕੀਤੇ। ਮੋਹਿਤ ਵਰਮਾ ਨੇ ਕਮਲਦੀਪ ਉਕਤ ਪਰ ਇਤਨੀ ਜੋਰ ਨਾਲ ਵਾਰ ਕੀਤੇ ਕਿ ਵਾਰਦਾਤ ਵਿੱਚ ਵਰਤਿਆ ਗਿਆ ਤੇਜਧਾਰ ਹਥਿਆਰ ਵੀ ਦੋ ਹਿੱਸਿਆ ਵਿੱਚ ਟੁੱਟ ਗਿਆ। ਬੁਰੀ ਤਰਾਂ ਵਾਰ ਕਰਨ ਤੋ ਬਾਅਦ ਮੋਹਿਤ ਵਰਮਾ ਨੇ ਕਮਲਦੀਪ ਮਿੱਤਲ ਦੇ ਮੁਰਦਾ ਸਰੀਰ ਦੇ ਨੱਕ ਪਰ ਹੱਥ ਰੱਖਕੇ ਇਸ ਗੱਲ ਦੀ ਪੁਸਟੀ ਕੀਤੀ ਕਿ ਕਮਲਦੀਪ ਮਿੱਤਲ ਸੱਚਮੁਚ ਮਰ ਚੁੱਕਾ ਹੈ। ਇਸ ਤੋ ਬਾਅਦ ਮੋਹਿਤ ਵਰਮਾ ਨੇ ਮ੍ਰਿਤਕ ਦਾ ਫੋਨ ਚੁੱਕਿਆ ਅਤੇ ਉਸ ਵਿੱਚੋ 25 ਹਜਾਰ ਰੁਪੈ ਆਪਣੇ ਖਾਤੇ ਵਿੱਚ ਸੁਭਾ 7 ਵਜੇ ਦੇ ਕਰੀਬ ਟਰਾਸਫਰ ਕਰ ਲਏ । ਮੋਹਿਤ ਵਰਮਾ ਆਪਣੇ ਹੱਥਾ ਪਰ ਵੀ ਕਾਫੀ ਸੱਟਾ ਵੱਜੀਆ ਜਿਸ ਸਬੰਧੀ ਇਸ ਵੱਲੋ ਫਰਾਰੀ ਦੋਰਾਨ ਵੱਖ ਵੱਖ ਹਸਪਤਾਲਾ ਵਿੱਚ ਆਪਣਾ ਇਲਾਜ ਕਰਵਾਇਆ ਗਿਆ । ਮੋਹਿਤ ਵਰਮਾ ਵੱਲੋਂ ਮੌਕਾ ਪਰ ਸਬੂਤ ਨਸ਼ਟ ਕਰਨ ਦੀ ਕੋਸਿਸ ਵੀ ਕੀਤੀ ਗਈ ਅਤੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਇਕ ਹੱਥ ਲਿਖਤ ਨੋਟ ਵੀ ਮੌਕਾ ਪਰ ਛੱਡਿਆ ਗਿਆ। ਦੋਸੀ ਦੀ ਗ੍ਰਿਫਤਾਰੀ : ਪਟਿਆਲਾ ਪੁਲਿਸ ਵੱਲੋਂ ਮੁਕੱਦਮਾ ਦੀ ਸੰਜੀਦਗੀ ਨੂੰ ਦੇਖਦੇ ਹੋਏ ਬੜੀ ਹੀ ਮੁਸਤੈਦੀ ਨਾਲ ਦੋਸੀ ਮੋਹਿਤ ਵਰਮਾ ਉਕਤ ਭਾਲ ਕਰਨੀ ਸੁਰੂ ਕੀਤੀ ਗਈ ਜਿਸ ਵਿੱਚ ਪੁਲਿਸ ਵੱਲੋ ਵੱਖ ਵੱਖ ਟੀਮਾਂ ਦਾ ਗਠਨ ਕਰਕੇ ਮਾਨਸਾ, ਜਾਖਲ (ਹਰਿਆਣਾ), ਅਮ੍ਰਿਤਸਰ, ਲੁਧਿਆਣਾ ਰੋਪੜ ਅਤੇ ਚੰਡੀਗੜ੍ਹ ਆਦਿ ਇਲਾਕਿਆਂ ਵਿੱਚ ਰੇਡਾ ਕੀਤੀਆਂ ਗਈਆਂ ਅਤੇ 36 ਘੰਟਿਆਂ ਦੇ ਅੰਦਰ ਅੰਦਰ ਦੋਸੀ ਮੋਹਿਤ ਵਰਮਾਂ ਉਕਤ ਨੂੰ ਮਿਤੀ 20.05.2026 ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਪਾਸੋ ਮੁਕੱਦਮਾ ਉਕਤ ਵਿੱਚ ਵਰਤੇ ਗਏ ਤੇਜਧਾਰ ਹਥਿਆਰ ਦੀ ਬਰਾਮਦਗੀ ਕਰਵਾਈ ਜਾਵੇਗੀ। ਜਿਸ ਪਾਸੋ ਡੂੰਘਾਈ ਨਾਲ ਪੁੱਛਗਿੱਤ ਕੀਤੀ ਜਾ ਰਹੀ ਹੈ

# ਬੁੱਢਾ ਦਰਿਆ ਸਾਫ਼ੀ ਲਈ ਉਦਯੋਗਿਕ ਸਹਿਯੋਗ ਲੋੜੀਂਦਾ, ਸਟਾਰਟਅੱਪਸ ਨੂੰ ਮਿਲੇ ਪ੍ਰੋਤਸਾਹਨ : ਰਾਜਪਾਲ ਕਟਾਰੀਆ




**ਲੁਧਿਆਣਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਵਿੱਚ ਕਰਵਾਏ ਗਏ ਸਮਾਗਮ 4.0 - ਲੀਡਰਜ਼ ਕਾਂਕਲੇਵ 2026 ਦੌਰਾਨ ਉਦਯੋਗਿਕ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਵਿਚ ਸੰਤੁਲਨ ਬਣਾਈ ਰੱਖਣ ਦੀ ਲੋੜ ‘ਤੇ ਜ਼ੋਰ ਦਿੱਤਾ। ਉਨ੍ਹਾਂ ਬੁੱਢਾ ਦਰਿਆ ਦੀ ਸਫ਼ਾਈ ਨੂੰ ਆਪਣਾ ਡਰੀਮ ਪ੍ਰੋਜੈਕਟ ਦੱਸਦਿਆਂ ਉਦਯੋਗਪਤੀਆਂ ਨੂੰ ਇਸ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।

ਰਾਜਪਾਲ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਬੇਹੱਦ ਹੁਨਰ ਅਤੇ ਉਦਯੋਗਿਕ ਸੋਚ ਹੈ, ਜਿਸ ਨੂੰ ਸਟਾਰਟਅੱਪਸ, ਇਨੋਵੇਸ਼ਨ ਅਤੇ ਮੈਨਟਰਸ਼ਿਪ ਰਾਹੀਂ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਵੱਡੇ ਉਦਯੋਗਿਕ ਘਰਾਨਿਆਂ ਨੂੰ ਨੌਜਵਾਨ ਉਦਯੋਗਪਤੀਆਂ ਦੀ ਮਦਦ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।

ਗੁਲਾਬ ਚੰਦ ਕਟਾਰੀਆ ਨੇ ਨੌਜਵਾਨਾਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਬਦਲ ਵਜੋਂ ਗ੍ਰੀਨ ਟੈਕਨੋਲੋਜੀ ਅਤੇ ਰਿਨਿਊਏਬਲ ਐਨਰਜੀ ਖੇਤਰ ਵਿੱਚ ਨਵੀਂ ਖੋਜ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਆਉਣ ਵਾਲਾ ਦਹਾਕਾ ਸਸਟੇਨੇਬਲ ਇਨੋਵੇਸ਼ਨ ਵਾਲੇ ਉਦਯੋਗਪਤੀਆਂ ਦਾ ਹੋਵੇਗਾ।

# ਮਸ਼ਹੂਰ ਖਾਣ-ਪੀਣ ਦੀਆਂ ਦੁਕਾਨਾਂ ਅਤੇ ਨੇਬਰਹੁੱਡ ਸਟੋਰ ਵਧ ਰਹੇ ਹਨ

**ਅੰਮ੍ਰਿਤਸਰ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਵਿੱਚ, ਭੋਜਨ ਕਦੇ ਵੀ ਸਿਰਫ਼ ਭੋਜਨ ਨਹੀਂ ਹੁੰਦਾ। ਇਸ ਤਰ੍ਹਾਂ ਸ਼ਹਿਰ ਅਜਨਬੀਆਂ ਦਾ ਸਵਾਗਤ ਕਰਦਾ ਹੈ, ਪਰਿਵਾਰ ਨਾਲ ਜਸ਼ਨ ਮਨਾਉਂਦਾ ਹੈ, ਅਤੇ ਆਂਢ-ਗੁਆਂਢ ਦੀ ਭਾਵਨਾ ਨੂੰ ਇਕੱਠਾ ਰੱਖਦਾ ਹੈ ।

ਇਸ ਸ਼ਹਿਰ ਵਿੱਚ ਫੈਲੇ ਰੈਸਟੋਰੈਂਟ, ਕਰਿਆਨਾ ਸਟੋਰ ਅਤੇ ਫੂਡ ਕਾਰਨਰ ਸਿਰਫ਼ ਕਾਰੋਬਾਰ ਨਹੀਂ ਹਨ, ਉਹ ਇਕੱਠੇ ਹੋਣ ਵਾਲੀਆਂ ਥਾਵਾਂ ਹਨ, ਭਾਈਚਾਰੇ ਦੇ ਲੰਗਰ ਹਨ, ਅਤੇ ਯਾਦਾਂ ਦੇ ਰੱਖਿਅਕ ਹਨ। ਕੋਕਾ-ਕੋਲਾ ਇੰਡੀਆ , ਬੋਤਲਿੰਗ ਸਾਥੀ ਕੰਧਾਰੀ ਗਲੋਬਲ ਬੇਵਰੇਜ ਪ੍ਰਾਈਵੇਟ ਲਿਮਟਿਡ ਦੇ ਨਾਲ , ਇਹਨਾਂ ਕਾਰੋਬਾਰਾਂ ਦੇ ਨਾਲ ਖੜ੍ਹਾ ਹੈ, ਬੁਨਿਆਦੀ ਢਾਂਚੇ ਅਤੇ ਸਾਧਨਾਂ ਵਿੱਚ ਨਿਵੇਸ਼ ਕਰਦਾ ਹੈ ਜੋ ਉਹਨਾਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਦੇ ਹਨ, ਇਸ ਲਈ ਉਹ ਜੋ ਪਲ ਆਪਣੇ ਗਾਹਕਾਂ ਲਈ ਬਣਾਉਂਦੇ ਹਨ ਉਹ ਹਮੇਸ਼ਾ ਵਾਂਗ ਨਿੱਘੇ ਰਹਿੰਦੇ ਹਨ।

# ਨੇਫਰੋਪਲੱਸ ਨੇ ਬਠਿੰਡਾ ਵਿੱਚ ਆਪਣੇ ਪਹਿਲੇ ਡਾਇਲਸਿਸ ਸੈਂਟਰ ਦੀ ਸ਼ੁਰੂਆਤ ਦਾ ਐਲਾਨ ਕੀਤਾ

**ਬਠਿੰਡਾ,22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਮੋਹਰੀ ਡਾਇਲਸਿਸ ਨੈੱਟਵਰਕ, ਨੇਫਰੋਪਲੱਸ ਨੇ ਬਠਿੰਡਾ ਵਿੱਚ ਆਪਣੇ ਪਹਿਲੇ ਡਾਇਲਸਿਸ ਸੈਂਟਰ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ ਤਾਂ ਜੋ ਪੂਰੇ ਭਾਰਤ ਵਿੱਚ ਗੁਣਵੱਤਾ ਵਾਲੇ ਡਾਇਲਸਿਸ ਦੇਖਭਾਲ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕੀਤਾ ਜਾ ਸਕੇ।

ਇਹ ਨਵੀਂ 24 ਘੰਟੇ ਚੱਲਣ ਵਾਲੀ ਸਹੂਲਤ, ਨਿਰੰਕਾਰੀ ਭਵਨ, ਬਠਿੰਡਾ ਦੇ ਨੇੜੇ, ਗੋਨਿਆਣਾ ਰੋਡ, ਗਣੇਸ਼ਾ ਬਸਤੀ ਵਿਖੇ ਸਥਿਤ ਹੈ , ਜੋ ਸਥਾਨਕ ਭਾਈਚਾਰੇ ਨੂੰ ਭਰੋਸੇਯੋਗ ਅਤੇ ਮਰੀਜ਼-ਕੇਂਦ੍ਰਿਤ ਡਾਇਲਸਿਸ ਸੇਵਾਵਾਂ ਪ੍ਰਦਾਨ ਕਰੇਗੀ।

ਰੋਹਿਤ ਸਿੰਘ, ਗਰੁੱਪ ਸੀਈਓ, ਨੇਫਰੋਪਲੱਸ ਨੇ ਕਿਹਾ , ਨੇਫਰੋਪਲੱਸ ਪੰਜਾਬ ਦੇ ਲੋਕਾਂ ਨਾਲ ਇੱਕ ਮਜ਼ਬੂਤ ਬੰਧਨ ਸਾਂਝਾ ਕਰਦਾ ਹੈ, ਜੋ ਕਿ ਵਿਸ਼ਵਾਸ ਅਤੇ ਰਾਜ ਭਰ ਵਿੱਚ ਸਾਡੇ ਡੂੰਘੇ ਤਜ਼ਰਬੇ @ਤੇ ਬਣਿਆ ਹੈ

# ਜਦੋਂ ਬਲੱਡ ਸ਼ੂਗਰ 550 ਤੱਕ ਪਹੁੰਚਿਆ ਤਾਂ ਭਗਵੰਤ ਮਾਨ ਸਰਕਾਰ ਦੀ ‘ਮੁੱਖ ਮੰਤਰੀ ਸਿਹਤ ਯੋਜਨਾ’ ਬਣੀ ਪਰਿਵਾਰ ਲਈ ਵਰਦਾਨ

**ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ 62 ਸਾਲਾ ਮਰੀਜ਼ ਨੂੰ ਮਿਲਿਆ ਜੀਵਨਰੱਖਿਅਕ ਇਲਾਜ**

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿੰਦਗੀ ਵਿੱਚ ਕੁਝ ਪਲ ਅਜਿਹੇ ਆਉਂਦੇ ਹਨ ਜਦੋਂ ਸਮਾਂ ਸਿਰਫ਼ ਹੌਲੀ ਨਹੀਂ ਚਲਦਾ ਬਲਕਿ ਠਹਿਰ ਹੀ ਜਾਂਦਾ ਹੈ। 62 ਸਾਲਾ ਭੂਰ ਕੌਰ ਦੇ ਜੀਵਨ ਵਿੱਚ ਵੀ ਅਜਿਹਾ ਹੀ ਇੱਕ ਪਲ ਆਇਆ ਤੇ ਉਹ ਵੀ ਬਿਨਾਂ ਕਿਸੇ ਚੇਤਵਾਨੀ ਤੋਂ। ਪਿਛਲੇ 15-16 ਸਾਲਾਂ ਤੋਂ ਉਹ ਡਾਇਬਟੀਜ਼ ਅਤੇ ਹਾਈਪਰਟੈਂਸ਼ਨ ਨਾਲ ਜੂਝ ਰਹੀ ਸੀ। ਇਹ ਬੀਮਾਰੀ ਭੂਰ ਕੌਰ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਸੀ।

ਦਵਾਈਆਂ, ਜਾਂਚ, ਸਾਵਧਾਨੀਆਂ—ਉਸ ਲਈ ਆਮ ਜਿਹਾ ਰੁਟੀਨ ਹੋ ਗਿਆ ਸੀ। ਪਰ ਇੱਕ ਦਿਨ ਅਚਾਨਕ ਉਸ ਦਾ ਸ਼ਰੀਰ ਕੰਮ ਕਰਨਾ ਬੰਦ ਕਰ ਗਿਆ। ਬਲੱਡ ਸ਼ੂਗਰ ਅਚਾਨਕ 550 ਐਮਜੀ/ਡੀਐਲ ਤੱਕ ਪਹੁੰਚ ਗਿਆ। ਕੁਝ ਹੀ ਪਲਾਂ ਵਿੱਚ ਉਹ ਡਿੱਗ ਪਈ ਤੇ ਬੇਹੋਸ਼ ਹੋ ਗਈ। ਉਹ ਜੀਵਨ ਲਈ ਸੰਘਰਸ਼ ਕਰ ਰਹੀ ਸੀ ।

ਉਸ ਦੇ ਪਰਿਵਾਰ ਕੋਲ ਸੋਚਣ ਦਾ ਸਮਾਂ ਨਹੀਂ ਸੀ। ਸਿਰਫ਼ ਫੌਰੀ ਕਦਮ ਚੁੱਕਣਾ ਹੀ ਲਾਜ਼ਮੀ ਬਣ ਗਿਆ ਸੀ। ਉਸ ਦੀ ਨੂੰਹ ਪਰਮਜੀਤ ਕਹਿੰਦੀ ਹੈ, ਅਸੀਂ ਭੱਜ-ਨੱਸ ਰਹੇ ਸੀ ਅਤੇ ਅਰਦਾਸਾਂ ਕਰ ਰਹੇ ਸੀ। ਸੋਚਣ ਦੀ ਹਾਲਤ ਨਹੀਂ ਸੀ, ਸਿਰਫ਼ ਘਬਰਾਹਟ ਸੀ। ਉਹਨਾਂ ਦਾ ਪੁੱਤਰ ਹਰਪਾਲ, ਜੋ ਗੁਰਦੁਆਰੇ ਵਿੱਚ ਪਾਠੀ ਹੈ ਅਤੇ ਪੂਰੀ ਸ਼ਰਧਾ ਨਾਲ ਸੇਵਾ ਕਰਦਾ ਹੈ, ਲਈ ਉਹ ਪਲ ਕਿਸੇ ਬੁਰੇ ਸੁਪਨੇ ਵਰਗਾ ਸੀ; ਜਿਵੇਂ ਉਸਦੀ ਆਸਥਾ ਹੀ ਸਭ ਤੋਂ ਵੱਡੇ ਇਮਤਿਹਾਨ ਵਿੱਚੋਂ ਲੰਘ ਰਹੀ ਹੋਵੇ।

**ਕੁਝ ਸਕਿੰਟਾਂ ’ਤੇ ਟਿਕੀ ਸੀ ਜ਼ਿੰਦਗੀ**

ਸੰਗਰੂਰ ਦੇ ਸੁਨਾਮ ਸਥਿਤ ’ਕਸ਼ਮੀਰੀ ਹਾਰਟ ਕੇਅਰ ਸੈਂਟਰ’ ਵਿੱਚ ਜਦੋਂ ਭੂਰ ਕੌਰ ਨੂੰ ਲਿਆਂਦਾ ਗਿਆ, ਉਹਨਾਂ ਦੀ ਹਾਲਤ ਬਹੁਤ ਗੰਭੀਰ ਸੀ। ਕਲੀਨਿਕਲ ਕਾਰਡੀਓਲੋਜਿਸਟ ਅਤੇ ਮੈਨੇਜਿੰਗ ਡਾਇਰੈਕਟਰ ਡਾ. ਅੰਸ਼ੁਮਨ ਫੂੱਲ ਉਸ ਸਥਿਤੀ ਨੂੰ ਅੱਜ ਵੀ ਸਪੱਸ਼ਟ ਤੌਰ ‘ਤੇ ਯਾਦ ਕਰਦੇ ਹੋਏ ਦੱਸਦੇ ਹਨ, ਭੂਰ ਕੌਰ ਨੂੰ ਡਾਇਬਿਟਿਕ ਕੀਟੋਐਸਿਡੋਸਿਸ, ਗੰਭੀਰ ਇਨਫੈਕਸ਼ਨ ਅਤੇ ਐਕਿਊਟ ਰੈਸਪਿਰੇਟਰੀ ਫੇਲਿਅਰ ਦੇ ਨਾਲ ਬਹੁਤ ਹੀ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ ਸੀ। ਉਹਨਾਂ ਦਾ ਆਕਸੀਜਨ ਲੈਵਲ ਲਗਾਤਾਰ ਘਟ ਰਿਹਾ ਸੀ, ਦਿਲ ਦੀ ਹਾਲਤ ਅਸਥਿਰ ਸੀ ਅਤੇ ਸ਼ਰੀਰ ਖ਼ਤਰਨਾਕ ਮੈਟਾਬੋਲਿਕ ਅਸੰਤੁਲਨ ਵਿੱਚ ਚਲਾ ਗਿਆ ਸੀ।

550 ਐਮਜੀ/ਡੀਐਲ ਤੱਕ ਪਹੁੰਚੇ ਬਲੱਡ ਸ਼ੂਗਰ ਨੇ ਭੂਰ ਕੌਰ ਦੇ ਸ਼ਰੀਰ ਨੂੰ ਜਾਨਲੇਵਾ ਸਥਿਤੀ ਵੱਲ ਧੱਕ ਦਿੱਤਾ ਸੀ। ਸ਼ਰੀਰ ਵਿੱਚ ਪਾਣੀ ਦੀ ਕਮੀ, ਇਲੈਕਟ੍ਰੋਲਾਈਟ ਅਸੰਤੁਲਨ ਅਤੇ ਅੰਗਾਂ ‘ਤੇ ਗੰਭੀਰ ਦਬਾਅ ਬਣ ਚੁੱਕਾ ਸੀ। ਇਸ ਤੋਂ ਬਾਅਦ ਇੱਕ ਖ਼ਾਮੋਸ਼ ਪਰ ਖ਼ਤਰਨਾਕ ਸਥਿਤੀ ਉੱਭਰੀ—‘ਸੈਪਸਿਸ’, ਜਿਸ ਵਿੱਚ ਇਨਫੈਕਸ਼ਨ ਸ਼ਰੀਰ ‘ਤੇ ਹੀ ਹਮਲਾ ਕਰਨ ਲੱਗਦਾ ਹੈ। ਡਾ.ਅੰਸ਼ੁਮਨ ਫੂੱਲ ਨੇ ਕਿਹਾ, ਅਜਿਹੇ ਮਾਮਲਿਆਂ ਵਿੱਚ ਹਰ ਪਲ ਮਹੱਤਵਪੂਰਨ ਹੁੰਦਾ ਹੈ। ਕਈ ਵਾਰ ਕੁਝ ਮਿੰਟ ਹੀ ਇਹ ਤੈਅ ਕਰਦੇ ਹਨ ਕਿ ਮਰੀਜ਼ ਬਚੇਗਾ ਜਾਂ ਨਹੀਂ।

**ਆਈ.ਸੀ.ਯੂ. ਵਿੱਚ ਜ਼ਿੰਦਗੀ ਨਾਲ ਜੰਗ**

ਆਈ.ਸੀ.ਯੂ. ਉਹ ਥਾਂ ਬਣ ਗਿਆ ਸੀ ਜਿੱਥੇ ਹਰ ਸਕਿੰਟ ਮਹੱਤਵ ਰੱਖਦਾ ਸੀ। ਆਕਸੀਜਨ ਸਪੋਰਟ, ਆਈਵੀ ਇੰਸੁਲਿਨ, ਐਂਟੀਬਾਇਓਟਿਕਸ, ਫਲੂਇਡਸ, ਇਲੈਕਟ੍ਰੋਲਾਈਟ ਸੁਧਾਰ ਅਤੇ ਲਗਾਤਾਰ ਮਾਨੀਟਰਿੰਗ।

ਕਿਸੇ ਵੀ ਚੀਜ਼ ਵਿੱਚ ਦੇਰੀ ਦੀ ਗੁੰਜਾਇਸ਼ ਨਹੀਂ ਸੀ। ਡਾ.ਫੂੱਲ ਨੇ ਕਿਹਾ, ਸ਼ੁਰੂਆਤੀ ਘੰਟਿਆਂ ਵਿੱਚ ਸਾਡਾ ਪੂਰਾ ਧਿਆਨ ਸਿਰਫ਼ ਉਹਨਾਂ ਦੀ ਜਾਨ ਬਚਾਉਣ ‘ਤੇ ਸੀ। ਸਾਨੂੰ ਉਨ੍ਹਾਂ ਦੇ ਸਾਹ ਲੈਣ ਵਿੱਚ ਦਿੱਕਤ, ਇਨਫੈਕਸ਼ਨ ਅਤੇ ਮੈਟਾਬੋਲਿਕ ਅਸੰਤੁਲਨ ਦਾ ਇਕੋ ਸਮੇਂ ਇਲਾਜ ਕਰਨਾ ਪੈ ਰਿਹਾ ਸੀ।

ਆਈਸੀਯੂ ਦੇ ਬਾਹਰ ਪਰਿਵਾਰ ਬੜੀ ਫਿਕਰਮੰਦੀ ਤੇ ਖਾਮੋਸ਼ੀ ਨਾਲ ਉਡੀਕ ਕਰ ਰਿਹਾ ਸੀ। ਅਰਦਾਸ, ਆਸ ਅਤੇ ਵਿਸ਼ਵਾਸ ਹੀ ਉਹਨਾਂ ਦਾ ਸਹਾਰਾ ਸੀ।

ਫਿਰ ਹੌਲੀ-ਹੌਲੀ ਜ਼ਿੰਦਗੀ ਜਿਵੇਂ ਵਾਪਸ ਪਰਤੀ । ਤੀਜੇ ਦਿਨ ਸੁਧਾਰ ਦੇ ਪਹਿਲੇ ਸੰਕੇਤ ਨਜ਼ਰ ਆਉਣ ਲੱਗੇ। ਆਕਸੀਜਨ ਲੈਵਲ ਬਿਹਤਰ ਹੋਣ ਲੱਗਾ। ਇਨਫੈਕਸ਼ਨ ਘਟਣ ਲੱਗੀ। ਸ਼ਰੀਰ ’ਤੇ ਇਲਾਜ ਦਾ ਅਸਰ ਹੋਣ ਲੱਗਾ ਅਤੇ ਫ਼ਿਰ ਸਭ ਤੋਂ ਵੱਡੀ ਰਾਹਤ ਮਿਲੀ—ਭੂਰ ਕੌਰ ਨੂੰ ਹੋਸ਼ ਆ ਗਿਆ। ਡਾ. ਫੂੱਲ ਨੇ ਕਿਹਾ, ਇਹ ਵਾਕਈ ਪਹਿਲਾ ਰਾਹਤ ਦਾ ਪਲ ਸੀ। ਸਾਨੂੰ ਪਤਾ ਲੱਗ ਗਿਆ ਸੀ ਕਿ ਉਹ ਮੌਤ ਦੇ ਮੂੰਹ ਤੋਂ ਵਾਪਸ ਆ ਰਹੀ ਹੈ। ਜੋ ਮਰੀਜ਼ ਮੌਤ ਦੇ ਕੰਢੇ ‘ਤੇ ਸੀ, ਉਹ ਹੌਲੀ-ਹੌਲੀ ਜੀਵਨ ਵੱਲ ਵਾਪਸ ਆ ਰਿਹਾ ਸੀ।

**‘ਮੁੱਖ ਮੰਤਰੀ ਸਿਹਤ ਯੋਜਨਾ’ ਨੇ ਪੂਰੀ ਸਥਿਤੀ ਹੀ ਬਦਲ ਦਿੱਤੀ**

ਇਸ ਪੂਰੇ ਮੈਡੀਕਲ ਐਮਰਜੈਂਸੀ ਦੌਰਾਨ ‘ਮੁੱਖ ਮੰਤਰੀ ਸਿਹਤ ਯੋਜਨਾ’ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਡਾਕਟਰਾਂ ਮੁਤਾਬਿਕ ਇਸ ਯੋਜਨਾ ਨੇ ਸਭ ਤੋਂ ਵੱਡੀ ਗੱਲ ਇਹ ਯਕੀਨੀ ਬਣਾਈ ਕਿ ਇਲਾਜ ਵਿੱਚ ਕੋਈ ਦੇਰੀ ਨਾ ਹੋਵੇ। ਡਾ. ਅੰਸ਼ੁਮਨ ਫੂੱਲ ਨੇ ਕਿਹਾ, ਅਜਿਹੀਆਂ ਐਮਰਜੈਂਸੀ ਸਥਿਤੀਆਂ ਵਿੱਚ ਦੇਰੀ ਕਿਸੇ ਦੀ ਜਾਨ ਲੈ ਸਕਦੀ ਹੈ। ਪਰ ਮਰੀਜ਼ ਯੋਜਨਾ ਅਧੀਨ ਕਵਰ ਸੀ, ਇਸ ਲਈ ਆਈਸੀਯੂ ਅਤੇ ਐਮਰਜੈਂਸੀ ਇਲਾਜ ਤੁਰੰਤ ਸ਼ੁਰੂ ਹੋ ਗਿਆ। ਨਾ ਕੋਈ ਆਰਥਿਕ ਹਿਚਕਚਾਹਟ। ਨਾ ਕੋਈ ਉਡੀਕ। ਸਿਰਫ਼ ਤੁਰੰਤ ਇਲਾਜ।

# ਪੰਜਾਬ ਦੇ ਤੇਲ ਪੰਪਾਂ ਨੂੰ ਹੱਥ ਘੁੱਟ ਕੇ ਸਪਲਾਈ, ਸਰਕਾਰ ਨੇ ਮੁਸਤੈਦੀ ਦਿਖਾਈ

**ਚੰਡੀਗੜ੍ਹ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਪੱਛਮੀ ਏਸ਼ੀਆ ਦੀ ਜੰਗ ਦਾ ਪ੍ਰਭਾਵ ਵਜੋਂ ਤੇਲ ਕੰਪਨੀਆਂ ਨੇ ਪੰਜਾਬ ’ਚ ਤੇਲ ਪੰਪ ਡੀਲਰਾਂ ਨੂੰ ਹੱਥ ਘੁੱਟ ਕੇ ਤੇਲ ਦੇਣਾ ਸ਼ੁਰੂ ਕਰ ਦਿੱਤਾ ਹੈ ਜਿਸ ਦੇ ਨਤੀਜੇ ਵਜੋਂ ਪੰਪ ਡੀਲਰ ਖ਼ਫ਼ਾ ਹੋ ਗਏ ਹਨ। ਇੱਕ ਤੇਲ ਕੰਪਨੀ ਨੇ ਜਲੰਧਰ ਦੇ ਤੇਲ ਡਿਪੂ ਤੋਂ ਸਪਲਾਈ ਨਾਮਾਤਰ ਹੀ ਕਰ ਦਿੱਤੀ ਹੈ। ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ ਨੇ ਮੁੱਖ ਸਕੱਤਰ ਪੰਜਾਬ ਨੂੰ ਪੱਤਰ ਲਿਖ ਕੇ ਸੂਬੇ ’ਚ ਤੇਲ ਦੇ ਉੱਭਰ ਸੰਕਟ ਤੋਂ ਜਾਣੂ ਕਰਾਇਆ ਹੈ।

ਵੇਰਵਿਆਂ ਅਨੁਸਾਰ ਪੰਜਾਬ ’ਚ ਇਸ ਵੇਲੇ ਕਰੀਬ ਚਾਰ ਹਜ਼ਾਰ ਤੇਲ ਪੰਪ ਹਨ। ਆਮ ਦਿਨਾਂ ’ਚ ਤੇਲ ਪੰਪ ਡੀਲਰਾਂ ਨੂੰ ਤੇਲ ਕੰਪਨੀਆਂ ਤੋਂ ਪੰਜ ਦਿਨਾਂ ਲਈ ਤੇਲ ਉਧਾਰ ਮਿਲ ਜਾਂਦਾ ਸੀ ਪ੍ਰੰਤੂ ਹੁਣ ਐਡਵਾਂਸ ਅਦਾਇਗੀ ਦੇ ਬਾਵਜੂਦ ਤੇਲ ਦੀ ਸਪਲਾਈ ਲੇਟ ਹੋ ਰਹੀ ਹੈ। ਐਸੋਸੀਏਸ਼ਨ ਨੇ ਪੱਤਰ ’ਚ ਕਿਹਾ ਹੈ ਕਿ ਹਿੰਦੋਸਤਾਨ ਪੈਟਰੋਲੀਅਮ ਦੇ ਪੰਜਾਬ ਦੇ ਦਿਹਾਤੀ ਖੇਤਰ ਦੇ ਕਾਫ਼ੀ ਤੇਲ ਪੰਪ ਡਰਾਈ ਹੋ ਗਏ ਹਨ। ਇਸ ਕੰਪਨੀ ਦਾ ਜਲੰਧਰ ਡਿਪੂ ਤੋਂ ਸਪਲਾਈ ਘਟਣ ਕਾਰਨ ਮਾਝੇ ਦੁਆਬੇ ਦੇ ਕਈ ਜ਼ਿਲ੍ਹੇ ਪ੍ਰਭਾਵਿਤ ਹੋਏ ਹਨ।

ਡੀਲਰਾਂ ਦਾ ਕਹਿਣਾ ਹੈ ਕਿ ਤੇਲ ਕੰਪਨੀਆਂ ਦਾ ਕੰਮ ਪਹਿਲਾਂ ਛੁੱਟੀ ਵਾਲੇ ਦਿਨ ਵੀ ਪ੍ਰਭਾਵਿਤ ਨਹੀਂ ਹੁੰਦਾ ਸੀ ਪ੍ਰੰਤੂ ਹੁਣ ਦੋ ਤੋਂ ਤਿੰਨ ਦਿਨਾਂ ਦੀ ਦੇਰੀ ਨਾਲ ਸਪਲਾਈ ਮਿਲ ਰਹੀ ਹੈ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕੰਪਨੀਆਂ ਵੱਲੋਂ ਡੀਲਰਾਂ ਨੂੰ ਜਬਰੀ ਪ੍ਰੀਮੀਅਮ ਤੇਲ ਦਿੱਤਾ ਜਾ ਰਿਹਾ ਹੈ ਜੋ ਕਿ 10 ਰੁਪਏ ਪ੍ਰਤੀ ਲੀਟਰ ਆਮ ਤੇਲ ਨਾਲੋਂ ਮਹਿੰਗਾ ਹੈ।

ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ ਹੁਣ ਮੁਸਤੈਦੀ ਦਿਖਾਈ ਹੈ ਅਤੇ ਤੇਲ ਕੰਪਨੀਆਂ ਦੀ ਖਿਚਾਈ ਵੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਵੀ ਹੁਣ ਮੀਟਿੰਗਾਂ ਕਰਨ ਲੱਗੇ ਹਨ। ਐਸੋਸੀਏਸ਼ਨ ਦਾ ਕਹਿਣਾ ਸੀ ਕਿ ਅਗਰ ਤੇਲ ਕੰਪਨੀਆਂ ਨੇ ਇਸੇ ਤਰ੍ਹਾਂ ਸਪਲਾਈ ਲਈ ਹੱਥ ਘੁੱਟੀ ਰੱਖਿਆ ਤਾਂ ਪੰਜਾਬ ’ਚ ਆਮ ਲੋਕਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

# ਹਰਿਆਣਾ ਸ਼ਵੇਤ ਕ੍ਰਾਂਤੀ ਤੋਂ ਸਵੀਟ ਕ੍ਰਾਂਤੀ ਵੱਲ ਵਧ ਰਿਹਾ ਹੈ, 2030 ਤੱਕ 15,500 ਮੀਟ੍ਰਿਕ ਟਨ ਸ਼ਹਿਦ ਉਤਪਾਦਨ ਦਾ ਟੀਚਾ : ਮੁੱਖ ਮੰਤਰੀ

**ਪੰਚਕੂਲਾ, 22 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

– ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਸ਼ਵੇਤ ਕ੍ਰਾਂਤੀ ਤੋਂ ਸਵੀਟ ਕ੍ਰਾਂਤੀ ਦੇ ਸੱਦੇ @ਤੇ ਅੱਗੇ ਵਧਦੇ ਹੋਏ ਮਧੂਮੱਖੀ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਮਧੂਮੱਖੀ ਪਾਲਣ ਨੀਤੀ ਬਣਾਈ ਹੈ। ਇਸ ਨੀਤੀ ਤਹਿਤ ਸਾਲ 2030 ਤੱਕ ਮਧੂਮੱਖੀ ਪਾਲਕਾਂ ਦੀ ਗਿਣਤੀ ਵਧਾ ਕੇ 7 ਹਜ਼ਾਰ 750 ਕਰਨ ਅਤੇ ਸ਼ਹਿਦ ਦਾ ਉਤਪਾਦਨ 15 ਹਜ਼ਾਰ 500 ਮੀਟ੍ਰਿਕ ਟਨ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਮੁੱਖ ਮੰਤਰੀ ਅੱਜ ਸੈਕਟਰ-1 ਸਥਿਤ ਰੈੱਡ ਬਿਸ਼ਪ ਕਨਵੈਂਸ਼ਨ ਸੈਂਟਰ ਵਿੱਚ ਹਰਿਆਣਾ ਬਾਗਬਾਨੀ ਵਿਭਾਗ ਵੱਲੋਂ ਵਿਸ਼ਵ ਮਧੂਮੱਖੀ ਦਿਵਸ @ਤੇ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਮਧੂਮੱਖੀ ਪਾਲਕਾਂ ਵੱਲੋਂ ਸ਼ਹਿਦ ਅਤੇ ਸ਼ਹਿਦ ਤੋਂ ਬਣੇ ਉਤਪਾਦਾਂ ਦੇ ਸਟਾਲਾਂ ਦਾ ਨਿਰੀਖਣ ਕੀਤਾ ਅਤੇ ਉਨ੍ਹਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਸ਼ਵ ਮਧੂਮੱਖੀ ਦਿਵਸ ਦੀਆਂ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਰਾਜ ਸਰਕਾਰ ਮਧੂਮੱਖੀ ਪਾਲਣ ਨੂੰ ਜ਼ਮੀਨੀ ਪੱਧਰ @ਤੇ ਉਤਾਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਖੇਤਰ ਵਿੱਚ ਅਪਾਰ ਸੰਭਾਵਨਾਵਾਂ ਨੂੰ ਦੇਖਦੇ ਹੋਏ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਮਧੂਮੱਖੀ ਪਾਲਕਾਂ ਨੂੰ ਮਧੂਮੱਖੀ ਦੇ ਬਕਸਿਆਂ, ਕਾਲੋਨੀਆਂ ਅਤੇ ਉਪਕਰਨਾਂ @ਤੇ 85 ਫੀਸਦੀ ਤੱਕ ਸਬਸਿਡੀ ਉਪਲਬਧ ਕਰਵਾ ਰਹੇ ਹਾਂ।

ਉਨ੍ਹਾਂ ਨੇ ਦੱਸਿਆ ਕਿ ਮਧੂਮੱਖੀ ਪਾਲਣ ਨਾਲ ਜੁੜੇ ਕਿਸਾਨਾਂ ਨੂੰ ਅਨਿਸ਼ਚਿਤਤਾ ਅਤੇ ਬਾਜ਼ਾਰ ਦੇ ਉਤਾਰ-ਚੜ੍ਹਾਅ ਤੋਂ ਰਾਹਤ ਦਿਵਾਉਂਦੇ ਹੋਏ ਹਰਿਆਣਾ ਸਰਕਾਰ ਵੱਲੋਂ ਮਧੂਮੱਖੀ ਪਾਲਣ ਨੂੰ ਵੀ ਭਾਵੰਤਰ ਭਰਪਾਈ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਯੋਜਨਾ ਤਹਿਤ ਸ਼ਹਿਦ ਦਾ ਸੁਰੱਖਿਅਤ ਮੁੱਲ 120 ਰੁਪਏ ਕਿਲੋ ਤੈਅ ਕੀਤਾ ਗਿਆ ਹੈ। ਇਸ ਨਾਲ ਹੁਣ ਕਿਸਾਨ ਨੂੰ ਨੁਕਸਾਨ ਹੋਣ ਦਾ ਡਰ ਨਹੀਂ ਰਹਿੰਦਾ ਅਤੇ ਉਨ੍ਹਾਂ ਨੂੰ ਇੱਕ ਨਿਸ਼ਚਿਤ ਆਮਦਨ ਦੀ ਗਾਰੰਟੀ ਮਿਲੀ ਹੈ। ਇਸ ਮੌਕੇ @ਤੇ ਮੁੱਖ ਮੰਤਰੀ ਨੇ 30 ਕਿਸਾਨਾਂ ਦੇ ਖਾਤਿਆਂ ਵਿੱਚ ਭਾਵੰਤਰ ਭਰਪਾਈ ਯੋਜਨਾ ਤਹਿਤ 1 ਕਰੋੜ 2 ਲੱਖ ਰੁਪਏ ਦੀ ਉਤਸ਼ਾਹ ਰਕਮ ਜਾਰੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਮਧੂਮੱਖੀ ਪਾਲਕਾਂ ਨੂੰ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਮਧੂਮੱਖੀ ਪਾਲਣ ਨੂੰ ਮੁੱਖ ਮੰਤਰੀ ਬਾਗਬਾਨੀ ਬੀਮਾ ਯੋਜਨਾ ਵਿੱਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਨੈਸ਼ਨਲ ਮਧੂਕ੍ਰਾਂਤੀ ਪੋਰਟਲ @ਤੇ ਹਰਿਆਣਾ ਦੇ 3 ਹਜ਼ਾਰ ਤੋਂ ਵੱਧ ਮਧੂਮੱਖੀ ਪਾਲਕ ਰਜਿਸਟਰਡ ਹਨ। ਮਧੂਮੱਖੀ ਪਾਲਕਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਵਿੱਚ ਹਰਿਆਣਾ ਰਾਜ ਪਹਿਲੇ ਸਥਾਨ @ਤੇ ਹੈ।

# ਤੇਲ ਖਰੀਦ ਉਪਰ ਲਿਮਿਟ ਲਗਾਉਣ ਨੂੰ ਲੈ ਕੇ ਵੜਿੰਗ ਨੇ ਕੇਂਦਰ ਤੋਂ ਮੰਗਿਆ ਸਪਸ਼ਟੀਕਰਨ



ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਤੇਲ ਦੀ ਖਰੀਦ ਉੱਪਰ ਲਿਮਿਟ ਲਗਾਉਣ ਸੰਬੰਧੀ ਆ ਰਹੀਆਂ ਖਬਰਾਂ 'ਤੇ ਭਾਰਤ ਸਰਕਾਰ ਤੋਂ ਸਪਸ਼ਟੀਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਕੋਈ ਸਪਸ਼ਟੀਕਰਨ ਜਾਂ ਭਰੋਸਾ ਨਾ ਦਿੱਤੇ ਜਾਣ ਕਾਰਨ ਲੋਕਾਂ ਵਿੱਚ ਘਬਰਾਹਟ ਦਾ ਮਾਹੌਲ ਬਣਿਆ ਹੋਇਆ ਹੈ।

ਤੇਲ ਦੀ ਖਰੀਦ ਉੱਪਰ ਲਿਮਿਟ ਲਾਗੂ ਹੋਣ ਦੀਆਂ ਖਬਰਾਂ 'ਤੇ ਪ੍ਰਤੀਕਿਰਿਆ ਦਿੰਦਿਆਂ, ਵੜਿੰਗ ਨੇ ਕਿਹਾ ਕਿ ਇਹ ਆਉਣ ਵਾਲੇ ਸਮੇਂ ਲਈ ਕਾਫੀ ਚਿੰਤਾਜਨਕ ਅਤੇ ਭਿਆਨਕ ਸੰਕੇਤ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਲਈ ਵੀ ਲੋੜੀਂਦੇ ਤੇਲ ਦਾ ਪ੍ਰਬੰਧ ਨਹੀਂ ਕਰ ਸਕਦੇ ਹਾਂ, ਤਾਂ ਇਸ ਨਾਲ ਅਰਥਵਿਵਸਥਾ ਪੂਰੀ ਤਰ੍ਹਾਂ ਡਗਮਗਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਹਨਾਂ ਨੇ ਪ੍ਰਧਾਨ ਮੰਤਰੀ ਦੀ ਵਿਦੇਸ਼ ਫੇਰੀ ਤੇ ਟਿੱਪਣੀ ਕਰਦਿਆਂ ਕਿਹਾ ਕਿ ਦੇਸ਼ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ, ਜਦਕਿ ਸਾਡੇ ਪ੍ਰਧਾਨ ਮੰਤਰੀ ਵਿਦੇਸ਼ ਦੌਰਿਆਂ ਵਿੱਚ ਰੁੱਝੇ ਹੋਏ ਹਨ।

ਲੁਧਿਆਣਾ ਤੋਂ ਸੰਸਦ ਮੈਂਬਰ ਵੜਿੰਗ ਨੇ ਇਹ ਵੀ ਮੰਗ ਕੀਤੀ ਹੈ ਕਿ ਦੇਸ਼ ਦੇ ਸਾਹਮਣੇ ਖੜ੍ਹੇ ਊਰਜਾ ਅਤੇ ਆਰਥਿਕ ਸੰਕਟ 'ਤੇ ਚਰਚਾ ਲਈ ਸਰਕਾਰ ਨੂੰ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣਾ ਚਾਹੀਦਾ ਹੈ।

ਇਸ ਦੌਰਾਨ ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਵੱਲੋਂ ਪਹਿਲਾਂ ਦਿੱਤੀਆਂ ਚੇਤਾਵਨੀਆਂ ਦਾ ਹਵਾਲਾ ਦਿੰਦਿਆਂ, ਵੜਿੰਗ ਨੇ ਕਿਹਾ ਕਿ ਉਹ ਲਗਾਤਾਰ ਸਰਕਾਰ ਨੂੰ ਚੇਤਾਵਨੀ ਦਿੰਦੇ ਆ ਰਹੇ ਹਨ ਕਿ ਦੇਸ਼ ਦੀ ਆਰਥਿਕ ਸਥਿਤੀ ਕਮਜ਼ੋਰ ਹੋ ਰਹੀ ਹੈ ਅਤੇ ਜ਼ਮੀਨੀ ਹਾਲਾਤ ਠੀਕ ਨਹੀਂ ਹਨ।ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ ਸਰਕਾਰ ਨੂੰ ਇਮਾਨਦਾਰੀ ਨਾਲ ਚੁਣੌਤੀਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਸੰਕਟ ਹੋਰ ਗਹਿਰਾ ਹੋਣ ਤੋਂ ਪਹਿਲਾਂ ਸੁਧਾਰਾਤਮਕ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਤੇਲ 'ਤੇ ਪਾਬੰਦੀਆਂ ਲਗਾਉਣ ਜਾਂ ਲੋਕਾਂ ਨੂੰ ਖਰੀਦਦਾਰੀ ਤੋਂ ਬਚਣ ਲਈ ਕਹਿਣ ਨਾਲ ਰਾਸ਼ਟਰੀ ਸੰਕਟ ਦਾ ਹੱਲ ਨਹੀਂ ਨਿਕਲੇਗਾ।

ਵੜਿੰਗ ਨੇ ਸੁਝਾਅ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ 'ਤੇ ਸਿੱਧੇ ਤੌਰ 'ਤੇ ਦੇਸ਼ ਨੂੰ ਸੰਬੋਧਨ ਕਰਨਾ ਚਾਹੀਦਾ ਹੈ ਅਤੇ ਦੇਸ਼ ਸਾਹਮਣੇ ਖੜ੍ਹੀਆਂ ਅਸਲ ਚੁਣੌਤੀਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਤੇ ਸੰਸਦ ਵਿੱਚ ਲੋਕਾਂ ਸਾਹਮਣੇ ਸਪਸ਼ਟ ਰੋਡਮੈਪ ਪੇਸ਼ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਜ਼ੋਰ ਦਿੰਦਿਆਂ, ਕਿਹਾ ਕਿ ਪ੍ਰਧਾਨ ਮੰਤਰੀ ਨੂੰ ਤੁਰੰਤ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਵਿਰੋਧੀ ਧਿਰ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਕੌਮੀ ਚਿੰਤਾ ਦੇ ਸਮੇਂ ਸਾਂਝੀ ਚਰਚਾ ਅਤੇ ਮਿਲ ਕੇ ਹੱਲ ਕੱਢਣ ਦੀ ਲੋੜ ਹੁੰਦੀ ਹੈ, ਨਾ ਕਿ ਇਕ-ਤਰਫਾ ਫੈਸਲੇ ਲੈਣ ਦੀ।

ਸੀਨੀਅਰ ਕਾਂਗਰਸੀ ਆਗੂ ਨੇ ਕਿਹਾ ਕਿ ਭਾਰਤ ਦੇ ਲੋਕ ਗੁੰਝਲ ਨਹੀਂ, ਹੱਲ ਦੇ ਹੱਕਦਾਰ ਹਨ। ਇਸ ਚੁਣੌਤੀ ਭਰੇ ਦੌਰ ਵਿੱਚ ਨੌਕਰੀਆਂ, ਕਾਰੋਬਾਰ, ਸਪਲਾਈ ਚੇਨਾਂ ਅਤੇ ਆਮ ਲੋਕਾਂ ਦੀ ਰੋਜ਼ਮਰਾ ਜ਼ਿੰਦਗੀ ਦੀ ਸੁਰੱਖਿਆ ਲਈ ਸਰਕਾਰ ਨੂੰ ਮਜ਼ਬੂਤ ਐਕਸ਼ਨ ਪਲਾਨ ਪੇਸ਼ ਕਰਨਾ ਚਾਹੀਦਾ ਹੈ।

# ਹਰਿਆਣਾ ਉੱਚੇਰੀ ਸਿੱਖਿਆ ਵਿਭਾਗ ਦੇ ਨਵੇਂ ਸੇਵਾ ਨਿਯਮਾਂ 2026 ਨੂੰ ਮੰਤਰੀ ਮੰਡਲ ਨੇ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਸੁਪਰਡੈਂਟ (ਫੀਲਡ ਕੇਡਰ) ਦੇ ਅਹੁਦੇ ਲਈ ਨਵੇਂ ਸੇਵਾ ਨਿਯਮਾਂ, ਯਾਨੀ 'ਹਰਿਆਣਾ ਉੱਚੇਰੀ ਸਿੱਖਿਆ ਵਿਭਾਗ, ਉਪ-ਦਫ਼ਤਰ ਕਾਲਜ ਕੇਡਰ (ਗਰੁੱਪ-ਬੀ) ਸੇਵਾ ਨਿਯਮ, 2026' ਨੂੰ ਮਨਜ਼ੂਰੀ ਦਿੱਤੀ ਗਈ। ਇਹ ਨਿਯਮ ਅਧਿਕਾਰਤ ਰਾਜਪੱਤਰ (ਆਫੀਸ਼ੀਅਲ ਗਜ਼ਟ) ਵਿੱਚ ਉਨ੍ਹਾਂ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਲਾਗੂ ਹੋਣਗੇ।

ਨਵੇਂ ਨਿਯਮਾਂ ਅਨੁਸਾਰ ਨਿਯੁਕਤੀ ਲਈ ਕੇਵਲ ਵਿਦਿਅਕ ਯੋਗਤਾ ਅਤੇ ਤਜਰਬਾ (ਜੇਕਰ ਕੋਈ ਹੋਵੇ), ਪਦਉੱਨਤੀ (ਪ੍ਰਮੋਸ਼ਨ) ਅਤੇ ਬਦਲੀ (ਟ੍ਰਾਂਸਫਰ) ਜਾਂ ਡੈਪੂਟੇਸ਼ਨ (ਪ੍ਰਤੀਨਿਯੁਕਤੀ) ਦੇ ਮਾਧਿਅਮ ਰਾਹੀਂ ਤੈਅ ਕੀਤਾ ਜਾਵੇਗਾ।ਉਪ-ਸੁਪਰਡੈਂਟ (ਡਿਪਟੀ ਸੁਪਰਡੈਂਟ) ਵਜੋਂ ਇੱਕ ਸਾਲ ਦਾ ਤਜਰਬਾ ਜਾਂ ਸਹਾਇਕ (ਅਸਿਸਟੈਂਟ) ਵਜੋਂ 10 ਸਾਲ ਦਾ ਤਜਰਬਾ ਹੋਣਾ ਲਾਜ਼ਮੀ ਹੈ।ਸੁਪਰਡੈਂਟ ਵਜੋਂ ਇੱਕ ਸਾਲ ਦਾ ਤਜਰਬਾ, ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ (ਸਨਾਤਕ) ਦੀ ਡਿਗਰੀ, ਅਤੇ ਮੈਟ੍ਰਿਕ (ਦਸਵੀਂ) ਵਿੱਚ ਇੱਕ ਵਿਸ਼ੇ ਵਜੋਂ ਹਿੰਦੀ ਜਾਂ ਸੰਸਕ੍ਰਿਤ, ਜਾਂ ਉੱਚ ਸਿੱਖਿਆ ਵਿੱਚ ਇੱਕ ਵਿਸ਼ੇ ਵਜੋਂ ਹਿੰਦੀ ਵਿਸ਼ਾ ਹੋਣਾ ਲਾਜ਼ਮੀ ਹੈ।

## ਹਰਿਆਣਾ ਕੈਬਨਿਟ ਨੇ ਅਭਿਲੇਖਾਗਾਰ ਵਿਭਾਗ ਸੇਵਾ ਨਿਯਮਾਂ ਵਿੱਚ ਸੋਧ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਚੰਡੀਗੜ੍ਹ ਵਿੱਚ ਆਯੋਜਿਤ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਅਭਿਲੇਖਾਗਾਰ ਵਿਭਾਗ (ਗਰੁੱਪ-ਬੀ) ਸੇਵਾ ਨਿਯਮ, 1992 ਵਿੱਚ ਸੋਧ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ।

ਸੋਧੇ ਹੋਏ ਨਿਯਮਾਂ ਦੇ ਤਹਿਤ ਡਿਪਲੋਮਾ ਇਨ ਆਰਕਾਈਵਜ਼ ਕੀਪਿੰਗ ਦੀ ਯੋਗਤਾ ਦੇ ਸਥਾਨ 'ਤੇ ਡਿਪਲੋਮਾ ਇਨ ਆਰਕਾਈਵਜ਼ ਕੀਪਿੰਗ ਅਥਵਾ ਡਿਪਲੋਮਾ ਇਨ ਆਰਕਾਈਵਲ ਸਟਡੀਜ਼ ਅਥਵਾ ਡਿਪਲੋਮਾ ਇਨ ਆਰਕਾਈਵਜ਼ ਐਂਡ ਰਿਕਾਰਡ ਮੈਨੇਜਮੈਂਟ ਅਥਵਾ ਉਸ ਦੇ ਬਰਾਬਰ (ਸਮਕੱਖ) ਮਾਨਤਾ ਪ੍ਰਾਪਤ ਡਿਪਲੋਮਾ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਤੱਕ ਹਿੰਦੀ ਜਾਂ ਸੰਸਕ੍ਰਿਤ ਦਾ ਗਿਆਨ ਹੋਣਾ ਅਥਵਾ ਉੱਚ ਸਿੱਖਿਆ ਵਿੱਚ ਹਿੰਦੀ ਵਿਸ਼ੇ ਦਾ ਅਧਿਐਨ ਕੀਤਾ ਹੋਣਾ ਲਾਜ਼ਮੀ ਹੋਵੇਗਾ।

ਇਹ ਸੋਧ ਵਿਭਾਗ ਨੂੰ ਮੌਜੂਦਾ ਖਾਲੀ ਅਸਾਮੀਆਂ ਨੂੰ ਭਰਨ ਵਿੱਚ ਸਹਾਇਤਾ ਕਰੇਗੀ ਅਤੇ ਬਰਾਬਰ (ਸਮਕੱਖ) ਡਿਪਲੋਮਾ ਯੋਗਤਾਵਾਂ ਨੂੰ ਮਾਨਤਾ ਦੇ ਕੇ ਸਹਾਇਕ ਡਾਇਰੈਕਟਰ (ਅਸਿਸਟੈਂਟ ਡਾਇਰੈਕਟਰ) ਦੇ ਅਹੁਦੇ ਲਈ ਯੋਗ ਉਮੀਦਵਾਰਾਂ ਦੇ ਦਾਇਰੇ ਦਾ ਵਿਸਤਾਰ ਕਰੇਗੀ।

ਸੋਧੇ ਹੋਏ ਪ੍ਰਬੰਧ ਹਰਿਆਣਾ ਸਰਕਾਰ ਦੇ ਰਾਜਪੱਤਰ (ਆਫੀਸ਼ੀਅਲ ਗਜ਼ਟ) ਵਿੱਚ ਪ੍ਰਕਾਸ਼ਿਤ ਹੋਣ ਤੋਂ ਤੁਰੰਤ ਬਾਅਦ ਪ੍ਰਭਾਵਸ਼ਾਲੀ ਹੋ ਜਾਣਗੇ।

# ਕੈਬਨਿਟ ਨੇ ਪਿਛਲੀ ਨੋਟੀਫਿਕੇਸ਼ਨ ਤਹਿਤ 2024-25 ਵਿੱਚ ਜਾਰੀ 23-1/23-2 ਨਾਨ ਕ੍ਰੀਮੀ ਲੇਅਰ ਸਰਟੀਫਿਕੇਟਾਂ ਦੀ ਵੈਧਤਾ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਬੀਤੀ 17 ਨਵੰਬਰ, 2021 ਦੀ ਨੋਟੀਫਿਕੇਸ਼ਨ ਤਹਿਤ ਸਾਲ 2024-25 ਦੌਰਾਨ ਜਾਰੀ 23-1 ਅਤੇ 23-2 ਨਾਨ-ਕ੍ਰੀਮੀ ਲੇਅਰ ਸਰਟੀਫਿਕੇਟਾਂ ਨੂੰ ਵੈਧਤਾ ਦੇਣ ਦੇ ਸਬੰਧ ਵਿੱਚ ਇੱਕ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ।

ਕੈਬਨਿਟ ਵੱਲੋਂ ਲਿਆ ਗਿਆ ਇਹ ਫੈਸਲਾ ਹਰਿਆਣਾ ਲੋਕ ਸੇਵਾ ਕਮਿਸ਼ਨ ਵੱਲੋਂ ਸਾਲ 2024 ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਪੋਸਟ ਗ੍ਰੈਜੂਏਟ ਟੀਚਰ (PGT) ਦੀਆਂ 3069 ਅਸਾਮੀਆਂ ਲਈ ਜਾਰੀ ਭਰਤੀ ਇਸ਼ਤਿਹਾਰਾਂ ਦੇ ਮੱਦੇਨਜ਼ਰ ਲਿਆ ਗਿਆ ਹੈ। ਬੀਤੀ 23 ਜੁਲਾਈ, 2024 ਨੂੰ ਜਾਰੀ ਭਰਤੀ ਇਸ਼ਤਿਹਾਰ ਅਨੁਸਾਰ, 23-1 ਅਤੇ 23-2 ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਨਵੀਨਤਮ ਸਰਕਾਰੀ ਹਦਾਇਤਾਂ ਅਤੇ 16 ਜੁਲਾਈ, 2024 ਦੀ ਨੋਟੀਫਿਕੇਸ਼ਨ ਦੇ ਅਨੁਰੂਪ ਨਵੇਂ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀ ਲੋੜ ਸੀ।16 ਜੁਲਾਈ, 2024 ਦੀ ਨਵੀਂ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ, 17 ਨਵੰਬਰ, 2021 ਦੀ ਨੋਟੀਫਿਕੇਸ਼ਨ ਤਹਿਤ ਪਹਿਲਾਂ ਜਾਰੀ ਕੀਤੇ ਗਏ ਸਰਟੀਫਿਕੇਟਾਂ ਨੂੰ ਐਚਪੀਐਸਸੀ ਵੱਲੋਂ ਵੈਧ ਨਹੀਂ ਮੰਨਿਆ ਜਾ ਰਿਹਾ ਸੀ, ਜਿਸ ਦੇ ਨਤੀਜੇ ਵਜੋਂ ਕਈ ਬਿਨੈਕਾਰਾਂ ਦੀ ਉਮੀਦਵਾਰੀ ਰੱਦ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਕਈ ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ।

ਕੈਬਨਿਟ ਨੂੰ ਸੂਚਿਤ ਕੀਤਾ ਗਿਆ ਕਿ 16 ਜੁਲਾਈ, 2024 ਦੀ ਨੋਟੀਫਿਕੇਸ਼ਨ ਵਿੱਚ ਕੀਤਾ ਗਿਆ ਮੁੱਖ ਬਦਲਾਅ ਸਿਰਫ ਕ੍ਰੀਮੀ ਲੇਅਰ ਦੀ ਸਥਿਤੀ ਨਿਰਧਾਰਤ ਕਰਨ ਲਈ ਸਾਲਾਨਾ ਆਮਦਨ ਸੀਮਾ ਨੂੰ 6 ਲੱਖ ਰੁਪਏ ਤੋਂ ਵਧਾ ਕੇ 8 ਲੱਖ ਰੁਪਏ ਕਰਨ ਨਾਲ ਸਬੰਧਤ ਹੈ। ਇਸ ਲਈ, ਜਿਹੜੇ ਉਮੀਦਵਾਰ 2021 ਦੀ ਨੋਟੀਫਿਕੇਸ਼ਨ ਅਨੁਸਾਰ ਨਾਨ-ਕ੍ਰੀਮੀ ਲੇਅਰ ਦੇ ਅੰਤਰਗਤ ਵਰਗੀਕ੍ਰਿਤ ਸਨ, ਉਹ ਸੋਧੇ ਹੋਏ ਮਾਪਦੰਡਾਂ ਤਹਿਤ ਵੀ ਨਾਨ-ਕ੍ਰੀਮੀ ਲੇਅਰ ਸ਼੍ਰੇਣੀ ਵਿੱਚ ਹੀ ਬਣੇ ਰਹਿਣਗੇ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਕੈਬਨਿਟ ਨੇ ਮਨਜ਼ੂਰੀ ਦਿੱਤੀ ਕਿ 17 ਨਵੰਬਰ, 2021 ਦੀ ਨੋਟੀਫਿਕੇਸ਼ਨ ਤਹਿਤ ਸਾਲ 2024-25 ਦੌਰਾਨ, 23 ਜੁਲਾਈ, 2024 ਤੋਂ ਪਹਿਲਾਂ ਜਾਰੀ ਕੀਤੇ ਗਏ 23-1/23-2 (ਨਾਨ-ਕ੍ਰੀਮੀ ਲੇਅਰ) ਸਰਟੀਫਿਕੇਟਾਂ ਨੂੰ ਸਾਰੇ ਉਦੇਸ਼ਾਂ ਲਈ ਵੈਧ ਮੰਨਿਆ ਜਾਵੇਗਾ। ਇਸ ਫੈਸਲੇ ਨਾਲ ਪ੍ਰਭਾਵਿਤ ਉਮੀਦਵਾਰਾਂ ਨੂੰ ਕਾਫੀ ਰਾਹਤ ਮਿਲਣ ਅਤੇ ਭਰਤੀ ਪ੍ਰਕਿਰਿਆ ਵਿੱਚ ਨਿਰਪੱਖਤਾ ਯਕੀਨੀ ਹੋਵੇਗੀ।

# ਹਰਿਆਣਾ ਕੈਬਨਿਟ ਨੇ ਐਨਸੀਆਰ ਵਿੱਚ ਬਿਹਤਰ ਆਵਾਜਾਈ ਨੂੰ ਪ੍ਰੋਤਸਾਹਨ ਕਰਨ ਲਈ ਐਗਰੀਗੇਟਰ ਅਤੇ/ਜਾਂ ਡਿਲੀਵਰੀ ਸਰਵਿਸ ਪ੍ਰੋਵਾਈਡਰਸ ਲਈ ਨਵੇਂ ਨਿਯਮਾਂ ਨੂੰ ਮਨਜ਼ੂਰੀ ਦਿੱਤੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਮੋਟਰ ਵਹੀਕਲਜ਼ ਰੂਲਜ਼, 1993 ਦੇ ਤਹਿਤ ਮਿਨਿਸਟਰੀ ਆਫ਼ ਰੋਡ ਟਰਾਂਸਪੋਰਟ ਐਂਡ ਹਾਈਵੇਜ਼ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਦੇ ਨਿਰਦੇਸ਼ਾਂ ਅਨੁਸਾਰ ਐਗਰੀਗੇਟਰ ਲਾਇਸੈਂਸ ਦੇਣ ਲਈ ਨਿਯਮਾਂ ਨੂੰ ਮਨਜ਼ੂਰੀ ਦਿੱਤੀ ਗਈ। ਇਹ ਫੈਸਲਾ ਰਾਜ ਦੇ ਐਨਸੀਆਰ (NCR) ਜ਼ਿਲ੍ਹਿਆਂ ਵਿੱਚ ਬਿਹਤਰ ਆਵਾਜਾਈ ਨੂੰ ਉਤਸ਼ਾਹਿਤ ਕਰਨ, ਵਾਹਨਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਅਤੇ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਲਿਆ ਗਿਆ ਹੈ।

ਸੋਧੇ ਹੋਏ ਨਿਯਮਾਂ ਦੇ ਤਹਿਤ 1 ਜਨਵਰੀ, 2026 ਤੋਂ ਰਾਸ਼ਟਰੀ ਰਾਜਧਾਨੀ ਖੇਤਰਾਂ ਵਿੱਚ ਨਵੇਂ ਐਗਰੀਗੇਟਰਸ, ਡਿਲੀਵਰੀ ਸਰਵਿਸ ਪ੍ਰੋਵਾਈਡਰਸ ਅਤੇ ਈ-ਕਾਮਰਸ ਕੰਪਨੀਆਂ ਦੇ ਬੇੜੇ ਵਿੱਚ ਸ਼ਾਮਲ ਸਾਰੇ ਵਾਹਨ ਲਾਜ਼ਮੀ ਤੌਰ 'ਤੇ ਸੀਐਨਜੀ, ਇਲੈਕਟ੍ਰਿਕ ਵਹੀਕਲ, ਬੈਟਰੀ ਨਾਲ ਚੱਲਣ ਵਾਲੀਆਂ ਗੱਡੀਆਂ ਜਾਂ ਕਿਸੇ ਦੂਜੇ ਸਭ ਤੋਂ ਸਾਫ਼ ਸੁਥਰੇ ਬਾਲਣ 'ਤੇ ਅਧਾਰਤ ਹੋਣਗੇ। ਇਸ ਤੋਂ ਇਲਾਵਾ, ਐਨਸੀਆਰ ਖੇਤਰਾਂ ਵਿੱਚ ਮੌਜੂਦਾ ਬੇੜੇ ਵਿੱਚ ਸਿਰਫ਼ ਸੀਐਨਜੀ ਜਾਂ ਇਲੈਕਟ੍ਰਿਕ 3-ਵ੍ਹੀਲਰ, ਆਟੋ-ਰਿਕਸ਼ਾ ਨੂੰ ਹੀ ਸ਼ਾਮਲ ਕਰਨ ਦੀ ਇਜਾਜ਼ਤ ਹੋਵੇਗੀ।

ਕੈਬਨਿਟ ਨੇ ਰਾਜ ਵਿੱਚ ਚੱਲ ਰਹੇ ਐਪ-ਬੇਸਡ ਪੈਸੇਂਜਰ ਐਗਰੀਗੇਟਰਸ ਅਤੇ ਡਿਲੀਵਰੀ ਸਰਵਿਸ ਪ੍ਰੋਵਾਈਡਰਸ ਲਈ ਇੱਕ ਵੱਡਾ ਰੈਗੂਲੇਟਰੀ ਫਰੇਮਵਰਕ ਬਣਾਉਣ ਲਈ ਹਰਿਆਣਾ ਮੋਟਰ ਵਹੀਕਲਜ਼ ਰੂਲਜ਼, 1993 ਦੇ ਰੂਲ 86 ਏ ਵਿੱਚ ਬਦਲਾਅ ਦੀ ਵੀ ਮਨਜ਼ੂਰੀ ਦਿੱਤੀ।ਨਵੇਂ ਨਿਯਮਾਂ ਵਿੱਚ ਐਗਰੀਗੇਟਰਸ ਅਤੇ ਡਿਲੀਵਰੀ ਸਰਵਿਸ ਪ੍ਰੋਵਾਈਡਰਸ ਲਈ ਲੋੜੀਂਦੀ ਲਾਇਸੈਂਸਿੰਗ, ਡਰਾਈਵਰਾਂ ਅਤੇ ਗੱਡੀਆਂ ਲਈ ਆਨਬੋਰਡਿੰਗ ਨਿਯਮ, ਪੈਸੇਂਜਰ ਸੁਰੱਖਿਆ ਦੇ ਉਪਾਅ, ਸ਼ਿਕਾਇਤ ਨਿਵਾਰਨ ਦੇ ਤਰੀਕੇ, ਪ੍ਰੇਰਨਾ ਅਤੇ ਮੁੜ-ਸਿਖਲਾਈ (ਰਿਫ੍ਰੈਸ਼ਰ) ਸਿਖਲਾਈ ਪ੍ਰੋਗਰਾਮ, ਡਰਾਈਵਰਾਂ ਅਤੇ ਪੈਸੇਂਜਰਾਂ ਲਈ ਇੰਸ਼ੋਰੈਂਸ ਕਵਰੇਜ, ਐਪਸ ਲਈ ਸਾਈਬਰ ਸਿਕਿਉਰਿਟੀ ਦੀ ਪਾਲਣਾ ਅਤੇ ਕਿਰਾਏ ਦਾ ਰੈਗੂਲੇਸ਼ਨ ਸ਼ਾਮਲ ਹਨ।ਨਿਯਮਾਂ ਅਨੁਸਾਰ ਐਗਰੀਗੇਟਰਸ ਅਤੇ ਡਿਲੀਵਰੀ ਸਰਵਿਸ ਪ੍ਰੋਵਾਈਡਰਸ ਨੂੰ ਯਾਤਰੀਆਂ ਲਈ ਘੱਟੋ-ਘੱਟ 5 ਲੱਖ ਰੁਪਏ ਦਾ ਬੀਮਾ ਕਵਰੇਜ, ਡਰਾਈਵਰਾਂ ਲਈ ਘੱਟੋ-ਘੱਟ 5 ਲੱਖ ਰੁਪਏ ਦਾ ਸਿਹਤ ਬੀਮਾ ਅਤੇ ਆਨਬੋਰਡਡ ਡਰਾਈਵਰਾਂ ਲਈ ਘੱਟੋ-ਘੱਟ 10 ਲੱਖ ਰੁਪਏ ਦਾ ਟਰਮ ਇੰਸ਼ੋਰੈਂਸ ਕਰਵਾਉਣਾ ਲਾਜ਼ਮੀ ਹੋਵੇਗਾ।



ਇਨ੍ਹਾਂ ਨਿਯਮਾਂ ਦੇ ਤਹਿਤ ਗੱਡੀਆਂ ਵਿੱਚ ਵਹੀਕਲ ਲੋਕੇਸ਼ਨ ਟ੍ਰੈਕਿੰਗ ਡਿਵਾਈਸ, ਪੈਨਿਕ ਬਟਨ, ਫਸਟ-ਐਡ ਕਿੱਟ ਅਤੇ ਫਾਇਰ ਐਕਸਟਿੰਗਵਿਸ਼ਰ (ਅੱਗ ਬੁਝਾਊ ਯੰਤਰ) ਲਗਾਉਣਾ ਵੀ ਜ਼ਰੂਰੀ ਹੈ। ਐਗਰੀਗੇਟਰਸ ਨੂੰ ਪੈਸੇਂਜਰ ਦੀ ਮਦਦ ਅਤੇ ਸ਼ਿਕਾਇਤ ਦੂਰ ਕਰਨ ਲਈ 24⊘7 ਘੰਟੇ ਕੰਟਰੋਲ ਰੂਮ ਅਤੇ ਕਾਲ ਸੈਂਟਰ ਵੀ ਬਣਾਉਣੇ ਪੈਣਗੇ।ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨੂੰ ਮਜ਼ਬੂਤ ਕਰਨ ਲਈ ਨਿਯਮਾਂ ਵਿੱਚ 'ਵਾਹਨ' ਅਤੇ 'ਸਾਰਥੀ' ਪੋਰਟਲ ਦੇ ਜ਼ਰੀਏ ਗੱਡੀ ਅਤੇ ਡਰਾਈਵਰ ਦੇ ਵੇਰਵਿਆਂ ਦਾ ਡਿਜੀਟਲ ਪ੍ਰਮਾਣੀਕਰਨ ਕਰਨ ਦਾ ਪ੍ਰਬੰਧ ਕਰਨਾ ਹੈ। ਐਗਰੀਗੇਟਰਸ ਅਤੇ ਡਿਲੀਵਰੀ ਸਰਵਿਸ ਪ੍ਰੋਵਾਈਡਰਸ ਨੂੰ ਆਨਬੋਰਡਡ ਡਰਾਈਵਰਾਂ ਅਤੇ ਗੱਡੀਆਂ ਦਾ ਵਿਸਤ੍ਰਿਤ (ਡਿਟੇਲਡ) ਡਿਜੀਟਲ ਰਿਕਾਰਡ ਵੀ ਰੱਖਣਾ ਹੋਵੇਗਾ।

ਮੀਟਿੰਗ ਵਿੱਚ ਮੰਤਰੀ ਪ੍ਰੀਸ਼ਦ ਨੂੰ ਜਾਣੂ ਕਰਵਾਇਆ ਗਿਆ ਕਿ ਐਗਰੀਗੇਟਰਸ, ਡਿਲੀਵਰੀ ਸਰਵਿਸ ਪ੍ਰੋਵਾਈਡਰਸ ਅਤੇ ਈ-ਕਾਮਰਸ ਸੰਸਥਾਵਾਂ ਲਈ ਰਜਿਸਟ੍ਰੇਸ਼ਨ ਅਤੇ ਲਾਇਸੈਂਸਿੰਗ ਪ੍ਰਕਿਰਿਆ ਨਿਰਧਾਰਤ ਪੋਰਟਲ cleanmobility.haryanatransport.gov.in ਦੇ ਜ਼ਰੀਏ ਸੰਚਾਲਿਤ ਕੀਤੀ ਜਾਵੇਗੀ। ਨਵੇਂ ਫਰੇਮਵਰਕ ਵਿੱਚ ਡਰਾਈਵਰ ਵੈਲਫੇਅਰ (ਭਲਾਈ), ਕਿਰਾਇਆ ਸ਼ੇਅਰਿੰਗ, ਸੇਫਟੀ ਸਟੈਂਡਰਡ (ਸੁਰੱਖਿਆ ਮਾਪਦੰਡ), ਦਿਵਿਆਂਗਜਨ-ਫ੍ਰੈਂਡਲੀ ਗੱਡੀਆਂ ਨੂੰ ਸ਼ਾਮਲ ਕਰਨ ਅਤੇ ਇਲੈਕਟ੍ਰਿਕ ਮੋਬਿਲਿਟੀ ਵੱਲ ਵਧਣ ਨਾਲ ਜੁੜੇ ਨਿਯਮ ਵੀ ਸ਼ਾਮਲ ਕੀਤੇ ਗਏ ਹਨ।

# ਹਰਿਆਣਾ ਕੈਬਨਿਟ ਨੇ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਯੂਨੀਫਾਈਡ ਪੈਂਸ਼ਨ ਸਕੀਮ ਤਹਿਤ ਵਨ-ਟਾਈਮ, ਵਨ-ਵੇਅ ਸਵਿੱਚ ਸਹੂਲਤ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਚੰਡੀਗੜ੍ਹ ਵਿੱਚ ਆਯੋਜਿਤ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ ਰਾਜ ਸਰਕਾਰ ਦੇ ਕਰਮਚਾਰੀਆਂ ਦੇ ਸਬੰਧ ਵਿੱਚ ਯੂਨੀਫਾਈਡ ਪੈਂਸ਼ਨ ਸਕੀਮ ਤਹਿਤ ਵਨ-ਟਾਈਮ, ਵਨ-ਵੇਅ ਸਵਿੱਚ ਸਹੂਲਤ (One-time, One-way Switch Facility) ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ।

ਵਰਨਣਯੋਗ ਹੈ ਕਿ ਭਾਰਤ ਸਰਕਾਰ ਨੇ 24 ਜਨਵਰੀ, 2025 ਦੀ ਨੋਟੀਫਿਕੇਸ਼ਨ ਦੇ ਮਾਧਿਅਮ ਰਾਹੀਂ ਰਾਸ਼ਟਰੀ ਪੈਂਸ਼ਨ ਪ੍ਰਣਾਲੀ ਦੇ ਤਹਿਤ ਇੱਕ ਵਿਕਲਪ ਵਜੋਂ ਯੂਨੀਫਾਈਡ ਪੈਂਸ਼ਨ ਸਕੀਮ ਲਾਗੂ ਕੀਤੀ ਸੀ, ਜੋ 1 ਅਪ੍ਰੈਲ, 2025 ਤੋਂ ਪ੍ਰਭਾਵਸ਼ਾਲੀ ਹੋਈ।

ਇਸੇ ਤਰ੍ਹਾਂ, ਭਾਰਤ ਸਰਕਾਰ ਦੇ ਅਨੁਰੂਪ ਹਰਿਆਣਾ ਸਰਕਾਰ ਨੇ ਵੀ 2 ਜੁਲਾਈ, 2025 ਦੀ ਨੋਟੀਫਿਕੇਸ਼ਨ ਦੇ ਮਾਧਿਅਮ ਰਾਹੀਂ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਯੂਨੀਫਾਈਡ ਪੈਂਸ਼ਨ ਸਕੀਮ ਲਾਗੂ ਕੀਤੀ ਸੀ, ਜੋ 1 ਅਗਸਤ, 2025 ਤੋਂ ਪ੍ਰਭਾਵਸ਼ਾਲੀ ਹੋਈ।

ਇਸ ਤੋਂ ਬਾਅਦ, ਭਾਰਤ ਸਰਕਾਰ ਨੇ 25 ਅਗਸਤ, 2025 ਦੇ ਦਫ਼ਤਰੀ ਮੈਮੋਰੰਡਮ (ਕਾਰਜਾਲਿਆ ਗਿਆਪਨ) ਦੇ ਮਾਧਿਅਮ ਰਾਹੀਂ ਯੂਨੀਫਾਈਡ ਪੈਂਸ਼ਨ ਸਕੀਮ ਤੋਂ ਰਾਸ਼ਟਰੀ ਪੈਂਸ਼ਨ ਪ੍ਰਣਾਲੀ ਵਿੱਚ ਵਨ-ਟਾਈਮ, ਵਨ-ਵੇਅ ਸਵਿੱਚ ਸਹੂਲਤ ਪ੍ਰਦਾਨ ਕੀਤੀ।

ਇਸ ਦੇ ਮੱਦੇਨਜ਼ਰ ਉਕਤ ਫੈਸਲੇ ਨੂੰ ਰਾਜ ਸਰਕਾਰ ਵੱਲੋਂ ਆਪਣੇ ਕਰਮਚਾਰੀਆਂ ਦੇ ਸਬੰਧ ਵਿੱਚ 2 ਜੁਲਾਈ, 2025 ਨੂੰ ਅਧਿਸੂਚਿਤ ਸੂਚਨਾ ਦਾ ਵੀ ਸੰਦਰਭ ਲਿਆ ਜਾਵੇਗਾ ਕਿ ਇੱਕ ਨਾਲ ਇੱਕ ਹੀ ਤਰੀਕੇ ਨਾਲ ਯੂਨੀਫਾਈਡ ਪੈਂਸ਼ਨ ਸਕੀਮ ਨੂੰ ਹਰਿਆਣਾ ਨਵੀਂ ਪੈਂਸ਼ਨ ਸਕੀਮ ਦੀ ਉਪਲਬਧਤਾ ਉਨ੍ਹਾਂ ਸਾਰੇ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਹੋਵੇਗੀ ਜਿਨ੍ਹਾਂ ਨੇ ਯੂਨੀਫਾਈਡ ਪੈਂਸ਼ਨ ਸਕੀਮ ਦਾ ਵਿਕਲਪ ਚੁਣਿਆ ਹੈ।

ਇਸ ਸਵਿੱਚ ਸਹੂਲਤ ਦਾ ਪ੍ਰਯੋਗ ਯੂਨੀਫਾਈਡ ਪੈਂਸ਼ਨ ਸਕੀਮ ਦਾ ਵਿਕਲਪ ਚੁਣਨ ਵਾਲੇ ਕਰਮਚਾਰੀ ਕਿਸੇ ਵੀ ਸਮੇਂ ਕਰ ਸਕਣਗੇ, ਪਰ ਸੁਪਰਐਨੂਏਸ਼ਨ (ਸੇਵਾਮੁਕਤੀ) ਦੀ ਮਿਤੀ ਤੋਂ ਇੱਕ ਸਾਲ ਪਹਿਲਾਂ ਤੱਕ ਹੀ ਇਸ ਦਾ ਲਾਭ ਲਿਆ ਜਾ ਸਕੇਗਾ। ਜੇਕਰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸਵਿੱਚ ਸਹੂਲਤ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ, ਤਾਂ ਸਬੰਧਤ ਕਰਮਚਾਰੀ ਡਿਫਾਲਟ ਰੂਪ ਵਿੱਚ ਯੂਨੀਫਾਈਡ ਪੈਂਸ਼ਨ ਸਕੀਮ ਦੇ ਅੰਤਰਗਤ ਹੀ ਬਣਿਆ ਰਹੇਗਾ।

ਇਸ ਤੋਂ ਇਲਾਵਾ, ਜਿਨ੍ਹਾਂ ਮਾਮਲਿਆਂ ਵਿੱਚ ਕਰਮਚਾਰੀ ਨੂੰ ਸਜ਼ਾ ਵਜੋਂ ਸੇਵਾ ਤੋਂ ਹਟਾਇਆ ਗਿਆ ਹੋਵੇ, ਬਰਖਾਸਤ ਕੀਤਾ ਗਿਆ ਹੋਵੇ ਜਾਂ ਲਾਜ਼ਮੀ ਸੇਵਾਮੁਕਤੀ ਦਿੱਤੀ ਗਈ ਹੋਵੇ ਜਾਂ ਜਿਨ੍ਹਾਂ ਮਾਮਲਿਆਂ ਵਿੱਚ ਭਾਰੀ ਜੁਰਮਾਨਾ ਹੋਵੇ, ਵਿਭਾਗੀ ਅਨੁਸ਼ਾਸਨੀ ਕਾਰਵਾਈ ਲੰਬਿਤ (ਪੈਂਡਿੰਗ) ਜਾਂ ਪ੍ਰਸਤਾਵਿਤ ਹੋਵੇ, ਉਨ੍ਹਾਂ ਵਿੱਚ ਇਹ ਸਵਿੱਚ ਸਹੂਲਤ ਪ੍ਰਵਾਨਯੋਗ ਨਹੀਂ ਹੋਵੇਗੀ।

# ਅਬਜ਼ਰਵਰ ਨੇ ਜ਼ਿਲ੍ਹਾ ਚੋਣ ਅਫਸਰ, ਐੱਸ ਐੱਸ ਪੀ ਅਤੇ ਰਿਟਰਨਿੰਗ ਅ.ਫਸਰਾਂ ਨਾਲ ਕੀਤੀ ਬੈਠਕ



ਬਠਿੰਡਾ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਬਠਿੰਡਾ ਸਮੇਤ 6 ਨਗਰ ਕੌਂਸਲਾਂ ਅਤੇ 8 ਨਗਰ ਪੰਚਾਇਤਾਂ ਚ ਹੋਣ ਵਾਲੀਆਂ ਆਮ ਚੋਣਾਂ ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ। ਇਸ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਸਮੇਤ ਸਾਰਾ ਚੋਣ ਅਮਲਾ ਆਪਣਾ ਕੰਮ ਤਨਦੇਹੀ ਨਾਲ ਅਤੇ ਪਾਰਦਰਸ਼ਤਾ ਨਾਲ ਕੰਮ ਕਰੇ।

ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਨਗਰ ਨਿਗਮ/ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ-2026 ਦੌਰਾਨ ਨਿਯੁਕਤ ਅਬਜ਼ਰਵਰ ਹਰਸੁਹਿੰਦਰ ਪਾਲ ਸਿੰਘ ਬਰਾੜ, ਆਈ.ਏ.ਐਸ., ਡਾਇਰੈਕਟਰ, ਉਚੇਰੀ ਸਿੱਖਿਆ, ਪੰਜਾਬ ਨੇ ਇਸ ਗੱਲ ਦਾ ਪ੍ਰਗਟਾਵਾ ਅੱਜ ਜ਼ਿਲ੍ਹਾ ਚੋਣ ਅਫਸਰ ਸ਼੍ਰੀ ਰਾਜੇਸ਼ ਧੀਮਾਨ, ਐੱਸ.ਐੱਸ.ਪੀ ਬਠਿੰਡਾ ਡਾ. ਜਯੋਤੀ ਯਾਦਵ ਬੈਂਸ ਅਤੇ ਸਮੂਹ ਰਿਟਰਨਿੰਗ ਅਫਸਰਾਂ ਨਾਲ ਵਿਸ਼ੇਸ਼ ਬੈਠਕ ਦੌਰਾਨ ਚੋਣਾਂ ਬਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੀਤਾ।

ਉਨ੍ਹਾਂ ਰਿਟਰਨਿੰਗ ਅਫਸਰਾਂ ਨੂੰ ਹਦਾਇਤ ਕੀਤੀ ਕਿ ਪੋਲਿੰਗ ਪਾਰਟੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿੱਟਾਂ ਸਮੇਂ-ਸਿਰ ਤਕਸੀਮ ਕੀਤੀਆਂ ਜਾਣ। ਨਾਲ ਹੀ ਉਨ੍ਹਾਂ ਪੁਲਿਸ ਨੂੰ ਹਦਾਇਤ ਕੀਤੀ ਕਿ ਚੋਣ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦੀਆਂ ਹਿਦਾਇਤਾਂ ਅਨੁਸਾਰ ਸੁਰੱਖਿਆ ਦੇ ਇੰਤਜਾਮ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਚੋਣ ਸਬੰਧੀ ਕਿਸੇ ਵੀ ਸ਼ਿਕਾਇਤ ਲਈ ਉਨ੍ਹਾਂ ਦੇ ਮੋਬਾਇਲ ਨੰਬਰ 95927-16353 ਹੈ ਅਤੇ ਈ ਮੇਲ ਆਈ ਡੀ hpsbrar@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਦਾ ਦਫ਼ਤਰ ਲੇਕ ਵਿਊ ਗੈਸਟ ਹਾਊਸ, ਬਠਿੰਡਾ ਵਿਖੇ ਸਥਾਪਿਤ ਕੀਤਾ ਗਿਆ ਹੈ।

ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਸ਼੍ਰੀ ਬਲਕਰਨ ਸਿੰਘ, ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ਼੍ਰੀ ਅਮਨਦੀਪ ਸਿੰਘ ਮਾਵੀ, ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਨਗਰ ਨਿਗਮ/ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ-2026 ਦੌਰਾਨ ਨਿਯੁਕਤ ਅਬਜ਼ਰਵਰ ਹਰਸੁਹਿੰਦਰ ਪਾਲ ਸਿੰਘ ਬਰਾੜ, ਆਈ.ਏ.ਐਸ., ਡਾਇਰੈਕਟਰ, ਉਚੇਰੀ ਸਿੱਖਿਆ, ਪੰਜਾਬ ਨੇ ਇਸ ਗੱਲ ਦਾ ਪ੍ਰਗਟਾਵਾ ਅੱਜ ਜ਼ਿਲ੍ਹਾ ਚੋਣ ਅਫਸਰ ਸ਼੍ਰੀ ਰਾਜੇਸ਼ ਧੀਮਾਨ, ਐੱਸ.ਐੱਸ.ਪੀ ਬਠਿੰਡਾ ਡਾ. ਜਯੋਤੀ ਯਾਦਵ ਬੈਂਸ ਅਤੇ ਸਮੂਹ ਰਿਟਰਨਿੰਗ ਅਫਸਰਾਂ ਨਾਲ ਵਿਸ਼ੇਸ਼ ਬੈਠਕ ਦੌਰਾਨ ਚੋਣਾਂ ਬਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੀਤਾ।ਉਨ੍ਹਾਂ ਰਿਟਰਨਿੰਗ ਅਫਸਰਾਂ ਨੂੰ ਹਦਾਇਤ ਕੀਤੀ ਕਿ ਪੋਲਿੰਗ ਪਾਰਟੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿੱਟਾਂ ਸਮੇਂ-ਸਿਰ ਤਕਸੀਮ ਕੀਤੀਆਂ ਜਾਣ। ਨਾਲ ਹੀ ਉਨ੍ਹਾਂ ਪੁਲਿਸ ਨੂੰ ਹਦਾਇਤ ਕੀਤੀ ਕਿ ਚੋਣ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦੀਆਂ ਹਿਦਾਇਤਾਂ ਅਨੁਸਾਰ ਸੁਰੱਖਿਆ ਦੇ ਇੰਤਜਾਮ ਕੀਤੇ ਜਾਣ।ਉਨ੍ਹਾਂ ਕਿਹਾ ਕਿ ਚੋਣ ਸਬੰਧੀ ਕਿਸੇ ਵੀ ਸ਼ਿਕਾਇਤ ਲਈ ਉਨ੍ਹਾਂ ਦੇ ਮੋਬਾਇਲ ਨੰਬਰ 95927-16353 ਉਪ ਮੰਡਲ ਮੈਜਿਸਟ੍ਰੇਟ ਮੌੜ ਸ਼੍ਰੀ ਗੁਰਜਿੰਦਰ ਪਾਲ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਆਦਿ ਹਾਜ਼ਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਲਾਇਆ ਜਾਗਰੂਕਤਾ ਕੈਂਪ




ਹੁਸ਼ਿਆਰਪੁਰ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਸੂਬੇ ਵਿਚ ਖਾਦਾਂ ਦੀ ਸੰਤੁਲਿਤ ਵਰਤੋਂ ਲਈ ਕੀਤੇ ਜਾ ਰਹੇ ਵੱਖ-ਵੱਖ ਉਪਰਾਲਿਆਂ ਦੀ ਲੜੀ ਤਹਿਤ ਪੀ.ਏ.ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵਲੋਂ ਮਾਹਿਲਪੁਰ ਬਲਾਕ ਦੇ ਖਾਦ ਅਤੇ ਬੀਜ ਵਿਕਰੇਤਾਵਾਂ ਲਈ ਕੇ.ਵੀ.ਕੇ. ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਕੈਂਪ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕਈ ਫ਼ਸਲਾਂ ਵਿੱਚ ਖਾਦਾਂ ਦੀ ਅਸੰਤੁਲਿਤ ਵਰਤੋਂ ਦੇਖੀ ਜਾ ਰਹੀ ਹੈ ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਦੇਸ਼ ਪੱਧਰੀ ਮੁਹਿੰਮ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਖਾਦ ਅਤੇ ਬੀਜ ਡੀਲਰਾਂ ਲਈ ਕਰਵਾਇਆ ਹੈ। ਉਨ੍ਹਾਂ ਨੇ ਖਾਦ ਅਤੇ ਬੀਜ ਵਿਕਰੇਤਾਵਾਂ ਨੂੰ ਮਿੱਟੀ ਅਤੇ ਪਾਣੀ ਦੀ ਜਾਂਚ ਸਮੇਤ ਕੇ.ਵੀ.ਕੇ. ਵਿਖੇ ਉਪਲਬੱਧ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਡੀਲਰਾਂ ਨੂੰ ਕਿਸਾਨਾਂ ਨੂੰ ਖਾਦਾਂ ਦੀ ਸੰਤੁਲਿਤ ਅਤੇ ਸੁਚੱਜੀ ਵਰਤੋਂ ਲਈ ਇਨ੍ਹਾਂ ਸੇਵਾਵਾਂ ਦਾ ਲਾਭ ਉਠਾਉਣ ਲਈ ਸਲਾਹ ਦੇਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਸਾਉਣੀ ਦੀਆਂ ਫ਼ਸਲਾਂ ਦੇ ਝਾੜ ਨੂੰ ਬਿਹਤਰ ਬਣਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫ਼ਾਰਸ਼ ਕੀਤੀਆਂ ਜੈਵਿਕ ਖਾਦਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਕੈਂਪ ਦੌਰਾਨ ਸਹਿਯੋਗੀ ਪ੍ਰੋਫੈਸਰ (ਫਸਲ ਵਿਗਿਆਨ) ਡਾ. ਗੁਰਪ੍ਰਤਾਪ ਸਿੰਘ ਨੇ ਝੋਨਾ, ਸਾਉਣੀ ਮੱਕੀ ਅਤੇ ਹੋਰ ਫ਼ਸਲਾਂ ਵਿੱਚ ਖਾਦ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਹਰੀ ਖਾਦ ਅਤੇ ਰੂੜੀ ਖਾਦ ਦੀ ਵਰਤੋਂ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਜੇ ਪਿਛਲੇ ਹਾੜ੍ਹੀ ਦੇ ਸਮੇਂ ਦੌਰਾਨ ਸਿਫ਼ਾਰਸ਼ ਕੀਤੀ ਫਾਸਫੋਰਸ ਖਾਦ ਦੀ ਵਰਤੋਂ ਕੀਤੀ ਗਈ ਹੈ ਤਾਂ ਸਾਉਣੀ ਦੀਆਂ ਫਸਲਾਂ ਵਿੱਚ ਫਾਸਫੋਰਸ ਖਾਦਾਂ ਦੀ ਵਰਤੋਂ ਦੀ ਲੋੜ ਨਹੀਂ ਹੈ।ਸਹਾਇਕ ਪ੍ਰੋਫੈਸਰ (ਸਬਜ਼ੀਆਂ ਵਿਗਿਆਨ) ਡਾ. ਕਰਮਵੀਰ ਸਿੰਘ ਗਰਚਾ ਨੇ ਸਬਜ਼ੀਆਂ ਅਤੇ ਫਲਾਂ ਦੀਆਂ ਫ਼ਸਲਾਂ ਵਿੱਚ ਮਿੱਟੀ ਪਰਖ ਅਧਾਰਤ ਖਾਦ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਨੂੰ ਪੀ.ਏ.ਯੂ. ਦੁਆਰਾ ਸਿਫ਼ਾਰਸ਼ ਕੀਤੀਆਂ ਘੱਟ ਮਿਆਦ ਵਾਲੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਕਿ ਪੀ.ਆਰ.126 ਅਤੇ ਨਵੀਂ ਕਿਸਮ ਪੀ.ਆਰ.133 ਨੂੰ ਅਪਨਾਉਣ ਲਈ ਵੀ ਉਤਸ਼ਾਹਿਤ ਕੀਤਾ।ਇਕੱਠ ਨੂੰ ਸੰਬੋਧਨ ਕਰਦਿਆਂ ਖੇਤੀਬਾੜੀ ਵਿਕਾਸ ਅਫਸਰ ਡਾ. ਸਿਮਰਨਜੀਤ ਸਿੰਘ ਨੇ ਵਿਕਰੇਤਾਵਾਂ ਨੂੰ ਖਾਦ ਅਤੇ ਬੀਜ ਵਿਕਰੀ ਦਾ ਰਿਕਾਰਡ ਰੱਖਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਸਾਨਾਂ ਦੀ ਬਿਹਤਰੀ ਲਈ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

# ਹਰਿਆਣਾ ਕੈਬਨਿਟ ਨੇ ਗੈਰ-ਕਾਨੂੰਨੀ ਉਦਯੋਗਿਕ ਇਕਾਈਆਂ ਦੇ ਨਿਯਮਤਕਰਨ ਲਈ ਨੀਤੀਗਤ ਸੋਧਾਂ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ 'ਹਰਿਆਣਾ ਪ੍ਰਬੰਧਨ ਨਾਗਰਿਕ ਸੁਵਿਧਾਵਾਂ ਅਤੇ ਬੁਨਿਆਦੀ ਢਾਂਚੇ ਦੀ ਘਾਟ ਵਾਲੇ ਖੇਤਰ (ਵਿਸ਼ੇਸ਼ ਉਪਬੰਧ) ਸੋਧ ਐਕਟ, 2025' ਦੇ ਉਪਬੰਧਾਂ ਨੂੰ ਲਾਗੂ ਕਰਨ ਲਈ ਸੋਧਾਂ ਨੂੰ ਮਨਜ਼ੂਰੀ ਦਿੱਤੀ ਗਈ। ਇਸ ਫੈਸਲੇ ਦਾ ਉਦੇਸ਼ ਸੂਬੇ ਭਰ ਵਿੱਚ ਗੈਰ-ਕਾਨੂੰਨੀ ਉਦਯੋਗਿਕ ਅਦਾਰਿਆਂ ਦੇ ਨਿਯਮਤਕਰਨ ਨੂੰ ਸੁਗਮ ਬਣਾਉਣਾ ਅਤੇ ਅਜਿਹੇ ਖੇਤਰਾਂ ਵਿੱਚ ਬੁਨਿਆਦੀ ਨਾਗਰਿਕ ਸਹੂਲਤਾਂ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੈ।

ਕੈਬਨਿਟ ਨੂੰ ਜਾਣੂ ਕਰਵਾਇਆ ਗਿਆ ਕਿ ਸੂਬਾ ਸਰਕਾਰ ਨੇ ਨਗਰ ਪਾਲਿਕਾਵਾਂ ਦੀ ਸੀਮਾ ਤੋਂ ਬਾਹਰ ਸਥਿਤ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਤੋਂ ਵਾਂਝੇ ਖੇਤਰਾਂ ਵਿੱਚ ਲੋੜੀਂਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਮੁਹੱਈਆ ਕਰਵਾਉਣ ਅਤੇ ਉੱਥੇ ਰਹਿਣ ਵਾਲੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਸਾਲ 2021 ਵਿੱਚ 'ਹਰਿਆਣਾ ਪ੍ਰਬੰਧਨ ਨਾਗਰਿਕ ਸੁਵਿਧਾਵਾਂ ਅਤੇ ਬੁਨਿਆਦੀ ਢਾਂਚਾ ਅਣਹੋਂਦ ਵਾਲੇ ਖੇਤਰ (ਵਿਸ਼ੇਸ਼ ਉਪਬੰਧ) ਐਕਟ' ਲਾਗੂ ਕੀਤਾ ਸੀ। ਇਸ ਤੋਂ ਬਾਅਦ 19 ਜੁਲਾਈ 2022 ਨੂੰ ਨੀਤੀ ਨੋਟੀਫਾਈ ਕੀਤੀ ਗਈ ਅਤੇ 6 ਅਪ੍ਰੈਲ 2023 ਨੂੰ ਰਾਹਤ ਸਬੰਧੀ ਨਿਰਦੇਸ਼ ਜਾਰੀ ਕੀਤੇ ਗਏ। ਹਾਲਾਂਕਿ, ਮੌਜੂਦਾ ਵਿਵਸਥਾ ਉਦਯੋਗਿਕ ਕਾਲੋਨੀਆਂ 'ਤੇ ਲਾਗੂ ਨਹੀਂ ਹੁੰਦੀ ਸੀ।

ਮੁੱਖ ਮੰਤਰੀ ਵੱਲੋਂ ਰਾਜ ਦੇ ਬਜਟ 2025 ਦੌਰਾਨ ਕੀਤੀ ਗਈ ਘੋਸ਼ਣਾ ਦੇ ਅਨੁਰੂਪ ਸਰਕਾਰ ਨੇ ਇਹ ਫੈਸਲਾ ਲਿਆ ਕਿ ਗੈਰ-ਕਾਨੂੰਨੀ ਉਦਯੋਗਿਕ ਅਦਾਰਿਆਂ ਨੂੰ ਵੀ ਇਸੇ ਤਰ੍ਹਾਂ ਦਾ ਲਾਭ ਦਿੱਤਾ ਜਾਵੇ ਤਾਂ ਜੋ ਅਜਿਹੇ ਖੇਤਰਾਂ ਵਿੱਚ ਬੁਨਿਆਦੀ ਢਾਂਚਾ ਅਤੇ ਨਾਗਰਿਕ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ। ਇਸੇ ਉਦੇਸ਼ ਲਈ ਐਕਟ ਵਿੱਚ ਸੋਧਾਂ ਕੀਤੀਆਂ ਗਈਆਂ, ਜਿਨ੍ਹਾਂ ਨੂੰ 3 ਅਕਤੂਬਰ 2025 ਨੂੰ 'ਹਰਿਆਣਾ ਐਕਟ ਸੰਖਿਆ 22, 2025' ਰਾਹੀਂ ਨੋਟੀਫਾਈ ਕੀਤਾ ਗਿਆ ਸੀ।

ਪ੍ਰਵਾਨਿਤ ਸੋਧਾਂ ਦੇ ਤਹਿਤ, ਘੱਟੋ-ਘੱਟ 10 ਏਕੜ ਦੇ ਲਗਾਤਾਰ ਖੇਤਰ ਵਿੱਚ ਫੈਲੀਆਂ, ਘੱਟੋ-ਘੱਟ 50 ਉਦਯੋਗਿਕ ਇਕਾਈਆਂ ਵਾਲੀਆਂ ਅਤੇ 3 ਅਕਤੂਬਰ 2025 ਤੋਂ ਪਹਿਲਾਂ ਬਣੀਆਂ ਉਦਯੋਗਿਕ ਕਾਲੋਨੀਆਂ ਇਸ ਨੀਤੀ ਦੇ ਅਧੀਨ ਯੋਗ ਹੋਣਗੀਆਂ। ਕੈਬਨਿਟ ਨੇ ਇੱਕ ਆਨਲਾਈਨ ਪੋਰਟਲ ਦੇ ਨਿਰਮਾਣ ਨੂੰ ਵੀ ਮਨਜ਼ੂਰੀ ਦਿੱਤੀ ਹੈ, ਜਿਸ ਦੇ ਰਾਹੀਂ ਉਦਮੀ ਜਾਂ ਉਨ੍ਹਾਂ ਦੇ ਅਧਿਕਾਰਤ ਨੁਮਾਇੰਦੇ ਬੁਨਿਆਦੀ ਢਾਂਚੇ ਤੋਂ ਵਾਂਝੇ ਉਦਯੋਗਿਕ ਖੇਤਰਾਂ ਦਾ ਐਲਾਨ ਅਤੇ ਉਦਯੋਗਿਕ ਅਦਾਰਿਆਂ ਦੇ ਨਿਯਮਤਕਰਨ ਲਈ ਬਿਨੈ ਕਰ ਸਕਣਗੇ।ਸੋਧੀ ਹੋਈ ਨੀਤੀ ਵਿੱਚ ਅਧਿਕਾਰਤ ਵਿਅਕਤੀ ਦੀ ਧਾਰਨਾ ਵੀ ਜੋੜੀ ਗਈ ਹੈ, ਜੋ ਉਦਯੋਗਿਕ ਕਾਲੋਨੀ ਵਿੱਚ ਸਥਿਤ ਉਦਮੀਆਂ ਅਤੇ ਉਦਯੋਗਿਕ ਅਦਾਰਿਆਂ ਵੱਲੋਂ ਬਿਨੈ ਕਰ ਸਕੇਗਾ। ਕੈਬਨਿਟ ਨੂੰ ਦੱਸਿਆ ਗਿਆ ਕਿ ਬਿਨੈ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਬਣਾਉਣ ਲਈ ਵਿਸਤ੍ਰਿਤ ਦਸਤਾਵੇਜ਼ੀ ਲੋੜਾਂ, ਜਾਂਚ ਪ੍ਰਣਾਲੀ ਅਤੇ ਜ਼ਿਲ੍ਹਾ ਪੱਧਰੀ ਪ੍ਰਵਾਨਗੀ ਪ੍ਰਕਿਰਿਆਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ।ਇਸ ਫੈਸਲੇ ਨਾਲ ਸੂਬੇ ਵਿੱਚ ਗੈਰ-ਕਾਨੂੰਨੀ ਉਦਯੋਗਿਕ ਕਲੱਸਟਰਾਂ ਵਿੱਚ ਚੱਲ ਰਹੇ ਹਜ਼ਾਰਾਂ ਉਦਯੋਗਿਕ ਅਦਾਰਿਆਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਨਾਲ ਹੀ ਇਸ ਨਾਲ ਯੋਜਨਾਬੱਧ ਬੁਨਿਆਦੀ ਢਾਂਚਾ ਵਿਕਾਸ, ਵਾਤਾਵਰਣ ਦੀ ਪਾਲਣਾ ਅਤੇ ਹਰਿਆਣਾ ਵਿੱਚ ਉਦਯੋਗਿਕ ਵਿਕਾਸ ਨੂੰ ਵੀ ਹੁਲਾਰਾ ਮਿਲੇਗਾ।

# ਕੈਬਨਿਟ ਨੇ ਡੇਅਰੀ ਫਾਰਮਿੰਗ ਲਈ ਸਵੈ-ਸਹਾਇਤਾ ਸਮੂਹਾਂ ਨੂੰ ਸ਼ਾਮਲਾਤ ਦੇਹ ਜ਼ਮੀਨ ਪੱਟੇ ਤੇ ਦੇਣ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਇੱਕ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਪ੍ਰਸਤਾਵ ਦੇ ਤਹਿਤ, ਹਰਿਆਣਾ ਰਾਜ ਗ੍ਰਾਮੀਣ ਆਜੀਵਿਕਾ ਮਿਸ਼ਨ (HSRLM) ਕੋਲ ਰਜਿਸਟਰਡ ਸਵੈ-ਸਹਾਇਤਾ ਸਮੂਹਾਂ (SHGs) ਨੂੰ ਡੇਅਰੀ ਫਾਰਮਿੰਗ ਦੇ ਉਦੇਸ਼ ਲਈ 'ਸ਼ਾਮਲਾਤ ਦੇਹ' (ਸਮੁਦਾਇਕ) ਜ਼ਮੀਨ ਉਪਲਬਧ ਕਰਵਾਈ ਜਾਵੇਗੀ।

ਇਸ ਉਦੇਸ਼ ਲਈ ਕੈਬਨਿਟ ਨੇ 'ਹਰਿਆਣਾ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964' ਦੇ ਨਿਯਮ 6 ਵਿੱਚ ਸੋਧ ਨੂੰ ਸਬੰਧਤ ਨਿਯਮਾਂ ਅਤੇ ਸ਼ਰਤਾਂ ਸਮੇਤ ਮਨਜ਼ੂਰੀ ਦੇ ਦਿੱਤੀ ਹੈ।

ਸੋਧੇ ਹੋਏ ਉਪਬੰਧਾਂ ਤੋਂ ਬਾਅਦ, ਗ੍ਰਾਮ ਪੰਚਾਇਤਾਂ ਨੂੰ ਹਰਿਆਣਾ ਰਾਜ ਗ੍ਰਾਮੀਣ ਆਜੀਵਿਕਾ ਮਿਸ਼ਨ ਕੋਲ ਰਜਿਸਟਰਡ ਸਵੈ-ਸਹਾਇਤਾ ਸਮੂਹਾਂ ਅਤੇ ਸਵੈ-ਸਹਾਇਤਾ ਸਮੂਹਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਡੇਅਰੀ ਸਥਾਪਿਤ ਕਰਨ ਲਈ 500 ਵਰਗ ਗਜ਼ ਤੱਕ ਦੀ 'ਸ਼ਾਮਲਾਤ ਦੇਹ' ਜ਼ਮੀਨ ਪੱਟੇ 'ਤੇ ਦੇਣ ਦੀ ਇਜਾਜ਼ਤ ਹੋਵੇਗੀ।

ਇਹ ਪੱਟਾ ਸ਼ੁਰੂ ਵਿੱਚ ਦੋ ਸਾਲਾਂ ਦੀ ਮਿਆਦ ਲਈ ਦਿੱਤਾ ਜਾਵੇਗਾ, ਅਤੇ ਡੇਅਰੀ ਦੇ ਤਸੱਲੀਬਖਸ਼ ਸੰਚਾਲਨ ਦੇ ਅਧਾਰ 'ਤੇ (ਜਿਵੇਂ ਕਿ ਹਰਿਆਣਾ ਰਾਜ ਗ੍ਰਾਮੀਣ ਆਜੀਵਿਕਾ ਮਿਸ਼ਨ ਵੱਲੋਂ ਪ੍ਰਮਾਣਿਤ ਕੀਤਾ ਜਾਵੇਗਾ), ਇਸ ਨੂੰ ਹੋਰ ਤਿੰਨ ਸਾਲਾਂ ਲਈ ਵਧਾਇਆ ਜਾ ਸਕਦਾ ਹੈ।

ਹਾਲਾਂਕਿ, ਪੱਟੇ ਦੀ ਕੁੱਲ ਮਿਆਦ ਪੰਜ ਸਾਲਾਂ ਤੋਂ ਵੱਧ ਨਹੀਂ ਹੋਵੇਗੀ। ਇਸ ਨੀਤੀ ਨੂੰ ਸਵੈ-ਸਹਾਇਤਾ ਸਮੂਹ ਦੇ ਮੈਂਬਰਾਂ ਨੂੰ ਆਤਮ-ਨਿਰਭਰ ਬਣਾਉਣ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ, ਤਾਂ ਜੋ ਉਹ ਡੇਅਰੀ ਇਕਾਈਆਂ ਦਾ ਸਫਲਤਾਪੂਰਵਕ ਸੰਚਾਲਨ ਕਰਨ ਤੋਂ ਬਾਅਦ ਅਖੀਰ ਵਿੱਚ ਸੁਤੰਤਰ ਰੂਪ ਵਿੱਚ ਆਪਣੀ ਜ਼ਮੀਨ ਖਰੀਦ ਸਕਣ।

ਸ਼ੁਰੂਆਤੀ ਦੋ ਸਾਲਾਂ ਦੀ ਮਿਆਦ ਤੋਂ ਬਾਅਦ ਪੱਟੇ ਦੀ ਮਿਆਦ ਵਧਾਉਣ ਲਈ, ਸਬੰਧਤ ਡਿਪਟੀ ਕਮਿਸ਼ਨਰ (Deputy Commissioner) ਦੀ ਅਗਾਊਂ ਮਨਜ਼ੂਰੀ ਲਾਜ਼ਮੀ ਹੋਵੇਗੀ। ਡਿਪਟੀ ਕਮਿਸ਼ਨਰ ਹੀ ਗ੍ਰਾਮ ਪੰਚਾਇਤਾਂ ਨੂੰ ਅਜਿਹੀ ਜ਼ਮੀਨ ਪੱਟੇ 'ਤੇ ਦੇਣ ਲਈ ਮਨਜ਼ੂਰੀ ਪ੍ਰਦਾਨ ਕਰਨ ਹਿਤ ਸਮਰੱਥ ਅਥਾਰਟੀ ਵਜੋਂ ਕੰਮ ਕਰਨਗੇ।

ਸੋਧੀ ਹੋਈ ਨੀਤੀ ਵਿੱਚ ਅੱਗੇ ਇਹ ਵੀ ਨਿਰਧਾਰਿਤ ਕੀਤਾ ਗਿਆ ਹੈ ਕਿ ਸਵੈ-ਸਹਾਇਤਾ ਸਮੂਹਾਂ ਦੇ ਮੈਂਬਰ ਉਸੇ ਪਿੰਡ ਜਾਂ ਗ੍ਰਾਮ ਪੰਚਾਇਤ ਦੇ ਨਿਵਾਸੀ ਹੋਣੇ ਚਾਹੀਦੇ ਹਨ।

ਇਸ ਤੋਂ ਇਲਾਵਾ, ਕੋਈ ਵੀ ਸਵੈ-ਸਹਾਇਤਾ ਸਮੂਹ ਜ਼ਮੀਨ ਅਲਾਟਮੈਂਟ ਲਈ ਉਦੋਂ ਤੱਕ ਯੋਗ ਨਹੀਂ ਹੋਵੇਗਾ, ਜਦੋਂ ਤੱਕ ਕਿ ਉਸ ਦੇ ਕਿਸੇ ਮੈਂਬਰ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ (ਜਿਵੇਂ ਕਿ 'ਪਰਿਵਾਰ ਪਛਾਣ ਪੱਤਰÓ - PPP ਰਾਹੀਂ ਪਛਾਣ ਕੀਤੀ ਗਈ ਹੋਵੇ) ਕੋਲ 500 ਵਰਗ ਗਜ਼ ਜਾਂ ਇਸ ਤੋਂ ਵੱਧ ਦੀ ਆਪਣੀ ਨਿੱਜੀ ਜ਼ਮੀਨ ਨਾ ਹੋਵੇ।

# ਹਰਿਆਣਾ ਕੈਬਨਿਟ ਨੇ ਨਗਰ ਪਾਲਿਕਾ ਦੀ ਸੀਮਾ ਦੇ ਅੰਦਰ ਪੁਨਰਵਾਸ ਯੋਜਨਾ ਵਿੱਚ ਸਥਿਤ ਉਦਯੋਗਿਕ ਪਲਾਟਾਂ ਦੀ ਨਵੀਂ ਉਪ-ਵੰਡ ਅਤੇ ਪਹਿਲਾਂ ਤੋਂ ਗੈਰ-ਕਾਨੂੰਨੀ ਤੌਰ ਤੇ ਉਪ-ਵੰਡੇ ਗਏ ਉਦਯੋਗਿਕ ਪਲਾਟਾਂ ਦੇ ਨਿਯਮਤਕਰਨ ਲਈ ਨੀਤੀ ਨੂੰ ਮਨਜ਼ੂਰੀ ਦਿੱਤੀ

ਚੰਡੀਗੜ੍ਹ, 22 ਮਈ-
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਚੰਡੀਗੜ੍ਹ ਵਿਖੇ ਆਯੋਜਿਤ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ ਸ਼ਹਿਰੀ ਸਥਾਨਕ ਨਿਕਾਏ ਵਿਭਾਗ ਦੇ ਉਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ, ਜਿਸ ਵਿੱਚ ਉਦਯੋਗਿਕ ਪਲਾਟਾਂ ਦੀ ਨਵੀਂ ਉਪ-ਵੰਡ ਅਤੇ ਨਗਰ ਨਿਗਮ ਦੀ ਸੀਮਾ ਦੇ ਅੰਦਰ ਪੁਨਰਵਾਸ ਯੋਜਨਾ ਵਿੱਚ ਮੌਜੂਦ ਗੈਰ-ਕਾਨੂੰਨੀ ਉਪ-ਵੰਡੇ ਗਏ ਉਦਯੋਗਿਕ ਪਲਾਟਾਂ ਨੂੰ ਰੈਗੂਲਰ ਕਰਨ ਲਈ ਇੱਕ ਪਾਲਿਸੀ (ਨੀਤੀ) ਬਣਾਉਣ ਦਾ ਪ੍ਰਸਤਾਵ ਹੈ।

ਇਹ ਨੀਤੀ ਉਨ੍ਹਾਂ ਉਦਯੋਗਿਕ ਪਲਾਟ ਮਾਲਕਾਂ 'ਤੇ ਲਾਗੂ ਹੋਵੇਗੀ, ਜੋ ਨਵੀਂ ਉਪ-ਵੰਡ ਦੀ ਇਜਾਜ਼ਤ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਉਦਯੋਗਿਕ ਪਲਾਟਾਂ ਨੂੰ ਨਿਯਮਤ ਕਰਵਾਉਣਾ ਚਾਹੁੰਦੇ ਹਨ, ਜਿਨ੍ਹਾਂ ਨੂੰ ਪਹਿਲਾਂ ਹੀ ਗੈਰ-ਕਾਨੂੰਨੀ ਤੌਰ 'ਤੇ ਉਪ-ਵੰਡਿਆ ਜਾ ਚੁੱਕਾ ਹੈ। ਇਹ ਪਲਾਟ ਨਗਰ ਪਾਲਿਕਾ ਦੀ ਸੀਮਾ ਦੇ ਅੰਦਰ ਭਾਰਤ ਸਰਕਾਰ ਦੇ ਪੁਨਰਵਾਸ ਮੰਤਰਾਲੇ ਵੱਲੋਂ ਵਿਕਸਿਤ ਕੀਤੇ ਗਏ ਪੁਨਰਵਾਸ ਯੋਜਨਾ ਖੇਤਰਾਂ ਵਿੱਚ ਸਥਿਤ ਹਨ।

ਨੀਤੀ ਅਨੁਸਾਰ, ਮੂਲ ਉਦਯੋਗਿਕ ਪਲਾਟ ਦਾ ਘੱਟੋ-ਘੱਟ ਖੇਤਰਫਲ ਇੱਕ ਏਕੜ ਹੋਣਾ ਚਾਹੀਦਾ ਹੈ ਅਤੇ ਉਸ ਦਾ ਸੰਪਰਕ (ਪਹੁੰਚ) ਘੱਟੋ-ਘੱਟ 12 ਮੀਟਰ ਚੌੜੀ ਮੌਜੂਦਾ ਸੜਕ ਨਾਲ ਹੋਣਾ ਲਾਜ਼ਮੀ ਹੈ। ਹਰੇਕ ਉਪ-ਵੰਡੇ ਗਏ ਜਾਂ ਨਵੇਂ ਉਪ-ਵੰਡੇ ਜਾਣ ਵਾਲੇ ਪਲਾਟ ਦਾ ਘੱਟੋ-ਘੱਟ ਆਕਾਰ 500 ਵਰਗ ਗਜ਼ ਤੋਂ ਘੱਟ ਨਹੀਂ ਹੋਵੇਗਾ।

ਇਸ ਤੋਂ ਇਲਾਵਾ, ਸਾਰੇ ਉਪ-ਵੰਡੇ ਗਏ ਪਲਾਟਾਂ ਵਿੱਚ 'ਹਰਿਆਣਾ ਬਿਲਡਿੰਗ ਕੋਡ-2017' ਦੇ ਉਪਬੰਧਾਂ ਦੇ ਅਨੁਰੂਪ ਪਰਿਸਰ ਦੇ ਅੰਦਰ ਪਾਰਕਿੰਗ ਦੀ ਸਹੂਲਤ ਉਪਲਬਧ ਕਰਵਾਉਣਾ ਲਾਜ਼ਮੀ ਹੋਵੇਗਾ।

ਨਵੀਂ ਉਪ-ਵੰਡ ਜਾਂ ਪਹਿਲਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਉਪ-ਵੰਡੇ ਗਏ ਪਲਾਟਾਂ ਦੇ ਨਿਯਮਤਕਰਨ ਦੇ ਇੱਛੁਕ ਬਿਨੈਕਾਰਾਂ ਨੂੰ ਆਪਣੀ ਬਿਨੈ ਸਬੰਧਤ ਨਗਰ ਨਿਗਮ ਖੇਤਰਾਂ ਵਿੱਚ ਕਮਿਸ਼ਨਰ, ਨਗਰ ਨਿਗਮ ਅਤੇ ਨਗਰ ਕੌਂਸਲ ਜਾਂ ਨਗਰ ਕਮੇਟੀ ਖੇਤਰਾਂ ਵਿੱਚ ਜ਼ਿਲ੍ਹਾ ਨਗਰ ਕਮਿਸ਼ਨਰ ਨੂੰ ਪੇਸ਼ ਕਰਨੀ ਹੋਵੇਗੀ।

ਬਿਨੈ ਪ੍ਰਾਪਤ ਹੋਣ ਤੋਂ ਬਾਅਦ ਸਬੰਧਤ ਅਥਾਰਟੀ ਨਿਰਧਾਰਿਤ ਨੀਤੀਗਤ ਮਾਪਦੰਡਾਂ ਅਨੁਸਾਰ ਮਾਮਲੇ ਦੀ ਜਾਂਚ ਕਰੇਗੀ ਅਤੇ ਬਿਨੈ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਫੈਸਲਾ ਲਵੇਗੀ।

ਬਿਨੈਕਾਰ ਲਈ ਸਮੇਂ-ਸਮੇਂ 'ਤੇ ਜਾਰੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਹਰਿਆਣਾ ਸੂਬਾ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਕੀਤੇ ਗਏ ਸਾਰੇ ਨਿਰਦੇਸ਼ਾਂ, ਮਾਪਦੰਡਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ ਵੀ ਲਾਜ਼ਮੀ ਹੋਵੇਗਾ।

ਸਮਰੱਥ ਅਥਾਰਟੀ ਦੇ ਫੈਸਲੇ ਤੋਂ ਅਸੰਤੁਸ਼ਟ ਕੋਈ ਵੀ ਵਿਅਕਤੀ, ਸਮਰੱਥ ਅਥਾਰਟੀ ਦੁਆਰਾ ਆਦੇਸ਼ ਜਾਰੀ ਕੀਤੇ ਜਾਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸ਼ਹਿਰੀ ਸਥਾਨਕ ਨਿਕਾਏ ਵਿਭਾਗ ਦੇ ਡਾਇਰੈਕਟਰ ਕੋਲ ਅਪੀਲ ਦਾਇਰ ਕਰ ਸਕੇਗਾ।

# ਪੁਜਾਰੀਆਂ ਦੀ ਤਨਖਾਹ 'ਤੇ ਅਦਾਲਤ ਦਾ 'ਨੋ-ਐਂਟਰੀ' ਬੋਰਡ ! ਸੁਣਵਾਈ ਤੋਂ ਕੀਤਾ ਸਾਫ਼ ਇਨਕਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਮਈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਸਰਕਾਰ ਦੁਆਰਾ ਨਿਯੰਤਰਿਤ ਮੰਦਰਾਂ ਦੇ ਪੁਜਾਰੀਆਂ, ਸੇਵਕਾਂ ਅਤੇ ਹੋਰ ਕਰਮਚਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਅਤੇ ਹੋਰ ਲਾਭਾਂ ਦੀ ਸਮੀਖਿਆ ਕਰਨ ਲਈ ਇੱਕ ਨਿਆਂਇਕ ਕਮਿਸ਼ਨ ਜਾਂ ਮਾਹਰ ਕਮੇਟੀ ਦੇ ਗਠਨ ਦੀ ਮੰਗ ਕੀਤੀ ਗਈ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਉਹ ਸੰਵਿਧਾਨ ਦੀ ਧਾਰਾ 32 ਦੇ ਤਹਿਤ ਪਟੀਸ਼ਨ 'ਤੇ ਵਿਚਾਰ ਨਹੀਂ ਕਰ ਸਕਦਾ ਅਤੇ ਪੀੜਤ ਵਿਅਕਤੀ ਸਿੱਧੇ ਅਦਾਲਤ ਤੱਕ ਪਹੁੰਚ ਕਰ ਸਕਦਾ ਹੈ। ਅਦਾਲਤ ਨੇ ਪਟੀਸ਼ਨਕਰਤਾ ਵਕੀਲ ਅਸ਼ਵਨੀ ਉਪਾਧਿਆਏ ਨੂੰ ਕਿਹਾ ਕਿ ਉਹ ਪੁਜਾਰੀਆਂ ਦੇ ਮਾਮਲਿਆਂ ਵਿੱਚ ਦਖਲ ਨਾ ਦੇਣ, ਕਿਉਂਕਿ ਉਨ੍ਹਾਂ ਨੂੰ ਮੰਦਰ ਦੇ ਪੁਜਾਰੀਆਂ ਅਤੇ ਸੇਵਕਾਂ ਦੀ ਕਮਾਈ ਬਾਰੇ ਜਾਣਕਾਰੀ ਨਹੀਂ ਹੋਣੀ ਚਾਹੀਦੀ। ਉਪਾਧਿਆਏ ਨੇ ਕਿਹਾ ਕਿ ਇਲਾਹਾਬਾਦ ਹਾਈ ਕੋਰਟ ਅਤੇ ਹੋਰ ਹਾਈ ਕੋਰਟਾਂ ਦੇ ਅਜਿਹੇ ਫੈਸਲੇ ਹਨ, ਜਿਨ੍ਹਾਂ ਵਿਚ ਸਰਕਾਰ ਦੁਆਰਾ ਨਿਯੰਤਰਿਤ ਮੰਦਰਾਂ ਦੇ ਪੁਜਾਰੀਆਂ ਦੇ ਤਨਖਾਹ ਦੀ ਸਮੀਖਿਆ ਕਰਨ ਦੀ ਗੱਲ ਕਹੀ, ਤਾਂਕਿ ਉਹ ਸਨਮਾਨਜਨਕ ਜੀਵਨ ਜੀ ਸਕਣ। ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਪਾਧਿਆਏ ਨੂੰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ, ਨਾਲ ਹੀ ਉਨ੍ਹਾਂ ਨੂੰ



ਕਾਨੂੰਨ ਦੇ ਤਹਿਤ ਉਪਲਬਧ ਉਪਾਵਾਂ ਦੀ ਪੈਰਵੀ ਕਰਨ ਦੀ ਆਜ਼ਾਦੀ ਵੀ ਦਿੱਤੀ। ਵਕੀਲ ਅਸ਼ਵਨੀ ਦੂਬੇ ਰਾਹੀਂ ਦਾਇਰ ਪਟੀਸ਼ਨ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਰਕਾਰ ਦੁਆਰਾ ਨਿਯੰਤਰਿਤ ਮੰਦਰਾਂ ਵਿੱਚ ਪੁਜਾਰੀਆਂ ਅਤੇ ਮੰਦਰ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ ਮਿਹਨਤਾਨੇ ਅਤੇ ਹੋਰ ਲਾਭਾਂ ਦੀ ਸਮੀਖਿਆ ਕਰਨ ਲਈ ਇੱਕ ਨਿਆਂਇਕ ਕਮਿਸ਼ਨ ਜਾਂ ਮਾਹਰ ਕਮੇਟੀ ਦਾ ਗਠਨ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਇਹ ਪਟੀਸ਼ਨ ਕਿਵੇਂ ਤਿਆਰੀ ਹੋਈ, ਇਸ ਬਾਰੇ ਦੱਸਦੇ ਉਪਾਧਿਆਏ ਨੇ ਕਿਹਾ ਕਿ 4 ਅਪ੍ਰੈਲ ਨੂੰ ਜਦੋਂ ਉਹ ਵਾਰਾਨਸੀ ਵਿੱਚ ਇੱਕ ਜਨਤਕ ਸਮਾਗਮ ਵਿੱਚ ਹਿੱਸਾ ਲੈਣ ਗਏ ਸਨ, ਤਾਂ ਰਾਜ-ਨਿਯੰਤਰਿਤ ਕਾਸ਼ੀ ਵਿਸ਼ਵਨਾਥ ਮੰਦਰ ਵਿੱਚ ਰੁਦਰਭਿਸ਼ੇਕ ਕਰਨ ਤੋਂ ਬਾਅਦ ਉਨ੍ਹਾਂ ਨੇ ਦੇਖਿਆ ਕਿ ਪੁਜਾਰੀਆਂ ਅਤੇ ਮੰਦਰ ਕਰਮਚਾਰੀਆਂ ਨੂੰ ਸਨਮਾਨਜਨਕ ਜੀਵਨ ਲਈ ਜ਼ਰੂਰੀ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾ ਰਹੀ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ, ਹਾਲ ਹੀ ਵਿੱ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਪੁਜਾਰੀਆਂ ਅਤੇ ਮੰਦਰ ਕਰਮਚਾਰੀਆਂ ਨੇ ਘੱਟੋ-ਘੱਟ ਉਜਰਤਾਂ ਦੀ ਮੰਗ ਕਰਦੇ ਹੋਏ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ। ਪੁਜਾਰੀਆਂ ਅਤੇ ਮੰਦਰ ਦੇ ਕਰਮਚਾਰੀਆਂ ਨੂੰ ਸਰਕਾਰ ਦੁਆਰਾ ਗੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਕਾਮਿਆਂ ਲਈ ਨਿਰਧਾਰਤ ਘੱਟੋ-ਘੱਟ ਉਜਰਤ ਵੀ ਨਹੀਂ ਮਿਲ ਰਹੀ। ਇਹ ਯੋਜਨਾਬੱਧ ਸ਼ੋਸ਼ਣ ਹੈ। ਰਾਜ, ਐਂਡੋਮੈਂਟਸ ਵਿਭਾਗ ਰਾਹੀਂ ਇੱਕ ਮਾਡਲ ਮਾਲਕ ਵਜੋਂ ਕੰਮ ਕਰ ਰਿਹਾ ਹੈ ਪਰ ਘੱਟੋ-ਘੱਟ ਉਜਰਤ ਐਕਟ ਅਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ (ਧਾਰਾ 43) ਦੀ ਉਲੰਘਣਾ ਕਰ ਰਿਹਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 2026 ਦੇ ਮਹਿੰਗਾਈ-ਅਨੁਕੂਲ ਜੀਵਨ-ਜਾਚ ਸੂਚਕਾਂਕ ਦੇ ਅਨੁਸਾਰ ਘੱਟੋ-ਘੱਟ ਉਜਰਤਾਂ ਦੇਣ ਤੋਂ ਲਗਾਤਾਰ ਇਨਕਾਰ ਕਰਨ ਨੇ ਪਟੀਸ਼ਨਕਰਤਾ ਨੂੰ ਪੁਜਾਰੀਆਂ ਅਤੇ ਮੰਦਰ ਦੇ ਕਰਮਚਾਰੀਆਂ ਦੇ ਹੋਰ ਹਾਸ਼ੀਏ 'ਤੇ ਜਾਣ ਨੂੰ ਰੋਕਣ ਲਈ ਨਿਆਂਇਕ ਦਖਲ ਦੀ ਮੰਗ ਕਰਨ ਲਈ ਮਜਬੂਰ ਕੀਤਾ ਹੈ।

### ਘਰ 'ਚ ਆ ਕੇ ਡੀਜ਼ਲ ਨਾਲ ਅੱਗ ਲਗਾਉਣ ਦੇ ਦੋਸ਼ 'ਚ 11 ਲੋਕਾਂ ਖ਼ਿਲਾਫ਼ ਪਰਚਾ ਦਰਜ

ਜਲਾਲਾਬਾਦ 22 ਮਈ। ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਕਾਠਗੜ੍ਹ ਵਿਖੇ ਇਕ ਘਰ ਅੰਦਰ ਤੇਲ ਪਾ ਕੇ ਅੱਗ ਲਗਾਉਣ ਦੇ ਦੋਸ਼ 'ਚ 11 ਲੋਕਾਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਏ. ਐੱਸ. ਆਈ. ਮਹਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਕਰਨੈਲ ਸਿੰਘ ਪੁੱਤਰ ਜੀਤ ਸਿੰਘ ਵਾਸੀ ਕਾਠਗੜ੍ਹ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸਦੇ ਗੁਆਂਢ 'ਚ ਰਹਿੰਦਾ ਰਿੰਕੂ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਕਾਠਗੜ੍ਹ ਉਨ੍ਹਾਂ ਦੇ ਪਿੰਡ ਦੇ ਜਸਵੰਤ ਸਿੰਘ ਦੀ ਨਾਬਾਲਗ ਕੁੜੀ ਗੁਰਜੋਤ ਕੌਰ ਨੂੰ ਭਜਾ ਕੇ ਲੈ ਗਿਆ ਸੀ। ਇਸ ਕਰਕੇ ਕੁੜੀ ਦੇ ਘਰਵਾਲੇ ਸ਼ੱਕ ਜ਼ਾਹਰ ਕਰਦੇ ਸੀ ਕਿ ਕੁੜੀ ਨੂੰ ਘਰੋਂ ਭਜਾਉਣ ਵਿੱਚ ਉਸਦੀ ਪਤਨੀ ਦਾ ਹੱਥ ਹੈ। 15 ਮਈ 2026 ਨੂੰ ਦੇਰ ਰਾਤ ਉਹ ਘਰ 'ਚ ਇਕੱਲਾ ਸੁੱਤਾ ਪਿਆ ਸੀ ਤਾਂ ਹਰਬੰਸ ਸਿੰਘ ਵਗੈਰਾ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਡੀਜਲ ਪਾ ਕੇ ਘਰ ਨੂੰ ਅੱਗ ਲਗਾ ਦਿੱਤੀ ਗਈ, ਜਿਸ ਤੇ ਪੁਲਸ ਵੱਲੋਂ ਸ਼ਿਕਾਇਤਕਰਤਾ ਕਰਨੈਲ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਹਰਬੰਸ ਸਿੰਘ, ਸੁੱਖਾ ਸਿੰਘ, ਛਿੰਦਰ ਕੌਰ, ਕੁਲਵਿੰਦਰ ਕੌਰ, ਸਰੋਜ ਰਾਣੀ ਵਾਸੀਆਨ ਕਾਠਗੜ੍ਹ ਅਤੇ 5-6 ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ।

# ਪਤੀ ਦੇ ਜ਼ੁਲਮਾਂ ਤੋਂ ਤੰਗ ਆ ਕੇ ਪਤਨੀ ਨੇ ਜ਼ਹਿਰੀਲੀ ਦਵਾਈ ਪੀ ਕੇ ਕੀਤੀ ਖੁਦਕੁਸ਼ੀ

ਮੋਗਾ 22 ਮਈ। ਪਤੀ ਦੇ ਜ਼ੁਲਮਾਂ ਤੋਂ ਤੰਗ ਆ ਕੇ ਪਿੰਡ ਰਾਮੂਵਾਲਾ ਹਰਚੋਕਾਂ ਨਿਵਾਸੀ ਅਮਨਦੀਪ ਕੌਰ 37 ਵੱਲੋਂ ਕੋਈ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖਤਮ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਮ੍ਰਿਤਕਾਂ ਦੇ ਪਿਤਾ ਹਰਨੇਕ ਸਿੰਘ ਨਿਵਾਸੀ ਪਿੰਡ ਮਾਣੂਕੇ ਗਿੱਲ ਦੀ ਸ਼ਿਕਾਇਤ ਤੇ ਤਰਸੇਮ ਸਿੰਘ ਅਤੇ ਉਸਦੇ ਭਰਾ ਬਲਵੀਰ ਸਿੰਘ ਰਾਜਾ ਨਿਵਾਸੀ ਪਿੰਡ ਹਰਚੋ ਖਾਂ ਖਿਲਾਫ ਖੁਦਕੁਸ਼ੀ



ਲਈ ਮਜਬੂਰ ਕਰਨ ਦੇ ਦੋਸ਼ਾਂ ਤਹਿਤ ਥਾਣਾ ਮਹਿਣਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਥਾਣਾ ਮਹਿਣਾ ਦੇ ਮੁੱਖ ਅਫਸਰ ਇੰਸਪੈਕਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ। ਸ਼ਿਕਾਇਤ ਪੱਤਰ ਵਿਚ ਹਰਨੇਕ ਸਿੰਘ ਨੇ ਕਿਹਾ ਕਿ ਉਸਦੀ ਬੇਟੀ ਅਮਨਦੀਪ ਕੌਰ ਦਾ ਵਿਆਹ 15 ਸਾਲ ਪਹਿਲਾਂ ਕਥਿਤ ਦੋਸ਼ੀ ਤਰਸੇਮ ਸਿੰਘ ਨਾਲ ਧਾਰਮਿਕ ਰੀਤੀ-ਰਿਵਾਜ਼ਾਂ ਅਨੁਸਾਰ ਹੋਇਆ ਸੀ, ਜਿਸ ਦੇ ਇਕ ਬੇਟਾ ਹੈ। ਉਸ ਨੇ ਕਿਹਾ ਕਿ ਉਸਦੀ ਬੇਟੀ ਦਾ ਪਤੀ ਤਰਸੇਮ ਸਿੰਘ ਸ਼ਰਾਬ ਪੀਣ ਦਾ ਆਦੀ ਹੈ ਅਤੇ ਉਸ ਨੂੰ ਬੁਰੀ ਤਰ੍ਹਾਂ ਕੁੱਟ-ਮਾਰ ਕਰਦਾ ਰਹਿੰਦਾ ਸੀ ਅਤੇ ਉਸ ਦਾ ਭਰਾ ਬਲਵੀਰ ਸਿੰਘ ਉਰਫ ਰਾਜਾ ਵੀ ਉਸ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦਾ ਰਹਿੰਦਾ ਸੀ। ਅਸੀਂ ਦੋਨਾਂ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ, ਲੇਕਿਨ ਕਿਸੇ ਨੇ ਸਾਡੀ ਗੱਲ ਨਹੀਂ ਸੁਣੀ ਆਖਿਰ ਮੇਰੀ ਬੇਟੀ ਨੇ ਇਨ੍ਹਾਂ ਤੋਂ ਤੰਗ ਆ ਕੇ ਕੋਈ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਥਾਣਾ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਵਿਚ ਪੁਲਸ ਨੇ ਤਰਸੇਮ ਸਿੰਘ ਨੂੰ ਕਾਬੂ ਕਰ ਲਿਆ ਹੈ। ਜਦਕਿ ਉਸ ਦਾ ਭਰਾ ਬਲਵੀਰ ਸਿੰਘ ਉਰਫ ਰਾਜਾ ਵਿਦੇਸ਼ ਵਿਚ ਹੋਣ ਕਾਰਨ ਕਾਬੂ ਨਹੀਂ ਆ ਸਕਿਆ। ਉਨ੍ਹਾਂ ਕਿਹਾ ਕਿ ਕਥਿਤ ਮੁਲਜ਼ਮ ਤਰਸੇਮ ਸਿੰਘ ਨੂੰ ਕਾਬੂ ਕਰ ਲਿਆ ਗਿਆ ਹੈ, ਜਿਸ ਨੂੰ ਪੁੱਛ-ਗਿੱਛ ਦੇ ਬਾਅਦ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਹਕੀਕਤ ਸਿੰਘ ਵੱਲੋਂ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਉਸ ਨੂੰ ਜੁਡੀਸ਼ਅਲ ਹਿਰਾਸਤ ਵਿਚ ਭੇਜਣ ਦਾ ਆਦੇਸ਼ ਦਿੱਤਾ।

## ਬਿਜਲੀ ਖ਼ਪਤਕਾਰ ਸਾਵਧਾਨ ! PSPCL ਦੇ ਮੀਟਰਾਂ ਨੂੰ ਲੈ ਕੇ ਵੱਡੀ ਖ਼ਬਰ, ਜਾਰੀ ਹੋਏ ਸਖ਼ਤ ਹੁਕਮ

ਜਲੰਧਰ 22 ਮਈ। ਜਲੰਧਰ ਸ਼ਹਿਰ ਦੇ ਐੱਮ. ਐੱਸ. ਫਾਰਮ ਰੋਡ ਸਥਿਤ ਕਮਲ ਵਿਹਾਰ ਕਾਲੋਨੀ ਅਤੇ ਨੇੜਲੇ ਇਲਾਕਿਆਂ ਤੋਂ ਇਹ ਖ਼ਬਰ ਆਈ ਹੈ ਕਿ



ਬਿਜਲੀ ਬੋਰਡ ਨੇ ਗ਼ੈਰ-ਕਾਨੂੰਨੀ ਸਟਰੀਟ ਲਾਈਟ ਕੁਨੈਕਸ਼ਨ ਕੱਟਣੇ ਸ਼ੁਰੂ ਕਰ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਕੁਝ ਸਾਲ ਪਹਿਲਾਂ ਨਗਰ ਨਿਗਮ ਨੇ ਸਮਾਰਟ ਸਿਟੀ ਕੰਪਨੀ ਜ਼ਰੀਏ ਸ਼ਹਿਰ ਵਿਚ ਐੱਲ. ਈ. ਡੀ. ਸਟ?ਰੀਟ ਲਾਈਟ ਸਿਸਟਮ ਲੁਆਇਆ ਸੀ, ਜਿਸ ਵਿਚ ਲਗਭਗ 73 ਹਜ਼ਾਰ ਪੁਆਇੰਟਸ ਲਾਏ ਗਏ ਸਨ ਪਰ ਤਾਰ, ਮੀਟਰ ਅਤੇ ਹੋਰ ਜ਼ਰੂਰੀ ਇਨਫਰਾਸਟਰੱਕਚਰ (ਢਾਂਚੇ) 'ਤੇ ਉਚਿਤ ਖ਼ਰਚ ਨਹੀਂ ਕੀਤਾ ਗਿਆ, ਜਿਸ ਨਾਲ ਇਹ ਪੂਰਾ ਸਮਾਰਟ ਸਿਟੀ ਪ੍ਰਾਜੈਕਟ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਿਆ। ਪਿਛਲੇ ਡੇਢ ਤੋਂ ਦੋ ਸਾਲਾਂ ਵਿਚ ਨਿਗਮ ਅਧਿਕਾਰੀਆਂ ਨੇ ਜਗਹਾ-ਜਗਹਾ ਨਵੀਆਂ ਸਟਰੀਟ ਲਾਈਟਾਂ ਲਾਉਣ 'ਤੇ ਜ਼ੋਰ ਤਾਂ ਦਿੱਤਾ ਪਰ ਸਿਸਟਮ ਵਿਚ ਕੋਈ ਸੁਧਾਰ ਨਹੀਂ ਕੀਤਾ ਗਿਆ। ਨਾ ਬਿਜਲੀ ਬੋਰਡ ਕੋਲ ਕੁਨੈਕਸ਼ਨ ਲਈ ਅਪਲਾਈ ਕੀਤਾ ਗਿਆ ਅਤੇ ਨਾ ਹੀ ਮੀਟਰ ਲੁਆਏ ਗਏ। ਅੱਜ ਵੀ ਵਧੇਰੇ ਸਟ?ਰੀਟ ਲਾਈਟਾਂ ਕੁੰਡੀ ਕੁਨੈਕਸ਼ਨ ਜ਼ਰੀਏ ਚੱਲ ਰਹੀਆਂ ਹਨ, ਜਿਸ ਕਾਰਨ ਸਾਰਾ ਲੋਡ ਬਿਜਲੀ ਬੋਰਡ 'ਤੇ ਆ ਗਿਆ ਹੈ। ਇਸ ਕਾਰਨ ਕਾਫ਼ੀ ਬਿਜਲੀ ਚੋਰੀ ਵੀ ਹੋ ਰਹੀ ਹੈ, ਕਿਉਂਕਿ ਵਧੇਰੇ ਧਾਰਮਿਕ ਪ੍ਰੋਗਰਾਮਾਂ ਦਾ ਆਯੋਜਨ ਵੀ ਇਸੇ ਲਾਈਟ ਕੁਨੈਕਸ਼ਨ ਤੋਂ ਕੀਤਾ ਜਾਂਦਾ ਹੈ। ਹੁਣ ਬਿਜਲੀ ਬੋਰਡ ਨੇ ਸਖ਼ਤ ਰੁਖ਼ ਅਪਣਾਇਆ ਹੈ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰੀ ਵਿਭਾਗਾਂ ਵਿਚ ਪ੍ਰੀ-ਪੇਡ ਮੀਟਰ ਲਾਉਣ ਦੀ ਨੀਤੀ ਤਹਿਤ ਨਗਰ ਨਿਗਮ ਦੇ ਸਿਸਟਮ ਨੂੰ ਵੀ ਪ੍ਰੀ-ਪੇਡ ਨੀਤੀ ਵਿਚ ਲਿਆਂਦਾ ਜਾਵੇਗਾ। ਜੇਕਰ ਨਿਗਮ ਨੇ ਇਸ ਨੂੰ ਨਾ ਮੰਨਿਆ ਤਾਂ ਕੁਨੈਕਸ਼ਨ ਕੱਟਣ ਦਾ ਸਿਲਸਿਲਾ ਹੋਰ ਤੇਜ਼ ਹੋ ਸਕਦਾ ਹੈ।

## ਮਰਨ ਤੋਂ ਪਹਿਲਾਂ ਵਿਅਕਤੀ ਨੇ ਬਣਾਈ ਵੀਡੀਓ, ਫਿਰ ਚੁੱਕਿਆ ਖੌਫਨਾਕ ਕਦਮ

ਲੁਧਿਆਣਾ 22 ਮਈ। ਸਮਰਾਲਾ 'ਚ 15 ਮਈ ਤੋਂ ਲਾਪਤਾ 42 ਸਾਲਾ ਅਮਿਤ ਕੁਮਾਰ ਅਗਰਵਾਲ ਦੀ ਲਾਸ਼ ਨਹਿਰ ਵਿੱਚੋਂ ਮਿਲਣ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰ ਅੱਜ ਸਮਰਾਲਾ ਥਾਣੇ ਪਹੁੰਚੇ ਅਤੇ ਮਾਮਲੇ ਵਿੱਚ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਗੱਲਬਾਤ ਦੌਰਾਨ ਅਮਿਤ ਦੇ ਵੱਡੇ ਭਰਾ ਨੇ ਦੱਸਿਆ ਕਿ 15 ਮਈ ਦੀ ਸ਼ਾਮ ਕਰੀਬ 5 ਵਜੇ ਅਮਿਤ ਘਰ ਤੋਂ ਦੁਕਾਨ ਲਈ ਨਿਕਲਿਆ ਸੀ ਪਰ ਉਹ ਦੁਕਾਨ 'ਤੇ ਨਹੀਂ ਪਹੁੰਚਿਆ। ਕੁਝ ਸਮੇਂ ਬਾਅਦ ਦੁਕਾਨ ਤੋਂ ਫੋਨ ਆਇਆ ਕਿ ਅਮਿਤ ਹਾਲੇ ਤੱਕ ਦੁਕਾਨ 'ਤੇ ਨਹੀਂ ਪਹੁੰਚਿਆ। ਇਸ ਤੋਂ ਬਾਅਦ ਅਮਿਤ ਨੇ ਅਚਾਨਕ ਪਰਿਵਾਰ ਦੇ ਫੋਨ 'ਤੇ ਦੋ ਵੀਡੀਓ ਭੇਜੀਆਂ। ਪਰਿਵਾਰ ਦਾ ਦੋਸ਼ ਹੈ ਕਿ ਵੀਡੀਓ ਵਿੱਚ ਅਮਿਤ ਨੇ ਕੁਝ ਲੋਕਾਂ ਵੱਲੋਂ ਉਸ ਨੂੰ ਖੁਦਕੁਸ਼ੀ ਲਈ ਉਕਸਾਉਣ ਦੀ ਗੱਲ ਵੀ ਕਹੀ ਸੀ। ਪਰਿਵਾਰਕ ਮੈਂਬਰਾਂ ਮੁਤਾਬਕ ਅਮਿਤ ਅਤੇ ਉਸਦੇ ਮਾਸੜ ਦਾ ਸਾਂਝਾ ਕਾਰੋਬਾਰ ਸੀ। ਮਾਸੜ ਦੀ ਮੌਤ ਤੋਂ ਬਾਅਦ ਮਾਸੀ ਦਾ ਪੁੱਤਰ ਕਾਰੋਬਾਰ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ, ਜਿਸ ਕਾਰਨ ਤਣਾਅ ਚੱਲ ਰਿਹਾ ਸੀ। ਅਮਿਤ ਦੇ ਭਰਾ ਨੇ ਦੱਸਿਆ ਕਿ ਵੀਡੀਓ ਅਤੇ ਲੋਕੇਸ਼ਨ ਦੇ ਆਧਾਰ 'ਤੇ ਜਦੋਂ ਉਹ ਉਸ ਦੀ ਭਾਲ ਲਈ ਨਿਕਲੇ ਤਾਂ ਨੀਲੋ ਨਹਿਰ ਦੇ ਕਿਨਾਰੇ ਅਮਿਤ ਦੀ ਐਕਟਿਵਾ ਖੜੀ ਮਿਲੀ। ਉੱਥੇ ਮੌਜੂਦ ਕੁਝ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਅਮਿਤ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਤਾਜ਼ਾ ਜਾਣਕਾਰੀ ਮੁਤਾਬਕ ਅਮਿਤ ਦੀ ਲਾਸ਼ ਨਹਿਰ ਵਿੱਚੋਂ ਬਰਾਮਦ ਹੋ ਗਈ ਹੈ। ਇਸ ਘਟਨਾ ਤੋਂ ਬਾਅਦ ਪਰਿਵਾਰ ਗਹਿਰੇ ਸਦਮੇ ਵਿੱਚ ਹੈ ਅਤੇ ਮਾਮਲੇ ਦੀ ਪੂਰੀ ਜਾਂਚ ਕਰਕੇ ਦੋਸ਼ੀਆਂ ਖ਼?ਲਾਫ਼ ਕੜੀ ਕਾਰਵਾਈ ਦੀ ਮੰਗ ਕਰ ਰਿਹਾ ਹੈ।

# ਦੋਹਾ ਕਤਰ 'ਚ ਫ਼ਸੇ ਤਰਨਤਾਰਨ ਦੇ ਨੌਜਵਾਨ ਦੀ ਮਦਦ ਲਈ ਅੱਗੇ ਆਏ ਡਾ. ਓਬਰਾਏ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 22 ਮਈ। ਡਾ.ਐੱਸ.ਪੀ.ਸਿੰਘ ਓਬਰਾਏ ਵੱਲੋਂ ਹੁਣ ਦੋਹਾ ਕਤਰ ਵਿਚ ਫ਼ਸੇ ਤਰਨਤਾਰਨ ਜ਼ਿਲ੍ਹੇ ਦੇ ਨੌਜਵਾਨ ਨੂੰ ਬਚਾਉਣ ਲਈ 2 ਲੱਖ ਰੁਪਏ ਦੀ ਮਾਲੀ ਮਦਦ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐਸ.ਪੀ.ਸਿੰਘ ਓਬਰਾਏ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਟਰੱਸਟ ਦੀ ਤਰਨਤਾਰਨ ਟੀਮ ਰਾਹੀਂ ਪਿੰਡ ਜਵੰਦਾ ਕਲਾਂ ਦੀ ਨਿਰਮਲ ਕੌਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਸਦਾ ਪਤੀ ਗੁਰਦੇਵ ਸਿੰਘ ਪੁੱਤਰ ਜਸਵੰਤ ਸਿੰਘ ਦੋਹਾ ਕਤਰ 'ਚ ਮਜ਼ਦੂਰੀ ਲਈ ਗਿਆ ਸੀ। ਉਨ੍ਹਾਂ ਅਨੁਸਾਰ ਜਿਸ ਉਸਾਰੀ ਅਧੀਨ ਬਿਲਡਿੰਗ ਵਿਚ ਗੁਰਦੇਵ ਸਿੰਘ ਕੰਮ ਕਰਦਾ ਸੀ ਪਿਛਲੇ ਸਾਲ ਫ਼ਰਵਰੀ ਮਹੀਨੇ 'ਚ ਕਿਸੇ ਕਾਰਨ ਉਹ ਬਿਲਡਿੰਗ ਡਿੱਗ ਗਈ ਅਤੇ ਮਲਬੇ ਹੇਠਾਂ ਆਉਣ ਕਾਰਨ ਉਨ੍ਹਾਂ ਨਾਲ ਹੀ ਕੰਮ ਕਰਦੇ ਇਕ ਪਾਕਿਸਤਾਨੀ ਨੌਜਵਾਨ ਦੀ ਮੌਤ ਹੋ ਗਈ ਸੀ। ਕੋਰਟ ਦੀ ਸੁਣਵਾਈ ਦੌਰਾਨ ਉਕਤ ਘਟਨਾ ਲਈ ਉਸ ਬਿਲਡਿੰਗ 'ਚ ਕੰਮ ਕਰਨ ਵਾਲੇ ਬਾਕੀ ਬਚਦੇ ਤਿੰਨ ਜਾਣੇ ਜਿਨ੍ਹਾਂ 'ਚ ਗੁਰਦੇਵ ਸਿੰਘ, ਮੁਹੰਮਦ ਖਲੀਲ ਅਤੇ ਸਿਕੰਦਰ ਆਜ਼ਮ ਸ਼ਾਮਲ ਸਨ, ਨੂੰ ਅਦਾਲਤ ਵੱਲੋਂ ਦੋਸ਼ੀ ਠਹਿਰਾਉਂਦਿਆਂ ਭਾਰਤੀ ਕਰੰਸੀ ਮੁਤਾਬਿਕ ਕਰੀਬ 50 ਲੱਖ ਰੁਪਏ ਬਤੌਰ ਬਲੱਡ ਮਨੀ ਜੁਰਮਾਨਾ ਕਰ ਦਿੱਤਾ ਸੀ। ਜਿਸ ਤਹਿਤ ਗੁਰਦੇਵ ਸਿੰਘ ਦੇ ਹਿੱਸੇ ਲਗਭਗ 17 ਲੱਖ ਰੁਪਏ ਆਏ ਸਨ। ਉਨ੍ਹਾਂ ਦੱਸਿਆ ਕਿ ਬੇਸ਼ੱਕ ਕੁਝ ਸਮਾਂ ਜੇਲ੍ਹ 'ਚ ਰੱਖਣ ਉਪਰੰਤ ਗੁਰਦੇਵ ਸਿੰਘ ਨੂੰ



ਅਦਾਲਤ ਵੱਲੋਂ ਰਿਹਾਅ ਤਾਂ ਕਰ ਦਿੱਤਾ ਗਿਆ ਸੀ ਪ੍ਰੰਤੂ ਉਸਦੇ ਭਾਰਤ ਆਉਣ ਅਤੇ ਕੰਮ ਕਰਨ ਦੀ ਮੁਕੰਮਲ ਪਾਬੰਦੀ ਲਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਗੁਰਦੇਵ ਸਿੰਘ ਨੂੰ ਹੋਏ ਜੁਰਮਾਨੇ 'ਚੋਂ ਵੱਡਾ ਹਿੱਸਾ ਉਸਦੇ ਪਿੰਡ ਵਾਸੀਆਂ ਵੱਲੋਂ ਆਪਸੀ ਸਹਿਯੋਗ ਨਾਲ ਇਕੱਠਾ ਕਰ ਲਿਆ ਗਿਆ ਹੈ ਜਦਕਿ ਕੁਝ ਰਕਮ ਦੋਹਾ ਕਤਰ ਵਾਲੇ ਉਸਦੇ ਸਾਥੀਆਂ ਵੱਲੋਂ ਦਿੱਤੇ ਜਾਣੇ ਹਨ ਅਤੇ ਬਾਕੀ ਲੋੜੀਂਦੇ 2 ਲੱਖ ਰੁਪਏ ਅੱਜ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ, ਨਵਜੀਤ ਸਿੰਘ ਘਈ, ਤਰਨਤਾਰਨ ਦੇ ਪ੍ਰਧਾਨ ਦਿਲਬਾਗ ਸਿੰਘ ਜੋਧਾ, ਕੁਲਵਿੰਦਰ ਸਿੰਘ ਪਿੰਕਾ ਤੇ ਮੁਖਰਾਮ ਸਿੰਘ ਦੀ ਮੌਜੂਦਗੀ 'ਚ ਗੁਰਦੇਵ ਸਿੰਘ ਦੀ ਪੀੜ੍ਹਤ ਪਤਨੀ ਨਿਰਮਲ ਕੌਰ ਨੂੰ ਸੌਂਪ ਦਿੱਤੇ ਗਏ ਹਨ ਤਾਂ ਜੋ ਗੁਰਦੇਵ ਸਿੰਘ ਜਲਦੀ ਆਪਣੇ ਪਰਿਵਾਰ ਕੋਲ ਪਹੁੰਚ ਸਕੇ। ਇਸ ਦੌਰਾਨ ਗੁਰਦੇਵ ਸਿੰਘ ਦੀ ਪਤਨੀ ਨਿਰਮਲ ਕੌਰ ਨੇ ਭਾਵੁਕ ਹੁੰਦਿਆਂ ਇਸ ਵੱਡੇ ਉਪਰਾਲੇ ਲਈ ਡਾ.ਐਸ.ਪੀ.ਸਿੰਘ ਓਬਰਾਏ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਉਨ੍ਹਾਂ ਦੀ ਇਸ ਮਦਦ ਸਦਕਾ ਉਨ੍ਹਾਂ ਦਾ ਪਰਿਵਾਰ ਅਤੇ ਉਸਦੀ ਦੀਆਂ ਛੋਟੀਆਂ-ਛੋਟੀਆਂ ਦੋ ਧੀਆਂ ਜਲਦ ਆਪਣੇ ਬਾਪ ਨੂੰ ਮਿਲ ਸਕਣਗੀਆਂ।

# ਇਨਵੈਸਟਮੈਂਟ ਦਾ ਲਾਲਚ ਦੇ ਕੇ 5,900,000 ਲੱਖ ਰੁਪਏ ਦੀ ਮਾਰੀ ਠੱਗੀ

**ਕੌਮੀ ਪਤ੍ਰਿਕਾ**

ਤਰਨਤਾਰਨ 22 ਮਈ। ਟ?ਰੇਡਿੰਗ ਦੌਰਾਨ ਪੈਸਿਆਂ ਦੀ ਇਨਵੈਸਟਮੈਂਟ (ਨਿਵੇਸ਼) ਕਰਨ ਵਾਲੇ ਵਿਅਕਤੀ ਨਾਲ ਆਨਲਾਈਨ 59 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਥਾਣਾ ਸਾਈਬਰ ਕ੍ਰਾਈਮ ਦੀ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਗੁਰਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਕਾਜ਼ੀਕੋਟ ਰੋਡ (ਨੇੜੇ ਹਰਗੋਬਿੰਦ ਪਬਲਿਕ ਸਕੂਲ, ਤਰਨਤਾਰਨ) ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਬੀਤੀ 20 ਫਰਵਰੀ ਦੀ ਸ਼ਾਮ ਕਰੀਬ 7 ਵਜੇ ਜਦੋਂ ਉਹ ਫੇਸਬੁੱਕ ਚਲਾ ਰਿਹਾ ਸੀ, ਤਾਂ ਉਸ ਨੂੰ ਪੈਸਿਆਂ ਦੀ ਇਨਵੈਸਟਮੈਂਟ ਕਰਨ ਲਈ ਇਕ ਟ?ਰੇਡਿੰਗ ਲਿੰਕ ਨਜ਼ਰ ਆਇਆ। ਉਸ ਵੱਲੋਂ ਲਿੰਕ ਖੋਲ੍ਹਣ ਦੌਰਾਨ ਮੰਗੀ ਗਈ ਜਾਣਕਾਰੀ ਭਰ ਦਿੱਤੀ ਗਈ, ਜਿਸ ਤੋਂ ਬਾਅਦ ਉਸ ਦੀ ਰਜਿਸਟ?ਰੇਸ਼ਨ ਹੋ ਗਈ। ਰਜਿਸਟ?ਰੇਸ਼ਨ ਤੋਂ ਬਾਅਦ ਸਬੰਧਤ ਵਿਅਕਤੀਆਂ ਵੱਲੋਂ ਉਸ ਨੂੰ ਇਕ ਵਟਸਐਪ ਗਰੁੱਪ ਵਿਚ ਐਡ ਕਰ ਲਿਆ ਗਿਆ, ਜਿਸ ਵਿਚ ਟ?ਰੇਡਿੰਗ ਦੌਰਾਨ ਆਉਣ ਵਾਲੇ ਮੋਟੇ ਮੁਨਾਫ਼ੇ ਦੀਆਂ ਜਾਣਕਾਰੀਆਂ ਸਾਂਝੀਆਂ ਕਰਨੀਆਂ




ਸ਼ੁਰੂ ਕਰ ਦਿੱਤੀਆਂ ਗਈਆਂ। ਹੌਲੀ-ਹੌਲੀ ਸਬੰਧਤ ਵਿਅਕਤੀਆਂ ਨੇ ਗੁਰਿੰਦਰ ਸਿੰਘ ਨੂੰ ਆਪਣੇ ਜਾਲ ਵਿਚ ਫਸਾਉਂਦੇ ਹੋਏ ਵੱਡੇ-ਵੱਡੇ ਮੁਨਾਫ਼ੇ ਹੋਣ ਸਬੰਧੀ ਲਾਲਚ ਦਿੱਤੇ। ਠੱਗਾਂ ਦੇ ਝਾਂਸੇ ਵਿੱਚ ਆ ਕੇ ਗੁਰਿੰਦਰ ਸਿੰਘ ਨੇ 9 ਮਾਰਚ ਤੋਂ 30 ਅਪ੍ਰੈਲ ਤੱਕ ਆਪਣੇ ਬੈਂਕ ਖਾਤੇ ਵਿਚੋਂ 59 ਲੱਖ 10 ਹਜ਼ਾਰ 369 ਰੁਪਏ ਦੀ ਰਾਸ਼ੀ ਵੱਖ-ਵੱਖ ਟ?ਰਾਂਜੈਕਸ਼ਨਾਂ ਰਾਹੀਂ ਸਬੰਧਤ ਠੱਗਾਂ ਦੇ ਖਾਤਿਆਂ ਵਿਚ ਪਾ ਦਿੱਤੀ। ਜਦੋਂ ਉਸ ਨੇ ਆਪਣੇ ਮੁਨਾਫ਼ੇ ਦੇ ਪੈਸੇ ਕਢਵਾਉਣ ਬਾਰੇ ਗੱਲ ਕਰਨੀ ਸ਼ੁਰੂ ਕੀਤੀ, ਤਾਂ ਸਬੰਧਤ ਠੱਗਾਂ ਨੇ ਗੁਰਿੰਦਰ ਸਿੰਘ ਨੂੰ ਗਰੁੱਪ ਵਿਚੋਂ ਰਿਮੂਵ (ਬਾਹਰ) ਕਰ ਦਿੱਤਾ ਅਤੇ ਸੰਪਰਕ ਤੋੜ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. (ਇਨਵੈਸਟੀਗੇਸ਼ਨ) ਸ਼ਿਵਦਰਸ਼ਨ ਸਿੰਘ ਨੇ ਦੱਸਿਆ ਕਿ ਥਾਣਾ ਸਾਈਬਰ ਸੈੱਲ ਦੀ ਮੁਖੀ ਇੰਸਪੈਕਟਰ ਹਰਵਿੰਦਰ ਕੌਰ ਵੱਲੋਂ ਇਸ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਕਰਨ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਸਬੰਧਤ ਮੁਲਜ਼ਮਾਂ ਦੇ ਬੈਂਕ ਖਾਤਿਆਂ ਨੂੰ ਫ?ਰੀਜ਼ ਕਰਵਾ ਦਿੱਤਾ ਗਿਆ ਹੈ ਅਤੇ ਸਾਈਬਰ ਸੈੱਲ ਦੀ ਮਦਦ ਨਾਲ ਉਨ੍ਹਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ।

## ਕਾਲਜ 'ਚ ਫਰੈਂਡਸ਼ਿਪ ਨੂੰ ਨਾ ਮੰਨੀ ਕੁੜੀ ਤਾਂ ਵਿਦਿਆਰਥੀ ਨੇ ਕਨਪਟੀ 'ਤੇ ਰੱਖ'ਤੀ ਪਿਸਤੌਲ

ਜਲੰਧਰ 22 ਮਈ। ਸ਼ਾਹਕੋਟ ਦੇ ਸਰਕਾਰੀ ਕਾਲਜ ਵਿਚ ਇਕ ਵਿਦਿਆਰਥੀ ਨੇ ਆਪਣੀ ਜਮਾਤ ਦੀ ਹੀ ਵਿਦਿਆਰਥਣ 'ਤੇ ਪਿਸਤੌਲ ਤਾਣ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਸ਼ਾਹਕੋਟ ਪੁਲਸ ਵੱਲੋਂ ਮੁੰਡੇ ਖ਼?ਲਾਫ਼ ਪਰਚਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਮਿਲੀ ਹੈ ਕਿ ਸ਼ਾਹਕੋਟ ਦੇ ਸਰਕਾਰੀ ਕਾਲਜ ਦੀ ਵਿਦਿਆਰਥਣ ਜਦੋਂ ਕਾਲਜ ਵਿਚ ਪ੍ਰੀਖਿਆ ਦੇ ਕੇ ਬਾਹਰ ਨਿਕਲੀ ਤਾਂ ਉਸ ਦੇ ਹੀ ਹਮਜਮਾਤੀ ਵਿਦਿਆਰਥੀ ਵੱਲੋਂ ਕੁੜੀ 'ਤੇ ਪਿਸਤੌਲ ਤਾਣ ਦਿੱਤੀ ਗਈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕੁੜੀ ਨੇ ਦੋਸ਼ ਲਗਾਇਆ ਹੈ ਕਿ ਮੁੰਡਾ ਪਿਛਲੇ ਲੰਮੇ ਸਮੇਂ ਤੋਂ ਉਸ ਨਾਲ ਦੋਸਤੀ ਕਰਨ ਦਾ ਦਬਾਅ ਪਾ ਰਿਹਾ ਸੀ। ਉਸ ਵੱਲੋਂ ਜਦੋਂ ਇਨਕਾਰ ਕਰ ਦਿੱਤਾ ਗਿਆ ਤਾਂ ਮੁੰਡੇ ਨੇ ਪਿਸਤੌਲ ਤਾਣ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਦਿੱਤੀਆਂ। ਇਹ ਵਾਰਦਾਤ ਉਸ ਵੇਲੇ ਵਾਪਰੀ ਜਦੋਂ ਕੁੜੀ ਕਾਲਜ ਵਿਚ ਬੀ. ਏ. ਫ਼ਾਈਨਲ ਦਾ ਪੇਪਰ ਦੇ ਕੇ ਬਾਹਰ ਨਿਕਲੀ ਹੀ ਸੀ ਤਾਂ ਮੁੰਡੇ ਨੇ ਉਸ ਨੂੰ ਘੇਰ ਲਿਆ ਤੇ ਪਿਸਤੌਲ ਤਾਣ ਦਿੱਤੀ। ਕੁੜੀ ਵੱਲੋਂ ਮੌਕੇ 'ਤੇ ਰੌਲ਼?ਾ ਪਾਉਣ ਕਾਰਨ ਕਾਲਜ ਦੇ ਅਧਿਆਪਕ ਤੇ ਹੋਰ ਵਿਦਿਆਰਥੀ ਮੌਕੇ 'ਤੇ ਆ ਗਏ, ਜਿਨ੍ਹਾਂ ਨੂੰ ਵੇਖ ਕੇ ਮੁੰਡਾ ਮੌਕੇ ਤੋਂ ਫ਼ਰਾਰ ਹੋ ਗਿਆ। ਫ਼?ਲਹਾਲ ਪੁਲਸ ਨੇ ਕੁੜੀ ਦੇ ਬਿਆਨਾਂ ਦੇ ਅਧਾਰ 'ਤੇ ਮਾਣਕਪੁਰ ਪਿੰਡ ਦੇ ਰਹਿਣ ਵਾਲੇ ਮੁੰਡੇ ਉੱਪਰ ਪਰਚਾ ਦਰਜ ਕਰ ਲਿਆ ਹੈ।

## ਪੰਜਾਬ ਦਾ ਇਹ ਇਲਾਕਾ ਕਰਵਾਇਆ ਗਿਆ ਖਾਲ੍ਹੀ, ਲੀਕ ਹੋ ਗਈ ਗੈਸ ਪਾਈਪਲਾਈਨ

ਗੁਰਦਾਸਪੁਰ 22 ਮਈ। ਗੁਰਦਾਸਪੁਰ ਸ਼ਹਿਰ ਵਿਚ ਘਰੇਲੂ ਰਸੋਈ ਗੈਸ ਦੀ ਸਪਲਾਈ ਲਈ ਗੁਜਰਾਤ ਗੈਸ ਕੰਪਨੀ ਵੱਲੋਂ ਵਿਛਾਈ ਗਈ ਮੇਨ ਪਾਈਪਲਾਈਨ ਅੱਜ ਅਚਾਨਕ ਲੀਕ ਹੋ ਜਾਣ ਕਾਰਨ ਹੜਕੰਪ ਮਚ ਗਿਆ। ਇਹ ਘਟਨਾ ਭਗਵਾਨ ਪਰਸ਼ੂਰਾਮ ਚੌਂਕ ਨੇੜੇ ਇਕ ਪੈਟਰੋਲ ਪੰਪ ਸਾਹਮਣੇ ਵਾਪਰੀ, ਜਿੱਥੇ ਪਾਈਪਲਾਈਨ ਵਿਚੋਂ ਤੇਜ਼ੀ ਨਾਲ ਗੈਸ ਨਿਕਲਣ ਲੱਗੀ। ਗੈਸ ਲੀਕ ਹੋਣ ਦੀ ਜਾਣਕਾਰੀ ਮਿਲਦੇ ਹੀ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਸ ਪ੍ਰਸ਼ਾਸਨ ਅਤੇ ਗੁਜਰਾਤ ਗੈਸ ਕੰਪਨੀ ਦੇ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਸੁਰੱਖਿਆ ਦੇ ਮੱਦੇਨਜ਼ਰ ਨੇੜਲੇ ਇਲਾਕੇ ਨੂੰ ਖਾਲੀ ਕਰਵਾ ਦਿੱਤਾ ਗਿਆ। ਮੌਕੇ 'ਤੇ ਮੌਜੂਦ ਗੁਜਰਾਤ ਗੈਸ ਕੰਪਨੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਪ੍ਰਾਰੰਭਿਕ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਨੇੜੇ ਬਿਜਲੀ ਵਿਭਾਗ ਦੇ ਕਰਮਚਾਰੀ ਖੰਭੇ ਲਗਾਉਣ ਲਈ ਖੁਦਾਈ ਕਰ ਰਹੇ ਸਨ। ਇਸ ਦੌਰਾਨ ਸੰਭਾਵਨਾ ਹੈ ਕਿ ਖੁਦਾਈ ਕਰਦੇ ਸਮੇਂ ਗੈਸ ਦੀ ਮੇਨ ਪਾਈਪਲਾਈਨ ਨੁਕਸਾਨੀ ਗਈ ਹੋਵੇ, ਜਿਸ ਕਾਰਨ ਗੈਸ ਲੀਕ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਦੱਸਿਆ ਕਿ ਕੰਪਨੀ ਵੱਲੋਂ ਤੁਰੰਤ ਗੈਸ ਸਪਲਾਈ ਬੰਦ ਕਰ ਦਿੱਤੀ ਗਈ ਹੈ ਅਤੇ ਟੈਕਨੀਕਲ ਟੀਮ ਵੱਲੋਂ ਪਾਈਪਲਾਈਨ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵੀ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਇਸ ਦੌਰਾਨ ਪੁਲਸ, ਫਾਇਰ ਬ੍ਰਿਗੇਡ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਵੀ ਤੈਨਾਤ ਕੀਤਾ ਗਿਆ। ਪੁਲਸ ਵੱਲੋਂ ਲੋਕਾਂ ਨੂੰ ਘਟਨਾ ਸਥਾਨ ਦੇ ਨੇੜੇ ਜਾਣ ਤੋਂ ਰੋਕਿਆ ਗਿਆ, ਜਦਕਿ ਨੇੜਲੇ ਇਲਾਕੇ ਵਿਚ ਕੰਮ ਕਰ ਰਹੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅੱਗ ਜਲਾਉਣ ਜਾਂ ਅਜਿਹਾ ਕੋਈ ਕੰਮ ਕਰਨ ਤੋਂ ਮਨ੍ਹਾਂ ਕੀਤਾ ਗਿਆ, ਜਿਸ ਨਾਲ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਸਮੇਂ ਸਿਰ ਪ੍ਰਸ਼ਾਸਨ ਅਤੇ ਕੰਪਨੀ ਵੱਲੋਂ ਕੀਤੀ ਗਈ ਕਾਰਵਾਈ ਕਾਰਨ ਇਕ ਵੱਡਾ ਹਾਦਸਾ ਟਲ ਗਿਆ।

# ਸਿੱਖ ਜਥੇਬੰਦੀਆਂ ਦੀ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਭਰਵੀਂ ਇਕੱਤਰਤਾ

**ਕੌਮੀ ਪਤ੍ਰਿਕਾ**

ਜੈਤੋ, 22 ਮਈ। ਪੰਜਾਬ ਸਰਕਾਰ ਦੁਆਰਾ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਵਿੱਚ ਸਿੱਖ ਭਾਵਨਾਵਾਂ ਵਿਰੁੱਧ ਦਰਜ ਮੱਦਾਂ ਨੂੰ ਲੈਣ ਕੇ ਖਾਲਸਾ ਪੰਥ ਵੱਲੋਂ ਪ੍ਰਗਟਾਏ ਜਾ ਰਹੇ ਸ਼ੰਕਿਆਂ ਬਾਰੇ ਵਿਚਾਰ ਵਟਾਂਦਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਵੱਲੋਂ ਅਹਿਮ ਇਕੱਤਰਤਾ ਬੁਲਾਈ ਗਈ। ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਿਚਾਰਵਾਨ ਸਿੱਖਾਂ ਅਤੇ ਵੱਖ-ਵੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਰਵੀਂ ਸ਼ਮੂਲੀਅਤ ਕਰਦਿਆਂ ਖੁੱਲ੍ਹੇ ਮਾਹੌਲ ਵਿੱਚ ਆਪਣੇ ਵਿਚਾਰ ਰੱਖੇ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤਾ ਗਿਆ ਐਕਟ ਸਿੱਖਾਂ ਦੇ ਧਾਰਮਿਕ ਮਾਮਲਿਆਂ ਅੰਦਰ ਸਿੱਧਾ ਦਖਲ ਹੈ ਅਤੇ ਇਸ ਨਾਲ ਬੇਅਦਬੀ ਦੇ ਮਾਮਲਿਆਂ ਅੰਦਰ ਦੋਸ਼ੀਆਂ ਨੂੰ ਸਜ਼ਾਵਾਂ 'ਤੇ ਕੇਂਦ੍ਰਿਤ ਹੋਣ ਅਤੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਥਾਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕਾਂ, ਸ਼ਰਧਾਲੂ ਸੰਗਤ, ਗ੍ਰੰਥੀ ਸਿੰਘਾਂ ਦੀ ਵਧੇਰੇ ਜ਼ਿੰਮੇਵਾਰੀ ਤੈਅ ਕੀਤੀ ਹੈ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਸੀਂ ਐਕਟ ਵਿੱਚ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੇ ਖਿਲਾਫ ਨਹੀਂ ਕੇਵਲ ਸਿੱਖ ਭਾਵਨਾਵਾਂ ਦੇ ਵਿਰੁੱਧ ਦਰਜ ਮੱਦਾਂ ਨੂੰ ਹਟਾਉਣ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਨਾਲ ਟਕਰਾ ਨਹੀਂ ਚਹੁੰਦੇ ਅਤੇ ਸਰਕਾਰ ਨੂੰ ਵੀ ਸਿੱਖ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ ਕਿ ਇਸ ਐਕਟ ਨਾਲ ਕੋਈ ਵੀ ਦੋਸ਼ੀ ਮੰਦਬੁੱਧੀ ਕਹਿ ਕੇ ਬੱਚ ਨਹੀਂ ਸਕੇਗਾ ਪ੍ਰੰਤੂ ਐਕਟ ਵਿੱਚ ਮੰਦਬੁੱਧੀ ਬਾਰੇ ਕਿਤੇ ਵੀ ਜਿਕਰ ਨਹੀਂ ਕੀ ਇਹ ਸਰਕਾਰ ਦੀ ਮਨਸ਼ਾ ਤੇ ਸਵਾਲ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਐਕਟ ਨਵਾਂ ਨਹੀਂ ਸਗੋਂ 2008 ਦੇ ਐਕਟ ਵਿੱਚ ਸੋਧ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨਾ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਸਨ। ਉਨ੍ਹਾਂ ਕਿਹਾ ਸਰਕਾਰ ਨੇ ਬੇਅਦਬੀਆਂ ਰੋਕਣ ਲਈ ਐਕਟ ਬਨਾਉਣ ਲਈ ਜੋ ਕਮੇਟੀ ਬਣਾਈ ਸੀ ਉਸ ਕਮੇਟੀ ਦੇ ਸਮੇਂ ਵਿੱਚ ਵਾਧਾ ਕਰ ਦਿੱਤਾ ਗਿਆ ਜਦਕਿ ਬਿਨਾਂ ਕਿਸੇ ਦੀ ਰਾਏ ਲਏ ਪਹਿਲਾਂ ਮੌਜੂਦ ਕਨੂੰਨ ਵਿਚ ਸੋਧਾਂ ਕਰ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਐਕਟ ਵਿੱਚ ਦਰਜ਼ ਕੁਝ ਮੱਦਾਂ ਸਿੱਖ ਸ਼ਰਧਾਲੂਆਂ ਨੂੰ ਗੁਰਬਾਣੀ ਨਾਲੋਂ ਤੋੜਨ ਦਾ ਕਾਰਨ ਬਣਨਗੀਆਂ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਰਕਾਰ ਨੂੰ ਹਠਧਰਮੀ ਛੱਡ ਕੇ ਸਿੱਖ ਭਾਵਨਾਵਾਂ ਵਿਰੁੱਧ ਦਰਜ ਸ਼ਬਦਾਵਲੀ ਨੂੰ ਬਦਲਣ ਲਈ ਆਖਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ



ਸਿੰਘ ਗੜਗੱਜ ਨੇ ਬੋਲਦਿਆਂ ਸਰਕਾਰ ਨੂੰ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਪੰਥ ਦੇ ਨਿਯਮ ਨਹੀਂ ਘੜ ਸਕਦੀ। ਸਿੰਘ ਸਾਹਿਬ ਨੇ ਵੀ ਬੁਲਾਰਿਆਂ ਦੀ ਗੱਲ ਨੂੰ ਦੁਹਰਾਉਂਦਿਆਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ ਇੱਕੋ ਹੈ ਕਿ ਕਿਵੇਂ ਨਾ ਕਿਵੇਂ ਪੰਥ ਨੂੰ ਗ੍ਰੰਥ ਨਾਲੋਂ ਤੋੜਿਆ ਜਾਵੇ। ਉਨ੍ਹਾਂ ਮੁੱਖ ਮੰਤਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸ਼ਰੇਆਮ ਮੁੱਖ ਮੰਤਰੀ ਵੱਲੋਂ ਝੂਠ ਬੋਲਿਆ ਜਾ ਰਿਹਾ ਹੈ। ਮੁੱਖ ਮੰਤਰੀ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਜੋ ਕਨੂੰਨ ਬਣਾਇਆ ਹੈ ਇਸ ਨਾਲ ਹੁਣ ਬੇਅਦਬੀ ਕਰਨ ਵਾਲਾ ਭਾਵੇਂ ਮੰਦਬੁੱਧੀ ਵੀ ਕਿਉਂ ਨਾ ਹੋਵੇ ਉਸ ਨੂੰ ਸਜ਼ਾ ਮਿਲੇਗੀ ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਨੇ ਇਹ ਕਨੂੰਨ ਪੜਿਆ ਹੀ ਨਹੀਂ। ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਚਿੱਠੀ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇੱਕ ਕੰਪਨੀ ਹਾਇਰ ਕੀਤੀ ਹੈ ਜਿਹੜੀ ਕਿ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਵੇਗੀ ਅਤੇ ਪ੍ਰੋਪੇਗੰਡਾ ਸੈੱਟ ਕਰੇਗੀ ਇਸ ਵਿਸ਼ੇ 'ਤੇ ਵੀ ਸਿੰਘ ਸਾਹਿਬ ਨੇ ਸਖਤ ਪ੍ਰਤੀਕਰਮ ਦਿੱਤਾ। ਸਿੰਘ ਸਾਹਿਬ ਨੇ ਕਿਹਾ ਕਿ ਜਿਨ੍ਹਾਂ ਸਮਾਂ ਸਰੀਰ 'ਚ ਜਾਨ ਹੈ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਯਾਦਾ ਲਈ ਜੂਝਦੇ ਰਹਿਣਗੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੋਈ ਵੀ ਅਜਿਹਾ ਕਨੂੰਨ ਪ੍ਰਵਾਨ ਨਹੀਂ ਹੈ ਜੋ ਪੰਥ ਦੀ ਮਰਜੀ ਤੋਂ ਬਿਨਾਂ ਬਣੇਗਾ।ਇਸ ਮੌਕੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਵਿੱਚ ਕੀਤਾ ਗਿਆ ਦਖਲ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸੇ ਵਿੱਚ ਲਏ ਬਿਨਾਂ ਜੋ ਕਾਨੂੰਨ ਪਾਸ ਕੀਤਾ ਹੈ, ਉਹ ਸਿੱਖੀ ਪ੍ਰਚਾਰ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਨ ਦੀ ਸਾਜ਼ਿਸ਼ ਜਾਪਦਾ ਹੈ। ਸਿੰਘ ਸਾਹਿਬ ਜੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਅਤੇ ਸਤਿਕਾਰ ਦਾ ਮਾਮਲਾ ਪੰਥ ਦਾ ਅੰਦਰੂਨੀ ਮਾਮਲਾ ਹੈ। ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨ ਬਣਾਏ, ਪਰ ਗੁਰੂ ਸਾਹਿਬ ਦੇ ਸਰੂਪਾਂ ਦੀ ਸੇਵਾ-ਸੰਭਾਲ ਅਤੇ ਪ੍ਰਚਾਰ ਵਿੱਚ ਸਰਕਾਰੀ ਦਖਲਅੰਦਾਜ਼ੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਕਸਟੋਡੀਅਨ ਮੱਦ ਦੀ ਆੜ ਵਿੱਚ ਘਰਾਂ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਜਾਂ ਸ੍ਰੀ ਸਹਿਜ ਪਾਠ ਸਾਹਿਬ ਦੀ ਜ਼ਿੰਮੇਵਾਰੀ ਤੈਅ ਕਰਨ ਨਾਲ ਸੰਗਤ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸੇ ਸਹਿਮ ਕਾਰਨ ਸੰਗਤ ਆਪਣੇ ਘਰਾਂ ਵਿੱਚੋਂ ਪਵਿੱਤਰ ਪੋਥੀਆਂ ਅਤੇ ਗੁਟਕਾ ਸਾਹਿਬ ਗੁਰਦੁਆਰਾ ਸਾਹਿਬਾਨ ਵਿੱਚ ਜਮ?ਹਾ ਕਰਵਾ ਰਹੀ ਹੈ। ਇਹ ਰੁਝਾਨ ਸਿੱਖੀ ਦੇ ਪ੍ਰਚਾਰ ਅਤੇ ਘਰ-ਘਰ ਬਾਣੀ ਪਹੁੰਚਾਉਣ ਦੇ ਮਿਸ਼ਨ ਲਈ ਇੱਕ ਵੱਡੀ ਚੁਣੌਤੀ ਹੈ। ਇਸ ਮੌਕੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ ਨੇ ਕਿਹਾ ਕਿ ਅੱਜ ਸਰਕਾਰ ਇਸ ਕਨੂੰਨ ਰਾਹੀਂ ਸਿੱਖ ਸੰਗਤ ਨੂੰ ਗੁਰਬਾਣੀ ਨਾਲੋਂ ਤੋੜਨ ਦਾ ਯਤਨ ਕਰ ਰਹੀ ਹੈ। ਸ. ਝੱਬਰ ਨੇ ਕਿਹਾ ਕਿ ਜਿਸ ਤਰੀਕੇ ਕਦੀ ਮੁਗਲ ਸਰਕਾਰ ਅਤੇ ਅੰਗਰੇਜ਼ ਸਰਕਾਰ ਤਾਨਾਸ਼ਾਹੀ ਕਰਦੀ ਰਹੀ ਹੈ ਉਸੇ ਤਰ੍ਹਾਂ ਹੀ ਇਹ ਸਰਕਾਰ ਸਿੱਖ ਪੰਥ ਨਾਲ ਧੱਕਾ ਕਰ ਰਹੀ ਹੈ। ਜੇਕਰ ਅੱਜ ਅਸੀਂ ਇਸ ਵਿਰੁੱਧ ਕਮਰਕੱਸਾ ਕਰਕੇ ਨਾ ਤੁਰੇ ਤਾਂ ਆਉਣ ਵਾਲੀਆਂ ਪੀੜੀ?ਆਂ ਸਾਨੂੰ ਕੋਸਣਗੀਆਂ।ਇਸ ਮੌਕੇ ਗ੍ਰੰਥੀ ਸਭਾ ਦੇ ਪ੍ਰਧਾਨ ਸ. ਜਗਮੇਲ ਸਿੰਘ ਛਾਜਲਾ ਨੇ ਬੋਲਦਿਆਂ ਕਿਹਾ ਕਿ ਨਵੇਂ ਕਾਨੂੰਨ ਦੇ ਡਰੋਂ ਉਨ੍ਹਾਂ ਕੋਲ ਲਗਾਤਾਰ ਸਿੱਖ ਸੰਗਤ ਵੱਡੀ ਗਿਣਤੀ 'ਚ ਗੁੱਟਕੇ ਜਮ?ਹਾਂ ਕਰਵਾ ਰਹੀ ਹੈ।